ਮਨ ਬੀਤੀ

ਹਰਦਿਤ ਸਿੰਘ ਸੁਤੰਤਰ

ਪੰਜ ਦਰਿਆ
ਨਿਸਬਤ ਰੋਡ, ਲਾਹੌਰ

Brought to you by Archive of Punjab

ਮੁਲ ੧॥

ਪਹਿਲੀ ਵਾਰ ੧੯੪੬

157
ਦੂ ੫੦ ਸ
31508
ਸੂ
100
334

ਪ੍ਰਿੰਟਰ : ਰਾਮਸਰਨ ਦਾਸ, ਮਦਨਮੋਹਨ ਪ੍ਰਿੰਟਿੰਗ ਪਰੈਸ, ਗਨਪਤ ਰੋਡ, ਲਾਹੌਰ
ਪਬਲਿਸ਼ਰ : ਪ੍ਰੋ: ਮੋਹਨ ਸਿੰਘ, ਪੰਜ ਦਰਿਆ, ਨਿਸਬਤ ਰੋਡ, ਲਾਹੌਰ

Brought to you by Archive of Punjab

ਉਸ ਸਵਰਗੀ ਘੜੀ ਨੂੰ ਜਿਸ ਦੀ ਆਸ ਵਿਚ
ਚਾਲ੍ਹੀ ਕਰੋੜ ਆਤਮਾਵਾਂ ਜੀ ਰਹੀਆਂ ਹਨ !

—ਸੁਤੰਤਰ

ਤਤਕਰਾ

ਮੁਖ-ਸ਼ਬਦ–੪

ਮਨੋ-ਵਿਗਿਆਨ ਦਾ ਇਤਿਹਾਸ- ੯

ਮਨ ਤੇ ਦਿਮਾਗ਼–੨੧

ਮਨ ਤੇ ਸਰੀਰ–੩੦

ਬਿਰਤੀਆਂ (Instincts)–੩੭

ਮਨ ਦੀ ਬਣਤਰ–੪੮

ਮਨੋ-ਭਾਵ (Emotion)–੫੯

ਭਾਵਨਾ, ਝੁਕਾ ਤੇ ਸ੍ਵੈ-ਗਿਲਾਨੀ–੬੫

ਮਾਨਸਿਕ ਪੜਚੋਲ–੭੬

ਸੁਪਨ ਪੜਚੋਲ–੮੮

ਮਨੋ-ਵਿਗਿਆਨ ਦਾ ਆਦਰਸ਼–੯੮

ਮੁਖ-ਸ਼ਬਦ

ਮਨੋ-ਵਿਗਿਆਨ ਜਾਂ ਮਾਨਸਿਕ ਸਾਇੰਸ, ਪੰਜਾਬੀ ਸਾਹਿਤ ਵਿਚ ਅਤਿ ਨਵੀਨ ਵਿਸ਼ਾ ਹੈ। ਹਾਲੀ ਤਕ ਪੰਜਾਬੀ ਲੇਖਕਾਂ ਨੇ ਇਸ ਪਾਸੇ ਵਲ ਮੁਹਾਰਾਂ ਨਹੀਂ ਮੋੜੀਆਂ, ਖਬਰੇ ਉਹ ਨਾਵਲ, ਨਾਟਕ ਤੇ ਕਵਿਤਾ ਦੇ ਮੁਕਾਬਲੇ ਤੇ ਇਸ ਖੁਸ਼ਕ ਵਿਸ਼ੇ ਨੂੰ ਮਹੱਤਤਾ ਨਹੀਂ ਦੇ ਸਕੇ। ਇਹੋ ਕਾਰਨ ਹੈ ਕਿ ਸਾਡੇ ਪੰਜਾਬੀ ਪਾਠਕਾਂ ਦਾ ਸਾਹਿਤਕ ਮਿਆਰ, ਦੂਜਿਆਂ ਦੇ ਟਾਕਰੇ ਤੇ ਉੱਚਾ ਨਹੀਂ ਹੋ ਸਕਿਆ, ਤੇ ਉਹ ਕਵਿਤਾ ਜਾਂ ਨਾਵਲ ਆਦਿ ਕੋਮਲ ਵਿਸ਼ਿਆਂ ਤੋਂ ਛੁਟ, ਬਾਕੀ ਮਜ਼ਮੂਨਾਂ ਨੂੰ ਬੇ-ਰਸ ਤੇ ਫਿੱਕਾ ਕਹਿਕੇ ਉਸ ਤੋਂ ਪੂਰਾ ਪੂਰਾ ਲਾਭ ਨਹੀਂ ਉਠਾਉਂਦੇ।

ਸਮਾਜ ਦੀ ਉਸਾਰੀ ਦਾ ਨਿਰਭਰ ਜਿਨ੍ਹਾਂ ਵਿਚਾਰ-ਧਾਰਾਂ ਤੇ ਹੈ, ਮਨੋ-ਵਿਗਿਆਨ ਉਨ੍ਹਾਂ ਵਿਚੋਂ ਇਕ ਅਤਿ ਜ਼ਰੂਰੀ ਵਿਸ਼ਾ ਹੈ, ਜਿਸ ਦੀ ਪਛਾਣ ਹਰ ਤਰ੍ਹਾਂ ਦੇ ਪਾਠਕਾਂ ਲਈ ਅਤਯੰਤ ਲਾਜ਼ਮੀ ਹੈ। ਇਹ ਸਾਇੰਸ ਉਨ੍ਹਾਂ ਦੇ ਮਾਨਸਿਕ ਰਹੱਸਾਂ ਤੇ ਗੁੰਝਲਾਂ ਨੂੰ, ਜਿਨ੍ਹਾਂ ਸਦਕਾ ਉਨ੍ਹਾਂ ਦਾ ਜੀਵਨ ਫਿੱਕਾ ਤੇ ਬੇ-ਸੁਆਦੀ ਬਣਿਆ ਹੋਇਆ ਹੈ, ਖੋਲ੍ਹਦੀ ਹੈ।

ਹਰ ਪਾਠਕ ਦੇ ਦਿਲ ਵਿਚ ਕਦੇ ਨ ਕਦੇ ਇਹ ਪ੍ਰਸ਼ਨ ਉਠਦਾ ਹੋਵੇਗਾ, ਕਿ "ਮੈਂ ਕੀ ਹਾਂ ? ਮੇਰਾ ਜੀਵਨ ਵਿਚ ਕੀ ਫ਼ਰਜ਼ ਹੈ ? ਇਹ ਮਨ ਜਾਂ ਆਤਮਾ ਜਿਸਤੇ ਸਾਡਾ ਇਹ ਸਾਰਾ ਪਸਾਰਿਆ ਅਡੰਬਰ ਨਿਰਭਰ ਰਖਦਾ ਹੈ, ਕੀ ਹੈ ਅਤੇ ਇਸ ਦੀ ਇਸਥਿਤਕ ਅਵਸਥਾ, ਬਨਾਵਟ ਤੇ ਅਮਲ ਕੀ ਹਨ ? ਇਸ ਦਾ ਸਾਡੇ ਦਿਮਾਗ਼ ਤੇ ਸਰੀਰ ਨਾਲ ਕੀ ਸਬੰਧ ਹੈ ? ਇਹ ਖ਼ਿਆਲ-ਚੱਕਰ ਜਿਹੜੇ ਸਦਾ ਸਾਡੇ ਮਨ ਵਿਚ ਘੁੰਮਦੇ ਰਹਿੰਦੇ ਹਨ; ਇਹ ਬਿਰਤੀਆਂ ਦੇ ਜਜ਼ਬੇ ਜਿਹੜੇ ਸਮੇਂ ਸਮੇਂ ਅਨੁਸਾਰ ਸਾਡੇ ਅੰਦਰ

ਤੂਫਾਨ ਪੈਦਾ ਕਰ ਦੇਂਦੇ ਹਨ ਤੇ ਅਸੀਂ ਇਨ੍ਹਾਂ ਦੀ ਅਗਵਾਈ ਵਿਚ ਹਰ ਜਾਇਜ਼ ਤੇ ਨਾਜਾਇਜ਼ ਕਾਰਜ ਵਲ ਪਰੇਰੇ ਜਾਂਦੇ ਹਾਂ, ਕਿਉਂ ਅਤੇ ਕਿਵੇਂ ਅਥੱਕ, ਆਪਣੇ ਕਾਰਜ ਵਿਚ ਜੁਟੇ ਰਹਿੰਦੇ ਹਨ; ਇਨ੍ਹਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ।" ਉਕਤ ਸਾਰੇ ਪ੍ਰਸ਼ਨਾਂ ਦਾ ਉਤਰ ਲਭਣ ਲਈ ਮਨੁੱਖ ਸਦੀਆਂ ਤੋਂ ਉਤਾਵਲਾ ਹੈ। ਕਦੇ ਧਰਮ ਤੇ ਕਦੇ ਫਿਲੱਸਫੇ ਵਲ ਵੇਖਦਾ ਹੈ, ਪਰ ਇਨ੍ਹਾਂ ਦਾ ਯੁਕਤੀ ਪੂਰਵਕ ਉਤਰ ਓਹਨੂੰ ਨਹੀਂ ਮਿਲ ਸਕਿਆ।

ਮਨੋ-ਵਿਗਿਆਨ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਬਾ-ਦਲੀਲ ਤੇ ਖੋਜ ਪੂਰਤ ਉਤਰ ਹੈ। ਪਿਛਲੀਆਂ ਦੋ ਸਦੀਆਂ ਤੋਂ ਇਸ ਵਿਸ਼ੇ ਨੇ ਮਨੁੱਖੀ ਮਨਾਂ ਦੀ ਅਤਿ ਨੇੜਿਉਂ ਪੜਚੋਲ ਕੀਤੀ ਹੈ, ਜਿਸ ਦਾ ਸਿੱਟਾ ਇਹ ਕਿ ਜਿਨੀ ਮਹੱਤਤਾ ਅਜ ਇਸ ਸਾਇੰਸ ਨੂੰ ਸਮਾਜ ਵਿਚ ਪ੍ਰਾਪਤ ਹੈ, ਉਹ ਹੋਰ ਕਿਸੀ ਸਾਇੰਸ ਦੇ ਭਾਗਾਂ ਵਿਚ ਨਹੀਂ। ਜੀਵਨ ਦੀ ਹਰ ਅਵਸਥਾ ਵਿਚ ਇਸ ਦੀ ਲੋੜ ਹੈ। ਘਰ ਵਿਚ, ਸਕੂਲ ਵਿਚ, ਕਾਰਜ-ਸ਼ਾਲਾਂ ਵਿਚ, ਸ਼ਹਿਰੀ ਜਾਂ ਫੌਜੀ ਜੀਵਨ ਵਿਚ, ਹਰ ਥਾਂ ਤੇ ਇਸ ਨੂੰ ਇਕੋ ਜਿਹਾ ਸਤਿਕਾਰ ਪ੍ਰਾਪਤ ਹੋ ਚੁਕਾ ਹੈ। ਸਾਡੇ ਵਿਯੱਕਤੀਗਤ ਜੀਵਨ ਵਿਚ ਵੀ ਇਹਦੀ ਏਨੀ ਹੀ ਲੋੜ ਹੈ ਜਿਨੀ ਕਿ ਸਮਾਜਕ ਜੀਵਨ ਵਿਚ। ਇਸ ਲਈ ਇਸ ਵਿਸ਼ੇ ਨੂੰ ਪੰਜਾਬੀ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਨ ਕਰਨਾ ਬੇ-ਇਨ ਸਾਫੀ ਤੇ ਉਨ੍ਹਾਂ ਦੇ ਹਕਾਂ ਨਾਲ ਧ੍ਰੋਹ ਕਰਨਾ ਹੈ।

ਪੱਛਮੀ ਵਿਦਵਾਨਾਂ ਨੇ ਇਸ ਵਿਸ਼ੇ ਤੇ ਅਣਥੱਕ ਖੋਜ ਕੀਤੀ ਹੈ ਤੇ ਅਣਗਿਣਤ ਪੁਸਤਕਾਂ ਤੇ ਲੇਖ ਹੀ ਨਹੀਂ ਲਿਖੇ, ਸਗੋਂ ਇਸ ਨੂੰ ਸਾਡੇ ਜੀਵਨ ਤੇ ਘਟਾਣ ਲਈ ਸੈਂਕੜੇ ਅਭਿਆਸ-ਸ਼ਾਲਾਂ ਖੋਲ੍ਹੀਆਂ ਹਨ, ਜਿਨ੍ਹਾਂ ਵਿਚ ਕਈ ਵਰ੍ਹਿਆਂ ਤੋਂ ਹਜ਼ਾਰਾਂ ਮਾਨਸਿਕ ਖੋਜੀ ਤਜਰਬੇ ਕਰ ਰਹੇ ਹਨ। ਹਰ ਸਕੂਲ, ਕਾਰਖਾਨੇ, ਸਿਵਲ ਜਾਂ ਫੌਜੀ ਮਹਿਕਮੇਂ ਨਾਲ ਇਹੋ ਜਹੀਆਂ ਅਭਿਆਸ-ਸ਼ਾਲਾਂ ਕਾਇਮ ਕਰ ਦਿਤੀਆਂ ਹਨ, ਜਿਨ੍ਹਾਂ ਦਾ ਕੰਮ ਸਬੰਧਤ ਅਦਾਰਿਆਂ ਵਿਚ ਪ੍ਰਵੇਸ਼ ਕਰਨ ਵਾਲਿਆਂ ਮਨੁੱਖਾਂ ਦੀ

ਸਰੀਰਕ, ਮਾਨਸਿਕ ਤੇ ਵਾਤਾ-ਵਰਨਕ ਖੋਜ ਕਰਨਾ ਹੈ, ਤੇ ਹਰ ਜੁਆਨ ਨੂੰ ਉਸ ਦੀ ਮਾਨਸਿਕ ਯੋਗਤਾ ਅਨੁਸਾਰ ਯੋਗ ਥਾਵਾਂ ਤੇ ਟਿਕਾਣਾਂ ਹੈ। ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਮਿਹਨਤੀ ਤੇ ਕਠਨ ਕੰਮਾਂ ਨੂੰ ਭੀ ਦਿਲਚਸਪ ਬਨਾਉਣ ਲਈ ਖੋਜਾਂ ਕੀਤੀਆਂ ਹਨ, ਜਿਨ੍ਹਾਂ ਦਾ ਪੱਛਮੀ ਜੀਵਨ ਵਿਚ ਚੋਖਾ ਸਤਿਕਾਰ ਹੈ। ਸਕੂਲ ਵਿਚ ਹਰ ਬੱਚੇ ਨੂੰ ਉਸ ਦੀ "ਸੂਝ ਪ੍ਰੀਖਿਆ" ਉਪ੍ਰੰਤ, ਉਸ ਦੀ ਮਾਨਸਿਕ ਸਮਰਥਾ ਅਨੁਸਾਰ ਪੜ੍ਹਾਇਆ ਜਾਂਦਾ ਹੈ। ਸਾਡੇ ਸਕੂਲਾਂ ਵਾਂਗ, ਇਕੋ ਲਾਠੀ ਨਾਲ ਸਭਨਾਂ ਨੂੰ ਹੱਕਣ ਦੀ ਮੂਰਖ ਦਲੇਰੀ ਨਹੀਂ ਕੀਤੀ ਜਾਂਦੀ।

ਡਾਕਟਰੀ ਵਿਦਿਆ ਵਿਚ ਵੀ ਇਸ ਸਾਇੰਸ ਨੇ ਚੋਖਾ ਪਰਵਰਤਨ ਪੈਦਾ ਕੀਤਾ ਹੈ। ਅਜ ਸਾਬਤ ਹੋ ਚੁਕਾ ਹੈ ਕਿ ਮਨੁੱਖਾਂ ਦੇ ਅਧੇ ਰੋਗਾਂ ਦਾ ਕਾਰਨ, ਸਰੀਰਕ ਨਹੀਂ ਸਗੋਂ ਮਾਨਸਿਕ ਵਿਗਾੜ ਹੁੰਦਾ ਹੈ, ਜਿਨ੍ਹਾਂ ਦਾ ਯਕੀਨੀ ਇਲਾਜ ਮਨੋ-ਵਿਗਿਆਨ ਦੀ ਸਹਾਇਤਾ ਨਾਲ ਹੀ ਕੀਤਾ ਜਾ ਸਕਦਾ ਹੈ।

ਇਹ ਵਿਸ਼ਾ ਪੰਜਾਬੀ ਸਮਾਜ ਤੇ ਬੋਲੀ ਲਈ ਅਤਿ ਨਵੀਨ ਹੈ। ਇਸ ਲਈ ਇਸ ਦੇ ਭਾਵਾਂ ਨੂੰ ਚਿਤਰਣ ਲਈ ਪੰਜਾਬੀ ਬੋਲੀ ਵਿਚ ਸ਼ਬਦਾਂ ਦੀ ਏਨੀ ਥੁੜ ਹੈ ਕਿ ਮੈਨੂੰ ਸਤਰ ਸਤਰ ਪਿਛੋਂ, ਦੂਜੀਆਂ ਬੋਲੀਆਂ ਵੱਲ ਝਾਕਣਾ ਪਿਆ ਹੈ। ਫਿਰ ਵੀ ਇਹ ਯਤਨ ਕੀਤਾ ਹੈ ਕਿ ਬੋਲੀ ਵਿਚੋਂ ਭਾਵ ਤੇ ਪ੍ਰਭਾਵ ਨਾ ਗੁਆਚ ਜਾਣ। ਇਸ ਪੁਸਤਕ ਦੀ ਲਿਖਣ-ਸ਼ੈਲੀ ਪਾਠਕਾਂ ਨੂੰ ਕੁਝ ਔਖੇਰੀ ਜਾਪੇਗੀ, ਪਰ ਅਜਿਹੇ ਨਵੀਨ ਤੇ ਓਪਰੇ ਵਿਸ਼ੇ ਨੂੰ ਇਸ ਤੋਂ ਸਹਿਲ ਬੋਲੀ ਵਿਚ ਪ੍ਰਗਟਾਣਾ ਜੇ ਅਸੰਭਵ ਨਹੀਂ, ਤਾਂ ਕਠਨ ਜ਼ਰੂਰ ਹੈ। ਪਰ ਇਹ ਕੋਈ ਦੋਸ਼ ਨਹੀਂ, ਕਿਉਂਕਿ ਵਿਸ਼ੇ ਦਾ ਦਿਲ ਤੋਂ ਬਹੁਤਾ ਦਿਮਾਗ਼ ਨਾਲ ਸਬੰਧ ਹੈ, ਇਸ ਤੇ ਦਿਮਾਗ਼ ਅਜਿਹੀ ਅਮੀਰ ਬੋਲੀ ਨੂੰ ਹਜ਼ਮ ਕਰ ਸਕਦਾ ਹੈ, ਫਿਰ ਪੰਜਾਬੀ ਸਾਹਿਤ ਦੇ ਸ਼ਬਦ-ਭੰਡਾਰ ਨੂੰ ਪੂਰਨ ਲਈ ਜੇ ਗੁਆਂਢੀ ਭਾਸ਼ਾਵਾਂ ਤੋਂ ਯੋਗ ਕਰਜ਼ਾ ਲੈ ਵੀ ਲਿਆ ਜਾਏ, ਤਦ ਘਟੋ ਘਟ ਮੈਂ ਤਾਂ ਇਸ ਤੇ ਸ਼ਰਮਸਾਰ ਨਹੀਂ, ਜਦ ਕਿ ਦਿਨੋ ਦਿਨ ਸਮੂਹ ਬੋਲੀਆਂ ਦੇ ਤੰਗ ਤੇ ਮਹਿਦੂਦ ਵਲੱਗਣ, ਚੌੜੇ ਹੋ

ਕੇ, ਇਕ ਦੂਜੇ ਦੀਆਂ ਹੱਦਾਂ ਛੁਹ ਰਹੇ ਹਨ।

ਮੇਰੀ ਇਸ ਵਿਸ਼ੇ ਤੇ ਇਹ ਦੂਜੀ ਪੁਸਤਕ ਹੈ। ਪਹਿਲੀ ਪੁਸਤਕ, "ਬਾਲ-ਗੁੰਝਲਾਂ" ਵਿਚ ਬੱਚਿਆਂ ਦੀਆਂ ਮਾਨਸਿਕ ਗੁੰਝਲਾਂ ਤੇ ਨਿਰੋਲ ਵਿਗਿਆਨਕ ਦ੍ਰਿਸ਼ਟੀ-ਕੋਨ ਤੋਂ ਵਿਚਾਰ ਕੀਤੀ ਹੈ। ਉਸ ਦੀ ਕਦਰ ਤੇ ਸਲਾਹੁਤਾ ਜੋ ਪੰਜਾਬੀ ਵਿਦਵਾਨਾਂ ਤੇ ਪਾਠਕਾਂ ਨੇ ਕੀਤੀ ਹੈ, ਉਸ ਦਾ ਸਿੱਟਾ ਇਹ ਮੇਰਾ ਦੂਜਾ ਯਤਨ ਹੈ। ਇਹ ਪੁਸਤਕ ਜਦ ਤਕ ਪ੍ਰਕਾਸ਼ਤ ਹੋ ਕੇ, ਆਪ ਦੇ ਹੱਥਾਂ ਵਿਚ ਪੁਜਦੀ ਹੈ ਇਸੇ ਵਿਸ਼ੇ ਤੇ, ਮੇਰੀ ਤੀਜੀ ਪੁਸਤਕ ਤਿਆਰ ਹੋ ਚੁਕੀ ਹੋਵੇਗੀ।

ਅੰਤ ਵਿਚ ਮੈਂ ਪਿਆਰੇ ਵੀਰ, ਸ: ਮੋਹਨ ਸਿੰਘ ਜੀ ਐਮ. ਏ., ਐਡੀਟਰ ਪੰਜ ਦਰਿਆ ਦਾ ਧੰਨਵਾਦ ਕਰਨਾ ਆਪਣਾ ਪਰਮ ਧਰਮ ਸਮਝਦਾ ਹਾਂ, ਜਿਨ੍ਹਾਂ ਨੇ ਆਪਣੇ ਰੁਝੇਵਿਆਂ ਦੇ ਬਾਵਜੂਦ ਵੀ, ਇਸ ਨੂੰ ਸੋਧਕੇ ਤੇ ਇਹਨੂੰ ਪ੍ਰਕਾਸ਼ਤ ਕਰਕੇ ਮੈਨੂੰ ਤਨੋ ਮਨੋ ਰਿਣੀ ਬਣਾਇਆ ਹੈ।

ਅਸਗਰਮਾਲ, ਰਾਵਲਪਿੰਡੀ
੧੬ ਜੁਲਾਈ ੧੪੯੫

ਸੁਤੰਤਰ

ਮਨੋ-ਵਿਗਿਆਨ ਤੇ ਇਸਦਾ ਇਤਿਹਾਸ

ਇਸ ਪੁਸਤਕ ਨੂੰ ਨਿਰੋਲ ਇਸੇ ਪ੍ਰਸ਼ਨ ਤੋਂ ਨਹੀਂ ਆਰੰਭਦੇ ਕਿ ਮਨੋ ਵਿਗਿਆਨ ਕੀ ਹੈ ? ਸਗੋਂ ਇਸ ਤੋਂ ਵੀ ਜ਼ਰੂਰੀ ਪ੍ਰਸ਼ਨ, ਇਸ ਦੇ ਇਤਿਹਾਸ ਤੇ ਚਾਨਣਾ ਪਾਣਾ ਚਾਹੁੰਦੇ ਹਾਂ। ਇਸ ਦੇ ਦੋ ਕਾਰਨ ਹਨ।

੧. ਜਦੋਂ ਅਸੀਂ ਇਸ ਵਿਸ਼ਾਲ ਤੇ ਡੂੰਘੀ ਗਿਆਨ-ਧਾਰਾ ਨੂੰ ਸੁਰਾਹੇ ਪਾਣ ਵਾਲੇ ਖੋਜੀਆਂ, ਤੇ ਉਨ੍ਹਾਂ ਦੇ ਮਹਾਨ ਕਾਰਜਾਂ ਨੂੰ ਵਿਚਾਰਦੇ ਹਾਂ, ਤਦ ਉਕਤ ਪ੍ਰਸ਼ਨ ਨੂੰ ਵਧੇਰੇ ਸਿਆਣਪ ਨਾਲ ਚਿਤਰਣ ਦੀ ਸੰਭਾਵਨਾਂ ਪੈਦਾ ਹੋ ਜਾਂਦੀ ਹੈ।

੨. ਮਨੋ ਵਿਗਿਆਨ ਸਬੰਧੀ ਹੁਣ ਤਕ ਜੰਤਾ ਦਾ ਖ਼ਿਆਲ ਹੈ ਕਿ ਇਹ ਨਵੀਂ ਤੇ ਹਾਨੀਦਾਇਕ ਗਿਆਨ ਧਾਰਾ ਹੈ, ਅਤੇ ਕਿਸੇ ਵੀ ਸਿਆਣੇ ਤੇ ਅਭਿਆਸੀ ਮਨੁਖ ਲਈ ਗ੍ਰਹਿਣ ਕਰਨ ਯੋਗ ਨਹੀਂ।

ਅਸੀਂ ਜਾਣਦੇ ਹਾਂ, ਕਿ ਅੰਤਲਾ ਕਾਰਨ ਉਸ ਜੰਤਕ ਪੱਖਪਾਤ ਸਦਕਾ ਹੈ, ਜੋ ਹਰ ਨਵੇਂ ਵਿਸ਼ੇ ਸਬੰਧੀ ਉਗਮ ਪੈਂਦਾ ਹੈ। ਜਦੋਂ ਲਿਸਟਰ ਨੇ ਸਭ ਤੋਂ ਪਹਿਲਾਂ ਆਪਣਾ ਐਂਟੀਸੈਪਟਿਕ ਢੰਗ ਵਰਤੋਂ ਵਿਚ ਲਿਆਣਾ ਚਾਹਿਆ, ਤਦ ਉਸ ਦੀ ਆਪਣੇ ਕਿੱਤੇ ਦੇ ਮੈਂਬਰਾਂ ਵਲੋਂ ਵੀ ਵਿਰੋਧਤਾ ਹੋਈ, ਭਾਵੇਂ ਉਸ ਦਾ ਅਸੂਲ ਅਜ ਨਵੀਨ ਡਾਕਟਰੀ ਵਿਦਿਆ ਦੀ ਜਾਨ ਹੈ। ਇਸੇ ਤਰ੍ਹਾਂ ਮਨੋ ਵਿਗਿਆਨ ਵੀ ਕੋਈ ਨਵਾਂ ਵਿਸ਼ਾ ਨਹੀਂ, ਜੋ ਸਾਇੰਸ-ਦਾਨਾਂ ਵਲੋਂ ਨਿਰੋਲ ਅਸ਼ਾਂਤੀ ਖਿਲਾਰਨ ਲਈ ਕਢਿਆ ਗਿਆ ਹੋਵੇ, ਸਗੋਂ ਇਹ ਹਜ਼ਰਤ ਯਸੂਹ ਦੇ ਸਮੇਂ ਤੋਂ ਵੀ ਪਹਿਲਾਂ ਦਾ ਫਿਲੌਸਫੀ ਦਾ ਇਕ ਅੰਗ ਹੈ, ਜਿਸ ਦਾ ਪਹਿਲਾ ਵਿਦਿਆਰਥੀ ਪੁਰਾਤਨ ਯੂਨਾਨ ਦਾ ਚਿੰਤਕ ਅਰਸਤੂ (Aristotle) ਸੀ। ਭਾਵੇਂ ਇਸ ਵਿਸ਼ੇ ਤੇ ਲਿਖਤੀ-ਸੈਣਤਾਂ,ਇਸ

ਤੋਂ ਪਹਿਲੇ ਸਮੇਂ ਦੀਆਂ ਵੀ ਮਿਲਦੀਆਂ ਹਨ, ਪਰ ਅਰਸਤੂ, ਪਹਿਲਾ ਚਿੰਤਕ ਸੀ, ਜਿਸ ਨੇ ਇਸ ਨੂੰ ਪੂਰਨ ਨਿਯਮਕ ਢੰਗਾਂ ਅਨੁਸਾਰ ਸੋਚਣ ਦਾ ਯਤਨ ਕੀਤਾ। ਇਸ ਦੇ ਨਿਸਚਤ ਖ਼ਿਆਲਾਂ ਦਾ ਪ੍ਰਭਾਵ ਅਜ ਤਕ ਵੀ ਨਹੀਂ ਮਿਟਾਇਆ ਜਾ ਸਕਿਆ।

ਅਰਸਤੂ ਨੇ ਬਹੁਤੀ ਅਨੁਭੁਤ (Sensation) ਸਬੰਧੀ ਖੋਜ ਕੀਤੀ, ਭਾਵ ਅਸੀਂ ਕਿਵੇਂ ਮਹਿਸੂਸਦੇ, ਸੁਣਦੇ, ਚਖਦੇ ਜਾਂ ਵੇਖਦੇ ਹਾਂ; ਇਸਦੇ ਨਾਲ ਹੀ ਉਸ ਨੇ ਕਲਪਨਾ, ਵਿਚਾਰ, ਯਾਦ ਅਤੇ ਦਲੀਲ ਆਦਿ ਦੇ ਨੁਕਤੇ ਵੀ ਫੋਲੇ। ਉਹ ਇਹਸਾਬੀ ਸਿਸਟਮ ਸਬੰਧੀ, ਜੋ ਅਜ ਦੀ ਸਾਇੰਸ ਦਾ ਮੂਲ ਵਿਸ਼ਾ ਹੈ, ਕੁਝ ਨਹੀਂ ਸੀ ਜਾਣਦਾ। ਉਸ ਦੇ ਜੀਵਨ ਸਬੰਧੀ ਖ਼ਿਆਲ ਵੀ ਸਮਕਾਲੀ ਖ਼ਿਆਲਾਂ ਤੋਂ ਵਖਰੇ ਨਹੀਂ ਸਨ। ਸਗੋਂ ਉਹ ਵੀ ਮੰਨਦਾ ਸੀ ਕਿ ਜੀਵਨ ਦਾ ਨਿਰਭਰ ਹਵਾ ਤੇ ਹੈ, ਜੋ ਸਾਡੀਆਂ ਲਹੂ ਨਾੜਾਂ ਤੇ ਫੇਫੜਿਆਂ ਵਿਚ ਰਹਿੰਦੀ ਹੈ, ਇਸ ਦੇ ਸਵਾਸਾਂ ਸਦਕਾ ਹੀ ਅਸੀਂ ਜੀ ਸਕਦੇ ਹਾਂ।

ਇਸ ਤੋਂ ਪਿਛੋਂ ਦੇ ਚਿੰਤਕਾਂ (Stoic philosophers) ਨੇ ਅਰਸਤੂ ਤੋਂ ਵੀ ਕੁਝ ਅਗਾਂਹ ਕਦਮ ਰਖੇ। ਉਹਨਾਂ ਦਸਿਆ ਕਿ ਵਿਚਾਰ ਦੀ ਯੋਗਤਾ ਹਰ ਜਾਨਦਾਰ ਵਿਚ ਘਟ ਵਧ ਹੈ, ਪਸ਼ੂਆਂ ਵਿਚ ਅਮੁੜਵੀ (Unreflective) ਸਿਆਣਪ ਹੁੰਦੀ ਹੈ, ਜੋ ਹਰ ਪਸ਼ੂ ਦਾ ਜਮਾਂਦਰੂ ਗੁਣ ਹੈ। ਪ੍ਰੰਤੂ ਮਨੁੱਖ ਹੀ ਇਕ ਅਜਿਹਾ ਜੀਵ ਹੈ, ਜੋ ਚੰਗੇ ਮੰਦੇ ਸਬੰਧੀ ਵਿਚਾਰ ਸਕਦਾ ਹੈ।

ਸੇਂਟਪਾਲ ਅਤੇ ਉਸ ਦੇ ਪੈਰੋਆਂ ਨੇ ਪਹਿਲਾਂ ਪਹਿਲਾਂ ਸਰੀਰ ਨੂੰ ਆਤਮਾ ਤੋਂ ਅੱਡ ਦਸਿਆ, ਪ੍ਰੰਤੂ ਤੀਜੀ ਸਦੀ ਵਿਚ ਹੋਏ ਚਿੰਤਕ ਪਲੋਟੀਨਸ (Plotinus) ਨੇ ਇਸ ਪਾਸੇ ਚੋਖਾ ਧਿਆਨ ਦਿਤਾ, ਤੇ ਆਤਮਾ ਦੇ ਅਮਲਾਂ ਨੂੰ ਜੋ ਸ੍ਰੀਰਕ ਪੱਧਰ ਤੋਂ ਬਿਲਕੁਲ ਵਖਰੇ ਭਾਸਦੇ ਸਨ, ਵਿਚਾਰਿਆ। ਜਿਹੜਾ ਢੰਗ ਇਸ ਨੇ ਇਸ ਭਾਵ ਲਈ ਪ੍ਰਚਲਤ ਕੀਤਾ, ਉਹਨੂੰ ਵਰਤਮਾਨ ਸਾਇੰਸ ਵੇਤਾ ਅੰਤਰ ਦਰਸ਼ਨੀ (Introspective) ਕਹਿੰਦੇ ਹਨ, ਭਾਵ ਆਪਣੇ ਅੰਦਰਲੇ ਮਨ ਨੂੰ ਅੰਤਰ ਧਿਆਨ ਹੋ ਕੇ ਪੜਚੋਲਣਾ, ਜੁ ਕਿਵੇਂ ਅਸੀਂ ਸੋਚਦੇ ਜਾਂ ਅਨੁ-ਭਵ ਕਰਦੇ ਹਾਂ। ਆਗਸਟੀਨ (Augustine) ਨੇ ਸੰਨ ੫੩੦ ਤੋਂ ਪਹਿਲਾਂ

ਹੀ ਇਸ ਢੰਗ ਨੂੰ ਨਿਯਮ-ਬੱਧ ਕਰਕੇ, ਮਨੋ ਵਿਗਿਆਨ ਦਾ ਇਕ ਵਿਸ਼ੇਸ਼ ਭਾਗ ਬਣਾ ਦਿਤਾ।

ਅਰਸਤੂ ਤੋਂ ਲੈ ਕੇ ਆਗਸਟੀਨ ਤਕ, ਸਭੇ ਪੁਰਾਤਨ ਫਿਲਾਸਫਰਾਂ ਦਾ ਇਹੋ ਯਤਨ ਰਿਹਾ, ਕਿ ਮਾਨਸਿਕ ਅਮਲਾਂ ਨੂੰ ਸਰੀਰਕ ਅਮਲਾਂ ਤੋਂ ਅੱਡਰਾ ਦਸਕੇ, ਇਨ੍ਹਾਂ ਨੂੰ ਵਖ ਵਖ ਵਸਤੂ ਸਿੱਧ ਕੀਤਾ ਜਾਏ। ਭਾਵੇਂ ਇਹ ਬਹੁਤੀ ਹੱਦ ਤਕ ਠੀਕ ਨਹੀਂ ਸੀ, ਕਿਉਂ ਜੋ ਮਨ ਤੇ ਸਰੀਰ ਦਾ ਆਪੋ ਵਿਚ ਅਨਿੱਖੜਵਾਂ ਸੰਬੰਧ ਹੈ। ਇਸ ਸਬੰਧੀ ਅਗਲੇ ਕਾਂਡਾਂ ਵਿਚ ਵਰਤਮਾਨ ਖ਼ਿਆਲ ਦਸੇ ਹਨ।

ਪੰਜਵੀ ਸਦੀ ਤੋਂ ਬਾਰ੍ਹਵੀਂ ਸਦੀ ਤਕ, ਮਨੋ ਵਿਗਿਆਨ ਬਹੁਤਾ ਉੱਨਤੀ ਨਹੀਂ ਕਰ ਸਕਿਆ। ਬਾਰ੍ਹਵੀਂ ਸਦੀ ਤੋਂ ਪਿਛੋਂ ਫਿਲਾਸਫਰ ਨਿਰੋਲ ਦੋ ਨੁਕਤਿਆਂ ਤੇ ਆਪਣੀ ਵਿਚਾਰ ਨੂੰ ਰਖਦੇ ਰਹੇ।

੧. ਇਹਸਾਥੀ ਦਸਤੂਰ (nervous system) ਅਤੇ ਸਰੀਰਕ ਢਾਂਚੇ ਵਲ ਬਹੁਤਾ ਝੁਕਾ ਰਿਹਾ।

੨. ਮਨੁੱਖੀ ਆਚਰਨ, ਤੇ ਜੀਵਨ ਤੇ ਵਿਚਾਰ।

ਅਸੀਂ ਵੇਖਦੇ ਹਾਂ, ਜੋ ਚੋਖੇ ਸਮੇਂ ਤਕ, ਚਿੰਤਕ ਉਕਤ ਦੋਹਾਂ ਗੱਲਾਂ ਨੂੰ ਵਿਚਾਰ ਯੋਗ ਸਮਝਦੇ ਰਹੇ,ਪ੍ਰੰਤੂ ਕੁਝ ਚਿਰ ਪਿਛੋਂ ਹੀ (renaissance period) ਮਨੋ ਵਿਗਿਆਨ ਵਿਚ ਇਕ ਜੀਵਨ-ਹਰਕਤ ਪੈਦਾ ਹੋਈ ਤੇ ਇਸ ਸਮੇਂ ਦੇ ਸਿਆਣਿਆਂ ਨੇ ਦਸਿਆ ਕਿ–

"ਮਨੁੱਖੀ ਵਿਚਾਰ ਨੂੰ ਮਜ਼੍ਹਬ ਦੀ ਅਣਹੋਂਦ ਵਿਚ ਵੀ ਪੜਚੋਲਿਆ ਜਾ ਸਕਦਾ ਹੈ, ਕਿਉਂਕਿ ਉਸ ਦੇ ਅਮਲ ਅਤੇ ਹੋਰ ਰਹੁ ਰੀਤ, ਉਸਦੇ ਅੰਦਰਲੇ ਮਨੋ ਭਾਵਾਂ ਅਤੇ ਬਿਰਤੀਆਂ ਸਦਕਾ ਹਨ ਨਾ ਕਿ ਕਿਸੇ ਰੱਬ ਸਦੱਕਾ, ਜਿਸ ਦੇ ਹੁਕਮ ਵਿਚ ਉਹ ਬੱਧਾ ਹੋਵੇ।"

ਮਨੁੱਖੀ ਵਿਚਾਰਾਂ ਅਤੇ ਇਸ ਦੀ ਹੋਰ ਰਹੁਰੀਤ ਨੂੰ ਇਸ ਢੰਗ ਨਾਲ ਪੜਚੋਲਣ ਦੀ ਵਿਰੋਧਤਾ ਫ੍ਰਾਂਸੀਸੀ ਚਿੰਤਕ ਦੇਕਾਰਤ (Descartes) ਨੇ ਕੀਤੀ ਜੋ ਸਰੀਰਕ ਵਿਸ਼ੇਸ਼ਤਾ ਨੂੰ ਮੰਨਦਾ ਹੋਇਆ ਵੀ ਇਸ ਖ਼ਿਆਲ ਤੇ ਪ੍ਰਪੱਕ ਸੀ, ਕਿ

ਮਨੁੱਖੀ ਵਿਚਾਰ ਦਾ ਸੋਮਾ ਦਿਮਾਗ਼ ਤੋਂ ਬਾਹਰ, "ਕਿਸੇ ਰੱਬ" ਵਿਚ ਹੈ।

ਪਹਿਲਾ ਚਿੰਤਕ ਜਿਸ ਨੇ ਇਸ ਦੀ ਵਿਰੋਧਤਾ ਕੀਤੀ, "ਜਾਨ ਲਾਕ" ਸੀ। ਉਸ ਨੇ ਆਪਣੀ ਪੁਸਤਕ (Human Understanding 1690) ਵਿਚ ਪਹਿਲੀ ਵੇਰ ਇਹ ਦਸਣ ਦਾ ਉਪਰਾਲਾ ਕੀਤਾ, ਕਿ ਸਾਡੇ ਸਾਰੇ ਗਿਆਨ ਦਾ ਸੋਮਾਂ, ਸਾਡਾ ਤਜਰਬਾ ਅਤੇ ਆਲੇ ਦੁਆਲੇ ਦੇ ਮੁੜਵੇਂ ਪ੍ਰਭਾਵ ਹਨ ਅਤੇ ਸਾਡੇ ਤਜਰਬੇ ਵੀ ਸਰੀਰਕ ਉਤੇਜਨਾ (Physical sensation) ਦਾ ਸੰਗ੍ਰਹਿਕ ਰੂਪ ਹਨ। ਭਾਵ ਲਾਕ ਦੇ ਖ਼ਿਆਲ ਅਨੁਸਾਰ ਸਾਡੇ ਖ਼ਿਆਲ, ਕਲਪਨਾ, ਜਜ਼ਬੇ ਭਾਵ ਜਾਂ ਮਨੋਭਾਵ ਆਦਿ ਸਭ ਸਾਡੇ ਤਜਰਬਿਆਂ ਤੋਂ ਬਣਦੇ ਹਨ, ਅਤੇ ਇਨ੍ਹਾਂ ਦੀ ਬਣਤਰ ਵਿਚ ਸਾਡੇ ਸਰੀਰ ਤੇ ਆਲੇ ਦੁਆਲੇ ਦਾ ਹੀ ਹਥ ਹੈ। ਜਾਨ ਲਾਕ ਦਾ ਖ਼ਿਆਲ ਦੇਕਾਰਤ ਤੋਂ ਕਿਨਾ ਅਡ ਤੇ ਅਭਾਵਕ ਸੀ।

ਜਦੋਂ ਅਸੀਂ ਮਨ ਨੂੰ ਖ਼ਿਆਲਾਂ ਦੇ ਦ੍ਰਿਸ਼ਟੀ ਕੋਣ ਤੋਂ ਤਕਦੇ ਹਾਂ, ਤਦ ਸਾਨੂੰ ਜਰਮਨ ਫਿਲਾਸਫਰ ਹਰਬਰਟ (1776-1891) ਦਾ ਨਾਮ ਲੈਣਾ ਜ਼ਰੂਰੀ ਹੋ ਜਾਂਦਾ ਹੈ। ਵਿਦਿਅਕ ਦ੍ਰਿਸ਼ਟੀ ਕੋਣ ਤੋਂ, ਇਸ ਦਾ ਮਨੋ-ਵਿਗਿਆਨ ਵਿਚ ਕੀਤਾ ਵਾਧਾ ਵਿਸ਼ੇਸ਼ ਹੈ। ਉਹ ਮਨ ਨੂੰ ਖ਼ਿਆਲ-ਚੱਕਰਾਂ ਦਾ ਸੰਗ੍ਰਹਿ ਕਹਿੰਦਾ ਹੈ, ਜੋ ਸਦਾ ਆਪਣੇ ਪ੍ਰਗਿਟਾ ਵਿਚ ਜੁਟੇ ਰਹਿੰਦੇ ਹਨ। ਉਸ ਨੇ ਇਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ; ਸਮਾਨ (Similar) ਵਿਰੋਧੀ (Contrary) ਤੇ ਵਿਲੱਖਣ (Desperate)। ਸਮਾਨ ਖ਼ਿਆਲ ਉਹ ਹਨ, ਜੋ ਇਕੋ ਤਰ੍ਹਾਂ ਦੇ ਹੋਣ, ਜਿਵੇਂ ਸਵੇਰ ਵੇਲੇ ਕਿਸੇ ਪੰਛੀ ਦੀ ਆਵਾਜ਼ ਨੂੰ ਸੁਣਿਆ ਜਾਵੇ ਤੇ ਉਸੇ ਦੀ ਆਵਾਜ਼ ਨੂੰ ਸੰਝਾਂ ਵੇਲੇ ਸੁਣਿਆ ਜਾਵੇ, ਤਦ ਉਹ ਸਮਾਨ ਖਿਆਲ ਹੁੰਦਾ ਹੈ। ਪ੍ਰੰਤੂ ਪੰਛੀ ਦੀ ਆਵਾਜ਼ ਤੇ ਕਿਸੇ ਤੰਤਰੀ ਸਾਜ਼ ਦੀ ਖਿਰਨ ਦੋਵੇਂ ਵਿਰੋਧੀ ਖਿਆਲ ਹਨ। ਵਿਲੱਖਣ ਖ਼ਿਆਲ ਬਿਲਕੁਲ ਆਪੋ ਵਿਚ ਕੋਈ ਸਮਾਨਤਾ ਨਹੀਂ ਰਖਦੇ; ਜਿਵੇਂ ਪੰਛੀ ਦੀ ਆਵਾਜ਼ ਤੇ ਰੋਟੀ ਦਾ ਟੁਕੜਾ, ਦੋਵੇਂ ਅਤਿ ਵਿਰੋਧੀ ਜਾਂ ਵਿਲੱਖਣ ਕਹਾਂਗੇ। ਸੋ ਇਹ ਤਿੰਨਾਂ ਤਰ੍ਹਾਂ ਦੇ ਖ਼ਿਆਲ ਮਨ ਵਿਚ ਆਪਣੀ ਥਾਂ ਬਣਾਨ

ਦਾ ਯਤਨ ਕਰਦੇ ਰਹਿੰਦੇ ਹਨ। ਜੇ ਦੋਵੇਂ ਖਿਆਲ ਸਮਾਨ ਹੋਣ ਤਦ ਉਹ ਦੋ ਤੋਂ ਇਕ ਹੋ ਜਾਂਦੇ ਹਨ। ਜਿਵੇਂ ਗਾ ਰਹੇ ਗਵਈਏ ਦਾ ਗੀਤ, ਸਾਜ਼ ਦੀ ਆਵਾਜ਼ ਨਾਲ ਇਕ ਸੁਰ ਹੋ ਸਕਦਾ ਹੈ। ਪ੍ਰੰਤੂ ਜਦੋਂ ਦੋ ਵਿਲੱਖਣ ਖ਼ਿਆਲ ਇਕੋ ਵਾਰ ਉਪਜ ਪੈਣ, ਤਦ ਉਹ ਵੀ ਇਕ ਸੁਰ ਹੋਣ ਦਾ ਉਚੇਚਾ ਯਤਨ ਕਰਦੇ ਹਨ। ਜਿਵੇਂ ਅਸੀਂ ਸਿਨੇਮਾ ਵਿਚ ਤੁਰਦੀਆਂ ਫਿਰਦੀਆਂ ਤਸਵੀਰਾਂ ਵੀ ਵੇਖਦੇ ਹਾਂ ਅਤੇ ਨਾਲੋ ਨਾਲ ਹਰ ਤਰ੍ਹਾਂ ਦੀਆਂ ਆਵਾਜ਼ਾਂ ਵੀ ਸੁਣੀ ਜਾਂਦੇ ਹਾਂ, ਪ੍ਰੰਤੂ ਜਦੋਂ ਦੋ ਵਿਰੋਧੀ ਜਾਂ ਵਿਲੱਖਣ ਖ਼ਿਆਲ ਇਕ ਸੁਰਤਾ ਨਾ ਪੈਦਾ ਕਰ ਸਕਣ ਤਦ ਉਹ ਇਕ ਦੂਜੇ ਨਾਲ ਟਕਰਾਂਦੇ ਹਨ ਤੇ ਤਾਕਤਵਰ ਖਿਆਲ ਆਪਣੀ ਥਾਂ ਮਨ ਵਿਚ ਬਣਾ ਲਵੇਗਾ। ਭਾਵ ਜਾਂ ਤਾਂ ਮੈਂ ਪੰਛੀ ਦੀ ਆਵਾਜ਼ ਸੁਣਾਂਗਾ, ਜਾਂ ਕਿਸੇ ਖੜਕਦੇ ਟੀਨ ਦੇ ਭਾਂਡੇ ਦੀ ਆਵਾਜ਼, ਅਤੇ ਇਸ ਗਲ ਦਾ ਫੈਸਲਾ ਦੋਹਾਂ ਦੀ ਤਾਕਤ ਹੀ ਕਰੇਗੀ। ਇਕ ਵਾਰ ਜੇਹੜਾ ਖ਼ਿਆਲ ਮਨ ਅੰਦਰ ਪ੍ਰਵੇਸ਼ ਕਰ ਜਾਏ, ਉਹ ਓਥੇ ਆਪਣੀ ਅਮਿਟ ਥਾਂ ਬਣਾ ਲੈਂਦਾ ਹੈ।

ਹਰਬਰਟ ਦੇ ਇਨ੍ਹਾਂ ਖ਼ਿਆਲਾਂ ਨੂੰ ਹੀ ਪਿਛੋਂ ਡਾਕਟਰ ਫਰਾਇਡ ਆਦਿ ਨੇ ਵਧੇਰੇ ਸਾਫ ਕੀਤਾ। ਹਰਬਰਟ ਦੀ ਇਸ ਵਿਚਾਰ ਨੇ ਵਿਦਿਅਕ ਦ੍ਰਿਸ਼ਟੀ-ਕੋਣ ਤੋਂ ਕਾਫੀ ਲਾਭ ਦਿਤਾ ਹੈ ਤੇ ਅਜ ਦੇ ਵਿਦਿਅਕ ਮਾਹਿਰ ਇਸ ਗਲ ਤੇ ਸਹਿਮਤ ਹਨ, ਕਿ ਜਦੋਂ ਇਕ ਖ਼ਿਆਲ ਸਾਡੇ ਮਨ ਅੰਦਰ ਪ੍ਰਵੇਸ਼ ਕਰਦਾ ਹੈ, ਤਦ ਜੇ ਇਸ ਤੋਂ ਪਹਿਲ਼ਾਂ ਹੀ ਸਾਡੇ ਮਨ ਅੰਦਰ ਸਮਾਨ ਖ਼ਿਆਲਾਂ ਦਾ ਝੁੰਡ ਹੋਵੇ, ਤਦ ਇਹ ਨਵਾਂ ਖ਼ਿਆਲ ਵਧੇਰੇ ਛੇਤੀ ਸਾਡੇ ਅੰਦਰ ਰਚ ਜਾਇਗਾ। ਉਦਾਹਰਣ ਵਜੋਂ, ਤੁਸੀਂ ਇਸ ਮਨੋ-ਵਿਗਿਆਨ ਦੀ ਪੁਸਤਕ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਤੇ ਇਸਦਾ ਸੁਆਦ ਮਾਣ ਸਕਦੇ ਹੋ, ਜੇ ਤੁਸੀਂ ਪਹਿਲਾਂ ਹੀ ਇਸ ਵਿਸ਼ੇ ਤੇ ਕੁਝ ਨ ਕੁਝ ਜਾਣਦੇ ਹੋ। ਭਾਵ ਇਹ ਨਵਾਂ ਖ਼ਿਆਲ ਵੀ ਸਾਡੇ ਮਨ ਵਿਚਲੇ ਪਹਿਲੇ ਸਮਾਨ ਖ਼ਿਆਲ ਨਾਲ ਇਕ ਸੁਰ ਹੋ ਕੇ ਸਦਾ ਲਈ ਅਮਰ ਹੋ ਜਾਂਦਾ ਹੈ। ਇਸੇ ਢੰਗ ਨੂੰ

ਬਚਿਆਂ ਤੇ ਵੀ ਤਜਰਬਾਇਆ ਜਾ ਸਕਦਾ ਹੈ। ਅਤੇ ਇਸ ਲਈ ਅਧਿਆਪਕ ਨੂੰ ਬਾਲਮਨ ਅੰਦਰਲੇ ਪ੍ਰਿਥਮ ਖ਼ਿਆਲਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਹੋਰ ਨਵੇਂ ਸਮਾਨ ਖ਼ਿਆਲਾਂ ਰਾਹੀਂ ਬਾਲਮਨ ਨੂੰ ਵਧੇਰੇ ਸਜਾ ਸਕੇ। ਉਦਾਹਰਣ ਵਜੋਂ—"ਇਕ ਅਧਿਆਪਕ ਬਚਿਆਂ ਨੂੰ ਪੰਛੀਆਂ ਦੇ ਸੁਭਾਵ ਸਬੰਧੀ ਸੰਥਾ ਦੇਣੀ ਚਾਹੁੰਦਾ ਹੈ। ਉਸ ਲਈ ਇਹ ਚਾਹੀਦਾ ਹੈ ਕਿ ਪਹਿਲਾਂ ਉਹ ਉਨ੍ਹਾਂ ਪੰਛੀਆਂ ਦੇ ਸੁਭਾਵ ਸਬੰਧੀ ਵਰਨਨ ਕਰੇ, ਜੇਹੜੇ ਬਚਿਆਂ ਨੇ ਪਹਿਲੇ ਹੀ ਵੇਖੇ ਭਾਲੇ ਹੋਣ, ਤੇ ਉਨ੍ਹਾਂ ਸਬੰਧੀ ਥੋੜਾ ਬਹੁਤਾ ਪਹਿਲਾਂ ਹੀ ਜਾਣਦੇ ਹੋਣ। ਇਸ ਤਰ੍ਹਾਂ ਉਹ ਨਵੇਂ ਦਿਤੇ ਖ਼ਿਆਲ ਨੂੰ ਵਧੇਰੇ ਛੇਤੀ ਸਮਝ ਸਕਦੇ ਹਨ।

ਇਨ੍ਹਾਂ ਦਿਨਾਂ ਵਿਚ ਹੀ ਜੋਜ਼ਫ ਗਾਲ ਨੇ ਆਪਣੇ ਨਵੇਂ ਸਿਧਾਂਤ (Prenology) ਦਾ ਪ੍ਰਚਾਰ ਆਰੰਭ ਦਿਤਾ ਸੀ, ਜਿਸ ਦਾ ਸਾਰ ਅੰਸ਼ ਇਹ ਸੀ, ਕਿ ਮਨੁੱਖੀ ਖੋਪਰੀ ਦੀ ਬਣਤਰ ਤੇ ਦਿਮਾਗੀ ਬਨਾਵਟ ਤੋਂ ਹੀ ਉਸ ਦੀਆਂ ਅੰਦਰਲੀਆਂ ਮਾਨਸਿਕ ਸ਼ਕਤੀਆਂ ਨੂੰ ਮਾਪਿਆ ਜਾ ਸਕਦਾ ਹੈ। ਇਹ ਸਿਧਾਂਤ ਛੇਤੀ ਹੀ ਗਲਤ ਸਿਧ ਹੋ ਗਿਆ। ਅਸੀਂ "ਮਨ ਤੇ ਦਿਮਾਗ" ਦੇ ਸਿਰ ਲੇਖ ਹੇਠਾਂ ਇਸ ਤੇ ਵਿਚਾਰ ਕੀਤੀ ਹੈ। ਹਾਂ ਇਸ ਸਿਧਾਂਤ ਦਾ ਇਕ ਲਾਭ ਜ਼ਰੂਰ ਹੋਇਆ, ਕਿ ਸਾਇੰਸਦਾਨਾਂ ਨੇ ਮਨ ਤੇ ਦਿਮਾਗ਼ ਦੇ ਸਬੰਧਾਂ ਤੇ ਵਿਚਾਰਨਾ ਆਰੰਭ ਦਿਤਾ।

ਦਿਮਾਗ਼ ਦੀ ਬਣਤਰ ਤੇ ਅਵਸਥਾ ਦੀ ਪੜਚੋਲ ਮਨੋ ਵਿਗਿਆਨੀਆਂ ਦਾ ਅਤਿ ਸੁਆਦੀ ਵਿਸ਼ਾ ਬਣ ਗਿਆ ਤੇ ਛੇਤੀ ਹੀ ਲਭ ਲਿਆ ਗਿਆ ਕਿ ਦਿਮਾਗ਼ ਦੀਆਂ ਈ ਕਈ ਵੱਖ ਵੱਖ ਤੈਹਾਂ ਹਨ, ਜਿਨ੍ਹਾਂ ਦੇ ਵੱਖ ਵੱਖ ਅਮਲ ਹਨ। ਮਾਰਸ਼ਲ ਹਾਲ ਇਕ ਹੋਰ ਸਕਾਟ ਨੇ ਮਲੂਮ ਕੀਤਾ ਕਿ ਕਈ ਸਰੀਰਕ ਅਮਲ, ਬਿਨਾ ਦਿਮਾਗ਼ ਦੀ ਸਹਾਇਤਾ ਦੇ ਪੈਦਾ ਕੀਤੇ ਜਾ ਸਕਦੇ ਹਨ। ਉਸ ਨੇ ਕਈ ਪਸ਼ੂਆਂ ਦੇ ਸਿਰ ਕੱਟ ਕੇ ਤਜਰਬੇ ਕੀਤੇ, ਤੇ ਇਸ ਨਤੀਜੇ ਤੇ ਪੁਜਾ, ਕਿ ਕੁਝ ਕੁ ਸਰੀਰਕ ਹਰਕਤਾਂ ਦਿਮਾਗੀ ਪ੍ਰਭਾਵ ਤੋਂ ਬਾਹਰ ਹਨ।

ਇਹਸਾਬੀ ਦਸਤੂਰ(nervous system)ਦੀਆਂ ਕੀਤੀਆਂ ਪੜਚੋਲਾਂ ਨੇ ਗਿਆਨ ਇੰਦਰਿਆਂ (Five Senses) ਦੀ ਪੜਚੋਲ ਵਲ ਪ੍ਰੇਰਿਆ । ਇਸ ਪਾਸੇ ਕੰਮ ਕਰਨ ਵਾਲਿਆਂ ਵਿਚੋਂ "ਹੇਰੰਗ, ਵੈਬਰ" ਆਦਿ ਬਹੁਤੇ ਪ੍ਰਸਿਧ ਹਨ। ਪਹਿਲੇ ਨੇ ਵੇਖਣ ਸ਼ਕਤੀ ਤੇ ਤਜਰਬੇ ਕੀਤੇ; ਦੂਜੇ ਨੇ ਛੂਹਣ ਸ਼ਕਤੀ ਨੂੰ ਵਿਚਾਰਿਆ ; ਬਾਕੀ ਸ਼ਕਤੀਆਂ ਤੇ ਵੀ ਕਈ ਵਿਦਵਾਨਾਂ ਨੇ ਸਮਾਂ ਖਰਚ ਕੀਤਾ।

ਇਸ ਪੜਚੋਲ ਨੇ, ਸਾਇੰਸਦਾਨਾਂ ਦੇ ਇਸ ਵਿਸ਼ਵਾਸ਼ ਨੂੰ ਵਧੇਰੇ ਪੱਕਾ ਕਰ ਦਿਤਾ, ਕਿ ਉਹ ਸੋਚ, ਅਨਭਵਤਾ, ਤੇ ਇਛਾ (will) ਦੇ ਅਮਲਾਂ ਨੂੰ ਵੀ ਇਹਸਾਬੀ ਪੱਧਰ ਤੋਂ ਵਿਚਾਰ ਸਕਦੇ ਹਨ।

ਡਾਰਵਨ ਦੇ ਵਿਗਿਆਨਕ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਤਕ, ਮਨੋ-ਵਿਗਿਆਨੀਆਂ ਦੇ ਸਾਹਮਣੇ ਇਕੋ ਵਿਸ਼ਾ ਪੜਚੋਲ ਲਈ ਰਿਹਾ, ਕਿ ਮਨੁੱਖ ਕਿਵੇਂ "ਸੰਸਾਰ ਗਿਆਨ" ਨੂੰ ਗ੍ਰਹਿਣ ਕਰਦਾ ਹੈ, ਅਤੇ ਕਿਵੇਂ ਆਲੇ ਦੁਆਲੇ ਤੋਂ ਪ੍ਰਭਾਵਤ ਹੋ ਕੇ ਅਮਲ ਲਈ ਤਤ ਪਰ ਹੁੰਦਾ ਹੈ। ਪ੍ਰੰਤੂ ਡਾਰਵਨ ਦੇ ਵਿਕਾਸ਼ ਦੇ ਸਿਧਾਂਤ ਨੇ ਮਨੋ ਵਿਗਿਆਨੀਆਂ ਮੂਹਰੇ, ਇਕ ਨਵਾਂ ਪ੍ਰਸ਼ਨ ਰਖ ਦਿਤਾ । ਉਹ ਇਹ, ਕਿ "ਮਨੁੱਖੀ ਸ਼ਰੇਣੀ, ਹੇਠਲੀਆਂ ਜੂਨਾਂ ਚੋਂ ਵਿਕਾਸ਼ ਕਰਕੇ ਉਪਰ ਆਈ ਹੈ, ਅਤੇ ਮਨੁੱਖ ਤੇ ਨੀਵੀਆਂ ਜੂਨਾਂ ਦੇ ਸੁਭਾਵ ਆਦਿ ਵਿਚ ਕਈ ਗੱਲਾਂ ਸਮਾਨ ਹਨ ।"

ਇਨ੍ਹਾਂ ਦਿਨਾਂ ਵਿਚ ਹੀ ਹਰਬਰਟ ਸਪੈਨਸਰ ਨੇ ਆਪਣੀ ਕਿਤਾਬ Principles of Psychology ਵਿਚ ਇਕ ਬੜਾ ਅਗਾਂਹ-ਵਧੂ ਸਿਧਾਂਤ ਦਿਤਾ; ਉਸ ਨੇ ਦਸਿਆ, "ਮਨੁੱਖ ਦੇ ਕਈ ਸੁਭਾਵ ਵਿਰਾਸੀ (inherited) ਹੁੰਦੇ ਹਨ, ਭਾਵ ਮਾਪਿਆਂ ਤੋਂ ਬਚਿਆਂ ਨੂੰ ਵਿਰਾਸਤ ਵਿਚ ਮਿਲਦੇ ਹਨ। ਭਾਵੇਂ ਬਹੁਤ ਸਾਇੰਸਦਾਨ ਇਸ ਨਾਲ ਪੂਰਨ ਤੋਰ ਤੇ ਸਹਿਮਤ ਨਾ ਹੋ ਸਕੇ, ਪਰ ਫਿਰ ਭੀ ਇਹ ਸਿਧਾਂਤ ਕੁਝ ਨ ਕੁਝ ਸਚਾਈ ਜ਼ਰੂਰ ਰਖਦਾ ਹੈ । ਮੁਦੱਾ ਕੀ, ਡਾਰਵਨ ਤੇ ਸਪੈਨਸਰ ਨੇ ਮਨੋ

ਵਿਗਿਆਨੀਆਂ ਨੂੰ ਪ੍ਰੇਰਿਆ, ਕਿ ਉਹ ਨਿਰੋਲ ਮਨੁੱਖੀ ਮਨ ਨੂੰ, ਵਾਤਾ ਵਰਨਕ ਪ੍ਰਭਾਵਾਂ ਨੂੰ ਮੁਖ ਰਖ ਕੇ ਹੀ ਨ ਪੜਚੋਲਣ, ਸਗੋਂ ਵਿਰਾਸੀ ਪਿਛੇਤਰ ਦਾ ਵੀ ਧਿਆਨ ਰੱਖਣ।

ਡਾਰਵਨ ਦੇ ਇਸ ਸਿਧਾਂਤ ਸਦਕਾ, ਖੋਜੀਆਂ ਦੀ ਪਸੂ ਮਨੋ ਵਿਗਿਆਨ ਵਲ ਵੀ ਦਿਲਚਸਪੀ ਵਧ ਗਈ। ਇਸ ਦੌੜ ਵਿਚ ਸਭ ਤੋਂ ਪਹਿਲਾਂ ਉਤਰਣ ਵਾਲਾ ਫੇਬਰ ਸੀ ਜਿਸ ਨੇ ਕੀੜਿਆਂ ਦੇ ਸੁਭਾਵ ਨੂੰ ਪੜਚੋਲਿਆ। ਰੋਮੇਨਜ਼ ਨੇ ਪਸੂ ਸੁਭਾਵ ਪੜਚੋਲਣ ਲਗਿਆਂ ਇਹ ਗ਼ਲਤੀ ਕੀਤੀ, ਕਿ ਮਨੁੱਖੀ ਤੇ ਪਸੂ ਸੁਭਾਵ ਦੀ ਇਕੋ ਪੱਧਰ ਸਮਝੀ; ਪ੍ਰੰਤੂ ਲਾਇਡ ਮਾਰਗਨ ਨੇ ਛੇਤੀ ਹੀ ਇਸ ਗ਼ਲਤੀ ਨੂੰ ਠੀਕ ਕਰ ਦਿਤਾ। ਇਸ ਨੇ ਆਪਣੇ ਸਿਧਾਂਤ (Law of Parsimony) ਨੂੰ ਲੋਕਾਂ ਸਾਹਮਣੇ ਰਖਿਆ, ਜਿਸ ਦਾ ਭਾਵ ਇਹ ਸੀ : "ਪਸੂ ਸੁਭਾਵ ਨੂੰ ਅਤਿ ਸਾਦਾ ਢੰਗ ਨਾਲ ਨਿਰੂਪਣ ਕਰਨਾ ਚਾਹੀਦਾ ਹੈ।" ਉਦਾਹਰਣ ਵਜੋਂ ਇਕ ਆਜੜੀ ਦਾ ਕੁੱਤਾ ਹਰ ਰੋਜ਼ ਉਸ ਨਾਲ ਮੰਦਰ ਜਾਂਦਾ ਹੈ। ਰੋਮੇਨਜ਼ ਦੇ ਸਿਧਾਂਤ ਅਨੁਸਾਰ ਇਹ ਕਹਿਣਾ ਪਵੇਗਾ, ਕਿ ਉਹ ਇਸ ਲਈ ਮੰਦਰ ਜਾਂਦਾ ਹੈ, ਕਿਉਂਕਿ ਉਹ ਵੀ ਮਾਲਕ ਵਾਂਗ ਪੱਕਾ ਧਰਮੀ ਹੈ। ਪਰ Law of Parsimony ਅਨੁਸਾਰ ਕਹਾਂਗੇ, ਕਿ ਕੁੱਤਾ ਇਸ ਲਈ ਮੰਦਰ ਜਾਂਦਾ ਹੈ, ਕਿ ਉਹ ਆਪਣੇ ਮਾਲਕ ਨਾਲ ਹੀ ਸਦਾ ਰਹਿਣਾ ਚਾਹੁੰਦਾ ਹੈ। ਇਨ੍ਹਾਂ ਤੋਂ ਛੁਟ ਕੋਲਰ (ਜਰਮਨੀ) ਅਤੇ ਥਾਰਨਡਿਕ (ਅਮ੍ਰੀਕਾ) ਨੇ ਵੀ ਇਸ ਪਾਸੇ ਸ਼ਲਾਘਾ ਯੋਗ ਕੰਮ ਕੀਤਾ।

ਇਸ ਤੋਂ ਵੀ ਵਧੇਰੇ ਪ੍ਰਵਿਰਤਨੀਯ ਕੰਮ ਕਰਨ ਵਾਲਾ ਡਾਰਵਨ ਤੇ ਸਪੈਨਸਰ ਮਗਰੋਂ, ਸਰ ਫਰਾਂਸਿਸ ਗਾਲਟਨ ਸੀ ਜਿਸ ਨੂੰ ਮਨੁੱਖੀ ਤਿ ਪਸੂ ਸੁਭਾਵ ਦਾ ਅਸਲੋਂ ਹੀ ਚਸਕਾ ਸੀ। ਉਸ ਦੀ ਪਹਿਲੀ ਜ਼ਰੂਰੀ ਪੁਸਤਕ ਵਿਰਾਸੀ ਬੁਧੀ (Hereditory genius) ਸੀ। ਗਾਲਟਨ ਦੇ ਸਧਾਂਤ ਅਨੁਸਾਰ ਬੁੱਧੀ ਵਿਰਾਸੀ ਹੈ, ਕਿਉਂਕਿ ਟੱਬਰਾਂ ਵਿਚ ਬਹੁਤੀ ਵਾਰ ਇਕੋ ਜਿਨੀ ਮਿਲਦੀ ਹੈ, ਭਾਵੇਂ ਇਹ ਕਿਸੇ ਹੱਦ ਤੱਕ ਠੀਕ

ਹੀ ਹੈ, ਪ੍ਰੰਤੂ ਇਸ ਨਾਲ ਹਰ ਹਾਲਤ ਵਿਚ ਵਾਤਾ-ਵਰਨ ਦਾ ਵੀ ਸਬੰਧ ਹੁੰਦਾ ਹੈ । ਇਸ ਵਿਰਾਸੀ ਦਾਤ ਦੀ ਖੋਜ ਨੇ ਗਾਲਟਨ ਨੂੰ ਮਨੁੱਖੀ ਨਸਲ ਦੇ ਵਾਧੇ ਵਲ ਪ੍ਰੇਰਿਆ । ਗਾਲਟਨ ਨੇ ਔਸਤ ਮਨੁੱਖ ਦੀ ਮਾਨਸਿਕ ਯੋਗਤਾ ਦੀ ਵੀ ਖੋਜ ਕੀਤੀ ਤੇ ਵਰਤਮਾਨ ਮਾਨਸਿਕ ਖੋਜੀਆਂ ਲਈ ਰਾਹ ਸਾਫ ਕੀਤਾ । ਅਲੈਗਜ਼ੈਂਡਰ ਬੇਨ ਪਹਿਲਾ ਚਿੰਤਕ ਸੀ ਜਿਸ ਨੇ ਮਨੋ ਵਿਗਿਆਨ ਨੂੰ ਅੱਡਰੀ ਸਾਇੰਸ ਦਾ ਦਰਜਾ ਦਿਤਾ । ਉਸ ਨੇ ਆਪਣੇ ਜੀਵਨ ਦਾ ਬਾਹਲਾ ਭਾਗ ਇਸ ਪਾਸੇ ਖਰਚ ਕੀਤਾ ਅਤੇ ਇਸ ਸਾਇੰਸ ਤੇ ਟੈਕਸਟ ਬੁਕ ਤਿਆਰ ਕੀਤੀ ਜੋ ਦੋ ਜਿਲਦਾਂ (I. Sense & Intellect)(II. The Emotion & Will) ਵਿਚ ਸਾਡੇ ਸਾਮ੍ਹਣੇ ਆਈ। ਆਪਣੇ ਸਮੇਂ (1859) ਵਿਚ ਇਹ ਅਤਿ ਲਾਭਦਾਈ ਪੁਸਤਕ ਸੀ । ਬੇਨ ਦਾ ਖ਼ਿਆਲ ਸੀ ਕਿ ਮਨ ਦੀ ਪੜਚੋਲ ਤੋਂ ਪਹਿਲਾਂ, ਸਰੀਰਕ ਗਿਆਨ ਦੀ ਪੂਰੀ ਪਛਾਣ ਜ਼ਰੂਰੀ ਹੈ । ਉਸ ਨੇ ਮਨ ਤੇ ਦਿਮਾਗ਼ ਦੇ ਅਮਲਾਂ ਨੂੰ ਸਮਾਂਤਰ (Parallel) ਮੰਨਿਆ ਹੈ । ਭਾਵ ਇਹ ਦੋਵੇਂ ਗੱਡੀ ਦੇ ਪਹੀਏ ਹਨ, ਜੋ ਇਕੋ ਵਾਰ, ਇਕੋ ਖਿੱਚ ਨਾਲ ਸਮਾਂਤਰ ਲਾਈਨ ਤੇ ਤੁਰਦੇ ਹਨ ।

ਇਸ ਪਿਛੋਂ ਸੱਲੀ (Sully) ਅਤੇ ਵਾਰਡ ਦਾ ਦਰਜਾ ਹੈ, ਸੱਲੀ ਦੀ ਪੁਸਤਕ(Out Lines of Psychology) ਕਾਫੀ ਖੋਜ ਭਰੀ ਰਚਨਾ ਹੈ । ਵਾਰਡ ਨੇ ਇਸੇ ਤੇ ਅਤਿ ਪ੍ਰਭਾਵ ਸ਼ਾਲੀ ਲੇਖ ਲਿਖੇ ।

ਪ੍ਰੰਤੂ ਇਸ ਸਮੇਂ ਦਾ ਅਤਿ ਪ੍ਰਮਾਣੀਕ ਲਿਖਾਰੀ,ਜਿਸ ਦੇ ਲੇਖ ਹਾਲੀ ਤਕ ਪੂਰਨ ਜੋਸ਼ ਨਾਲ ਪੜ੍ਹੇ ਜਾ ਸਕਦੇ ਹਨ, ਸਟਊਟ ਹੈ । ਇਸ ਦੀ ਪੁਸਤਕ (Manual of Psychology) ਦੀ ਹਰ ਸਿਆਣੇ ਮਾਨਸਿਕ ਵਿਦਿਆਰਥੀ ਦੇ ਮੇਜ਼ ਤੇ ਥਾਂ ਹੈ ।

ਵਿਲੀਅਮ ਜੇਮਜ਼ ਅਮ੍ਰੀਕਾ ਦਾ ਇਕ ਹੋਰ ਮਾਨਸਿਕ ਖੋਜੀ ਹੈ, ਜਿਸ ਨੇ ਪਹਿਲਾਂ ਜੀਵ ਵਿਗਿਆਨੀ ਦੇ ਤੌਰ ਤੇ ਜੀਵਨ ਆਰੰਭਿਆ ਪ੍ਰੰਤੂ ਛੇਤੀ ਹੀ ਇਸ ਦੇ ਮੁਤਾਲਿਆ ਨੇ ਇਸ ਨੂੰ ਮਾਨਸਿਕ ਖੋਜੀ ਦਾ ਦਰਜਾ ਦਿਤਾ । ਇਸ ਦੀ ਪੁਸਤਕ (Principles of Psychology)

ਬੜੇ ਭਰਪੂਰ, ਸੁਆਦੀ, ਤੇ ਭਾਵ ਪੂਰਤ ਢੰਗ ਨਾਲ ਲਿਖੀ ਹੈ । ਜੇਮਜ਼ ਦੇ ਮਨੋ-ਭਾਵਾਂ ਦੀ ਖੋਜ ਨੂੰ ਇਸ ਕਾਂਡ ਵਿਚ ਸੰਖੇਪ ਕਰ ਕੇ ਮਿਟਾਣਾ ਕਠਨ ਹੈ ।

ਮਨੋ ਵਿਗਿਆਨ ਤਦ ਹੀ ਪੂਰਨ ਤੋਰ ਤੇ ਅੱਡਰੀ ਸਾਇੰਸ ਦਾ ਦਰਜਾ ਪ੍ਰਾਪਤ ਕਰ ਸਕਦਾ ਸੀ, ਜੇ ਇਸ ਦੇ ਵੱਖ ਵੱਖ ਸਿਧਾਂਤਾਂ ਨੂੰ ਤਜਰਬਾਇਆ ਜਾਂਦਾ । ਇਸ ਪਾਸੇ ਵਲ ਗਾਲਟਨ, ਵੁਨਡੈਟ, ਆਦਿ ਦਾ ਉਦਮ ਅਤਿ ਸ਼ਲਾਘਾ ਯੋਗ ਹੈ । ਵੁਨਡੈਟ ਦੀ ਲਿਪਜ਼ਿਗ ਅਭਿਆਸ-ਸ਼ਾਲਾ ਵਿਚ ਸੈਂਕੜੇ ਚਤੁਰ ਵਿਦਿਆਰਥੀ, ਹੁਣ ਤਕ ਮਿਥੇ ਜਾ ਚੁਕੇ ਮਾਨਸਿਕ ਸਿਧਾਂਤਾਂ ਨੂੰ ਤਜਰਬਾਂਦੇ ਰਹੇ ਤੇ ਮਨੁੱਖ ਦੀਆਂ ਵੱਖ ਵੱਖ ਮਾਨਸਿਕ ਸ਼ਕਤੀਆਂ ਨੂੰ ਅਮਲੀ ਤੌਰ ਤੇ ਵਿਆਖਤ ਕਰ ਰਹੇ ਹਨ । ਅਜ ਕਲ ਯੂਰਪ ਵਿਚ ਮਨੋ ਵਿਗਿਆਨ, ਬਾਕੀ ਹਰ ਤਰ੍ਹਾਂ ਦੀ ਸਾਇੰਸ ਦੇ ਟਾਕਰੇ ਤੇ ਵਧੇਰੇ ਜ਼ਰੂਰੀ ਸਮਝਿਆ ਜਾਂਦਾ ਹੈ ।

ਬਾਲ ਮਨੋ ਵਿਗਿਆਨ (Child Psychology) ਆਦਿ ਤੋਂ ਹੀ ਸਿਆਣਿਆਂ ਦਾ ਧਿਆਨ ਆਪਣੇ ਵਲ ਖਿਚਦਾ ਰਿਹਾ ਹੈ । ਪ੍ਰੰਤੂ ਪਿਛਲੀ ਇਕ ਸਦੀ ਨੇ ਇਸ ਨੂੰ ਸਾਡੇ ਜੀਵਨ ਵਿਚ ਇਕ ਅਤਿ ਵਿਸ਼ੇਸ਼ ਥਾਂ ਦੇ ਦਿਤੀ ਹੈ । ਇਸ ਕੰਮ ਵਿਚ ਸਭ ਤੋਂ ਪਹਿਲਾਂ ਨਾਮ ਕਰਣ ਵਾਲਾ ਇਕ ਜਰਮਨ ਚਿੰਤਕ (Tiede mann) ਸੀ, ਜਿਸ ਦੀ ਇਸ ਵਿਸ਼ੇ ਤੇ ਪਹਿਲੀ ਪੁਸਤਕ ਦਾ ਅੰਗ੍ਰੇਜ਼ੀ ਅਨੁਵਾਦ, ੧੮੭੭ ਈਃ ਵਿਚ A Record of Infant Life ਦੇ ਨਾਮ ਹੇਠ ਹੋਇਆ । ਜੇਮਜ਼ ਸੱਲੀ ਨੇ ਵੀ ਇਸ ਵਿਸ਼ੇ ਤੇ ਇਕ ਪੁਸਤਕ (Psychology of Infancy 1895) ਲਿਖ ਕੇ ਬਹੁਤ ਸਾਰੇ ਖੋਜੀਆਂ ਦਾ ਇਸ ਜ਼ਰੂਰੀ ਪਾਸੇ ਵਲ ਧਿਆਨ ਦਿਵਾਇਆ । ਅਮ੍ਰੀਕਾ ਵਿਚ ਬਾਲਡਵਨ ਨੇ ਆਪਣੀ ਪੁਸਤਕ (Mental Development of the Child) ਲਿਖ ਕੇ ਕਾਫੀ ਪ੍ਰਸਿਧਤਾ ਪ੍ਰਾਪਤ ਕੀਤੀ । ਇਥੇ ਸਟੈਨਲੇ ਹਾਲ ਤੇ ਬਾਈਨਟ ਦਾ ਨਾਮ ਨਾ ਲੈਣਾ ਅਨਿਆ ਹੋਵੇਗਾ; ਇਨ੍ਹਾਂ ਨੇ ਆਪਣੀਆਂ ਅਭਿਆਸ ਸ਼ਾਲਾਵਾਂ ਵਿਚ,

ਬਚਿਆਂ ਦੇ ਮਨ ਸਬੰਧੀ ਚੋਖੇ ਤਜਰਬੇ ਕੀਤੇ ਅਤੇ ਸਫਲ "ਸੂਝ ਪ੍ਰੀਖਿਆ" ਦੇ ਨੇਮ ਇਸਥਿਤ ਕੀਤੇ ਜਿਨ੍ਹਾਂ ਦੀ ਵਿਸਥਾਰ ਨਾਲ ਵਿਆਖਿਆ ਅਸੀਂ ਆਪਣੀ ਪਹਿਲੀ ਪੁਸਤਕ ਬਾਲ-ਰੀਝਲਾਂ ਵਿਚ ਕਰ ਚੁਕੇ ਹਾਂ। ਬਾਲ ਰੀਝਲਾਂ ਬਚਿਆਂ ਦੇ ਮਨੋ ਵਿਗਿਆਨ ਦੀ ਪੰਜਾਬੀ ਸਾਹਿਤ ਵਿਚ ਪਹਿਲੀ ਪੁਸਤਕ ਹੈ, ਜਿਸ ਵਿਚ ਪਿਛਲੀਆਂ ਦੋ ਸਦੀਆਂ ਤੋਂ ਹੋ ਚੁਕੀਆਂ ਬਚਿਆਂ ਦੀਆਂ ਮਾਨਸਿਕ ਤੇ ਸਰੀਰਕ ਖੋਜਾਂ ਤੇ ਸਿਧਾਂਤਾਂ ਨੂੰ ਬੜੀ ਭਰਪੂਰ, ਪਰ ਪ੍ਰਭਾਵ-ਸ਼ਾਲੀ ਬੋਲੀ ਵਿਚ ਚਿਤਰਨ ਦਾ ਯਤਨ ਕੀਤਾ ਹੈ।

ਮਨੋ ਵਿਗਿਆਨ ਦੀ ਜਿਸ ਸ਼ਰੇਣੀ ਦਾ ਜ਼ਿਕਰ ਕਰਨਾ ਅਜੇ ਬਾਕੀ ਹੈ, ਉਸ ਨੂੰ ਮਾਨਸਿਕ ਪੜਚੋਲ (Psycho Analysis) ਕਹਿੰਦੇ ਹਨ, ਕਿਉਂਕਿ ਇਹ ਮਨੁੱਖੀ ਮਨ ਦੀਆਂ ਡੂੰਘਾਂ ਨੂੰ ਫੋਲ ਫੋਲ ਕੇ ਮਨੁੱਖੀ ਸੁਭਾਵਾਂ ਨੂੰ ਨੰਗਾ ਕਰਦੀ ਹੈ। ਇਸੇ ਮਾਨਸਿਕ ਪੜਚੋਲ ਨੇ ਹੀ ਮੈਸਮਰੇਜ਼ਮ (ਮੈਸਮਰੇ 1734-1815) ਤੇ ਹਿਪਨੋਟਿਜ਼ਮ (Liebeault. 1864-) ਨੂੰ ਪਹਿਲਾਂ ਪਹਿਲ ਬੜੀ ਹਵਾ ਦਿਤੀ। ਪ੍ਰੰਤੂ ਵੈਨੱਸ ਦੇ ਡਾਕਟਰ ਫਰਾਇਡ ਨੇ ਮਾਨਸਿਕ ਪੜਚੋਲ ਲਈ ਸੁਪਨ ਪੜਚੋਲ ਨੂੰ ਵਧੇਰੇ ਸਹਾਈ ਸਮਝ ਕੇ ਅਪਣਾਇਆ। ਫਰਾਇਡ ਦੇ ਸਿਧਾਂਤਾਂ ਤੇ ਢੰਗਾਂ ਨੇ ਐਡਲਰ ਤੇ ਜੁੰਗ ਨੂੰ ਬਹੁਤਾ ਪ੍ਰਭਾਵਤ ਕੀਤਾ; ਭਾਵੇਂ ਕੁਝ ਚਿਰ ਪਿਛੋਂ ਹੀ ਇਹ ਦੋਵੇਂ ਫਰਾਇਡ ਨਾਲ ਅਭਾਵ ਰਖਣ ਲਗ ਪਏ। ਜਿਥੇ ਫਰਾਇਡ ਮਾਨਸਿਕ ਪੜਚੋਲ ਵਿਚ ਕਾਮ ਬਿਰਤੀ (sexual instinct) ਦੇ ਦਬਾ ਨੂੰ ਬਹੁਤੀ ਮਹੱਤਤਾ ਦਿੰਦਾ ਹੈ, ਉਥੇ ਐਡਲਰ ਹਉਮੈ ਜਾਂ ਸ੍ਵੈ ਪ੍ਰਗਟਾਊ ਬਿਰਤੀ ਨੂੰ ਅਤੇ ਜੁੰਗ ਜੀਵਨ-ਸ਼ਕਤੀ ਜਾਂ ਲਿਬੈਡੋ (libido) ਨੂੰ ਅਪੜਾਂਦਾ ਹੈ।

ਫਰਾਇਡ ਦੇ ਸਿਧਾਂਤ ਅਨੁਸਾਰ, ਮਾਨਸਿਕ ਵਿਗਾੜ ਦਾ ਕਾਰਨ, ਸਾਡਾ ਬਾਲਪਨ ਵਿਚ ਮਾਪਿਆਂ ਨਾਲ ਅਧੂਰਾ ਪਿਆਰ ਹੈ। ਐਡਲਰ ਇਸ ਨੂੰ ਸ੍ਵੈ ਗਿਲਾਨੀ (Inferiority Complex) ਤੋਂ ਮੰਨਦਾ ਹੈ, ਜੋ ਬਚਪਨ

ਵਿਚ ਹੀ ਉਤਪੰਨ ਹੋ ਕੇ ਸਾਡੇ ਸਮੁਚੇ ਜੀਵਨ ਨੂੰ ਉਤਸ਼ਾਹ ਹੀਨ ਕਰ ਦਿੰਦੀ ਹੈ।

ਜੁੰਗ ਦੇ ਖ਼ਿਆਲ ਅਨੁਸਾਰ ਲਿਬੈਡੋ ਜਾਂ ਜੀਵਨ-ਸ਼ਕਤੀ ਨੂੰ ਜਦ ਤਕ ਖੁਲ੍ਹੇ ਡੁਲ੍ਹੇ ਪ੍ਰਫੁਲਤ ਨਾ ਹੋਣ ਦਿਤਾ ਜਾਵੇ, ਇਨ੍ਹਾਂ ਮਾਨਸਿਕ ਰੋਕਾਂ ਤੋਂ ਛੁਟੀ ਨਹੀਂ ਮਿਲਦੀ। ਇਹੋ ਤਿੰਨ ਤਰ੍ਹਾਂ ਦੀਆਂ ਵਿਚਾਰ-ਧਾਰਾਂ, ਵਰਤਮਾਨ ਮਨੋ ਵਿਗਿਆਨੀਆਂ ਲਈ ਚਾਨਣ ਮੁਨਾਰੇ ਦਾ ਕੰਮ ਦੇ ਰਹੀਆਂ ਹਨ।

★

ਮਨ ਤੇ ਦਿਮਾਗ਼

ਮਨੋ ਵਿਗਿਆਨ ਦਾ ਮੁਤਾਲਿਆ ਸਭ ਤੋਂ ਪਹਿਲਾ ਸੁਆਲ, ਸਾਡੇ ਸਾਹਮਣੇ ਇਹ ਰਖਦਾ ਹੈ : "ਕੀ ਮਨ ਤੇ ਦਿਮਾਗ਼ ਇਕੋ ਵਸਤੂ ਦਾ ਨਾਮ ਹੈ ਜਾਂ ਇਹ ਇਕ ਦੂਜੇ ਤੋਂ ਅੱਡ ਅੱਡ ਹਨ ? ਆਚਰਣ ਖੋਜੀ (Behaviorist) ਅੰਤਰ ਦਰਸ਼ਨੀਆਂ (Introspctive) ਦੀ ਇਸ ਲਈ ਟੀਕਾ ਟਿਪਣੀ ਕਰਦੇ ਹਨ, ਕਿ ਉਹ ਮਨ ਦੀ ਪੜਚੋਲ ਤਾਂ ਕਰਦੇ ਹਨ, ਪਰ ਇਸ ਸਬੰਧੀ ਉਨ੍ਹਾਂ ਕੋਲ ਪ੍ਰਤੱਖ ਸਬੂਤ ਕੋਈ ਨਹੀਂ ਹੁੰਦਾ। ਉਹ ਇਸ ਤੋਂ ਇਨਕਾਰੀ ਤਾਂ ਨਹੀਂ, ਪਰ ਇਸ (ਮਨ) ਦੀ ਪਛਾਣ ਅਸੰਭਵ ਜਾਣ ਕੇ, ਇਸ ਖਲਜਗਨ ਵਿਚ ਨਹੀਂ ਪੈਂਦੇ। ਇਸ ਲਈ ਮਨ ਨੂੰ ਸਮਝਣ ਤੋਂ ਪਹਿਲਾਂ ਜੇ ਅਸੀਂ ਦਿਮਾਗ਼ ਦੀ ਪਛਾਣ ਕਰ ਲਈਏ, ਤਦ ਬਹੁਤ ਹਦ ਤਕ ਅਸੀਂ ਆਪਣਾ ਮੰਤਵ ਲਭ ਹੀ ਲਵਾਂਗੇ, ਕਿਉਂਕਿ ਜਦੋਂ ਅਸੀਂ ਮਨ ਸਬੰਧੀ ਕੁਝ ਕਹਿੰਦੇ ਹਾਂ, ਤਾਂ ਅਜਿਹੀ ਵਸਤੂ ਸਬੰਧੀ ਕਹਿ ਰਹੇ ਹੁੰਦੇ ਹਾਂ, ਜੋ ਅਸਲੋਂ ਹੀ ਅਛੁਹ ਅਤੇ ਅਵੰਡ ਹੈ; ਪ੍ਰੰਤੂ ਦਿਮਾਗ਼ ਮਨ ਤੋਂ ਕਈ ਗਲਾਂ ਕਰਕੇ ਅੱਡਰੀ ਵਸਤੂ ਹੈ। ਅਸੀਂ ਇਸ ਦੀ ਇਸਥਿਤਕ ਅਵਸਥਾ, ਬਣਤਰ, ਤੇ ਅਮਲਾਂ ਸਬੰਧੀ ਬਹੁਤ ਹਦ ਤਕ ਪਹੁੰਚ ਰਖਦੇ ਹਾਂ, ਅਤੇ ਕਿਸੇ ਹਦ ਤਕ ਅਜੇਹੇ ਭਾਗਾਂ ਨੂੰ ਪੜਚੋਲਿਆ ਜਾ ਚੁਕਾ ਹੈ, ਜੋ ਸਾਡੇ ਆਚਾਰ ਦੇ ਜ਼ਿਮੇਂਵਾਰ ਹਨ।

ਸਭ ਤੋਂ ਪਹਿਲਾਂ ਇਸ ਦੀ ਇਸਥਿਤਕ ਅਵੱਸਥਾ ਸਬੰਧੀ ਵਿਚਾਰ ਜ਼ਰੂਰੀ ਹੈ। ਦਿਮਾਗ਼ ਸਿਰ ਵਿਚ, ਖੋਪਰੀ ਦੇ ਅੰਦਰ ਹੁੰਦਾ ਹੈ। ਇਸ ਨੂੰ ਖੋਪਰੀ ਤੋਂ ਜੋ ਅਸਲ ਵਿਚ ਇਸ ਦਾ ਬਾਹਰਲਾ ਖ਼ੋਲ

ਹੁੰਦੀ ਹੈ, ਤਿੰਨ ਅੱਡ ਅੱਡ ਝਿੱਲੀਆਂ ਵੱਖ ਕਰਦੀਆਂ ਹਨ। ਇਹ ਤਿੰਨ ਝਿੱਲੀਆਂ ਇਹ ਹਨ, ਮੋਟੀ ਝਿੱਲੀ (Duramater) ਮੱਕੜੀ ਦੇ ਜਾਲੇ ਵਰਗੀ ਝਿੱਲੀ (Oracharoid mater) ਮਹੀਨ ਝਿੱਲੀ (Pia mater)। ਮੋਟੀ ਝਿੱਲੀ ਜੋ ਖੋਪਰੀ ਅਤੇ ਦਿਮਾਗ਼ ਵਿਚਾਲੇ ਸਭ ਤੋਂ ਪਹਿਲਾ ਪਰਦਾ ਹੈ ਸਖ਼ਤ ਰੇਸ਼ੇਦਾਰ, ਤੇ ਮਿਟਿਆਲੇ ਜਹੇ ਰੰਗ ਦੀ ਹੁੰਦੀ ਹੈ। ਦੂਜੀ ਝਿੱਲੀ ਜੋ ਪ੍ਰਗਟ ਤੌਰ ਤੇ ਮੱਕੜੀ ਦੇ ਜਾਲੇ ਵਰਗੀ ਹੁੰਦੀ ਹੈ, ਬੜੀ ਪਤਲੀ ਤੇ ਨਰਮ ਜਿਹੀ ਹੁੰਦੀ ਹੈ ਅਤੇ ਦਿਮਾਗ਼ ਨੂੰ ਢਿੱਲਾ ਜਿਹਾ ਢਕਿਆਂ ਰਖਦੀ ਹੈ। ਇਹਦੇ ਅਤੇ ਤੀਜੀ ਮਹੀਨ ਝਿੱਲੀ ਵਿਚਾਲੇ, ਸਾਫ, ਨਮਕੀਨ ਜਿਹਾ ਤਰਲ ਮਾਦਾ ਹੁੰਦਾ ਹੈ, ਜੋ ਦਿਮਾਗ਼ ਨੂੰ ਬਾਹਰਲੀ ਸੱਟ ਫੇਟ ਤੋਂ ਸੁਰਖਿਅਤ ਕਰਦਾ ਹੈ। ਮਹੀਨ ਝਿੱਲੀ ਦਿਮਾਗ਼ ਦਵਾਲੇ ਅਤਿ ਬਾਰੀਕ ਤੇ ਅੰਦਰਲਾ ਗ਼ਿਲਾਫ ਹੁੰਦੀ ਹੈ। ਇਹਦੇ ਅੰਦਰ ਲਹੂ ਦੀਆਂ ਮਹੀਨ ਮਹੀਨ ਰਗਾਂ ਦਾ ਜਾਲ ਤਣਿਆ ਹੁੰਦਾ ਹੈ, ਜਿਸ ਰਾਹੀਂ ਦਿਮਾਗ਼ ਦੀ ਪਾਲਣਾ ਹੁੰਦੀ ਹੈ।

ਹੁਣ ਅਸੀਂ ਦਿਮਾਗ਼ ਦੀ ਬਣਤਰ ਸਬੰਧੀ ਸੰਖੇਪ ਵਰਨਨ ਕਰਦੇ ਹਾਂ। ਦਿਮਾਗ਼, ਭੂਰੇ ਅਤੇ ਸਫੈਦ ਮਾਦੇ ਦਾ ਬਣਿਆ, ਵੱਖ ਵੱਖ ਤਹਿਆਂ, ਲਪੇਟਾਂ, (Layers) ਜਾਂ ਗੁਛਿਆਂ ਵਿਚ ਵੰਡਿਆ ਹੁੰਦਾ ਹੈ। ਦਿਮਾਗ਼ ਦਾ ਭੂਰਾ ਮਾਦਾ ਵੀ, ਇਨ੍ਹਾਂ ਅਣਗਿਣਤ ਪਠਿਆਂ, ਸੈੱਲਾਂ ਆਦਿ ਦਾ ਬਣਿਆ ਹੁੰਦਾ ਹੈ, ਜਿਨ੍ਹਾਂ ਵਿਚ ਲਹੂ-ਨਾੜਾਂ ਰਾਹੀਂ, ਲਹੂ ਪੁਜਦਾ ਰਹਿੰਦਾ ਹੈ। ਦਿਮਾਗ ਦਾ ਸਫੈਦ ਮਾਦਾ ਵੀ ਅਤਿਅੰਤ ਤੰਤੂਆਂ (Fibers) ਦਾ ਬਣਿਆ ਹੁੰਦਾ ਹੈ, ਜਿਨ੍ਹਾਂ ਦਾ ਕੰਮ "ਪੱਠਾ–ਸੈੱਲਾਂ" ਨੂੰ ਆਪੋ ਵਿਚ ਜੋੜਨਾ ਹੁੰਦਾ ਹੈ। ਇਨ੍ਹਾਂ ਦੋਹਾਂ ਮਾਦਿਆਂ ਨੂੰ, ਸਫੈਦ ਭਾਅ ਮਾਰਨ ਵਾਲੀ ਖਿੰਦੀ ਵਸਤੂ ਦਵਾਰਾ ਅੱਡਰਾ ਕੀਤਾ ਹੁੰਦਾ ਹੈ। ਇਹ ਪੱਠੇ ਇਕੱਠੀ ਸੂਰਤ ਵਿਚ ਹੀ, ਦਿਮਾਗ਼ ਦੇ ਉਸ ਭਾਗ ਵਿਚ ਜਿਸ ਨੂੰ ਹਰਾਮ ਮਗ਼ਜ਼ ਕਹਿੰਦੇ ਹਨ, ਜਾ ਰਲਦੇ ਹਨ ਅਤੇ ਉਨ੍ਹਾਂ ਸੈੱਲਾਂ ਨਾਲ ਜਾ ਜੁੜਦੇ ਹਨ, ਜੋ ਅਗੇ ਨਿੱਕੇ ਮੋਟੇ ਪਠਿਆਂ ਰਾਹੀਂ ਸਾਡੇ ਸਰੀਰ ਨਾਲ ਸੰਯੁਕਤ

ਹੁੰਦੇ ਹਨ।

ਦਿਮਾਗ਼ ਨੂੰ ਆਪਣੀ ਸੂਝ ਹਿਤ, ਮੋਟੇ ਮੋਟੇ ਪੰਜ ਭਾਗਾਂ ਵਿਚ ਵੰਡ ਸਕਦੇ ਹਾਂ।

੧. ਵੱਡਾ ਦਿਮਾਗ਼ (Cerebrum) ਜਿਸ ਨੇ ਖੋਪਰੀ ਦਾ ਬਹੁਤ ਉਪਰਲਾ ਹਿੱਸਾ ਮੱਲਿਆ ਹੁੰਦਾ ਹੈ, ਦੋ ਗੋਲਾਈਆਂ ਵਿਚ ਵੰਡਿਆ ਹੁੰਦਾ ਹੈ। ਸੱਜੇ ਅਤੇ ਖੱਬੇ ਪਾਸੇ ਦੀਆਂ; ਅਤੇ ਇਹ ਗੋਲਾਈਆਂ ਅਗੇ ਚਾਰ ਪੱਖਾਂ (Lobes) ਵਿਚ ਵੰਡੀਆਂ ਹੁੰਦੀਆਂ ਹਨ।

੨. (Twixt brain) ਵੱਡੇ ਦਿਮਾਗ਼ ਹੇਠਾਂ ਭੂਰੇ ਮਾਦੇ ਦਾ ਬਣਿਆ ਹੁੰਦਾ ਹੈ। ਪਸ਼ੂਆਂ ਵਿਚ ਇਹ ਸਭ ਤੋਂ ਵਿਸ਼ੇਸ਼ ਦਰਜਾ ਰਖਦਾ ਹੈ; ਪ੍ਰੰਤੂ ਮਨੁੱਖ ਵਿਚ ਇਹ ਵਡੇ ਦਿਮਾਗ਼ ਦੇ ਅਸਰ ਥੱਲੇ ਹੁੰਦਾ ਹੈ।

੩. ਕੇਂਦਰੀ ਦਿਮਾਗ਼ (Mid brain) ਇਹ ਭਾਗ ਵਡੇ ਦਿਮਾਗ਼ ਅਤੇ ਛੋਟੇ ਦਿਮਾਗ਼ ਨੂੰ ਮਿਲਾਂਦਾ ਹੈ। ਪੌਣਾ ਕੁ ਇੰਚ ਲੰਮਾਂ, ਪੌਦੇ ਦੀ ਸ਼ਕਲ ਦਾ ਹੁੰਦਾ ਹੈ।

੪. ਛੋਟਾ ਦਿਮਾਗ਼ (Cerebellum) ਜਾਂ ਪਿਛਲਾ ਦਿਮਾਗ਼, ਪੱਠੇ ਅਤੇ ਤੰਤੂਆਂ ਦਾ ਬਣਿਆ ਹੋਇਆ, ਵਡੇ ਦਿਮਾਗ਼ ਦੇ ਪਿਛੇ ਅਤੇ ਹੇਠਾਂ ਇਸਥਿਤ ਹੁੰਦਾ ਹੈ।

੫. ਹਰਾਮ ਦਿਮਾਗ਼ (Medula) ਇਹ ਉਪਰਲੀ ਤਹਿ ਤੇ ਸਫੈਦ ਮਾਦਾ ਅਤੇ ਡੂੰਘ ਵਿਚ ਭੂਰੇ ਰੰਗ ਦਾ ਮਾਦਾ ਰਖਦਾ ਹੈ। ਸਾਰੇ ਦਿਮਾਗ਼ ਦਾ ਅਤਿ ਨੀਵਾਂ ਹਿੱਸਾ ਹੁੰਦਾ ਹੈ।

ਸੰਖਿਪਤ ਅਸੀ ਕਹਿ ਸਕਦੇ ਹਾਂ, ਕਿ ਮਨੁੱਖੀ ਮਸ਼ੀਨ ਦਾ ਅਤਿ ਜੱਟਲ ਭਾਗ, ਦਿਮਾਗ਼ ਪੰਜਾਂ ਭਾਗਾਂ ਵਿਚ ਵੰਡਿਆ ਹੁੰਦਾ ਹੈ। ਇਸ ਦੇ ਅਮਲ ਸਬੰਧੀ ਚੋਖੀ ਖੋਜ ਉਪ੍ਰੰਤ, ਅਸੀ ਦਿਮਾਗ਼ ਦੇ ਉਨ੍ਹਾਂ ਹਿਸਿਆਂ ਸਬੰਧੀ ਪੜਚੋਲ ਕਰਾਂਗੇ, ਜੋ ਮਨੋ ਵਿਗਿਆਨੀ ਵਾਸਤੇ, ਮਨੁੱਖੀ ਸੋਚ ਵਿਚਾਰ, ਤੇ ਜੀਵਨ ਦੇ ਮੁਤਾਲਿਆ ਲਈ ਅਤਿਅੰਤ ਜ਼ਰੂਰੀ ਹਨ।

ਜੋਜ਼ਫ ਗਾਲ, ਉਨੀਵੀਂ ਸਦੀ ਦੇ ਮਾਨਸਿਕ ਖੋਜੀ ਦਾ ਖ਼ਿਆਲ

ਸੀ, ਕਿ ਮਨੁੱਖਾਂ ਦੀ ਦਿਮਾਗ਼ੀ ਅਸਾਧਾਰਨਤਾ ਹੀ ਉਨ੍ਹਾਂ ਦੇ ਪਾਗਲਪਨ ਦਾ ਕਾਰਨ ਹੁੰਦੀ ਹੈ। ਇਸ ਤੋਂ ਪਿਛੋਂ ਇਹਦਾ ਅਤਿ ਪ੍ਰਸਿਧ ਸਿਧਾਂਤ (Prenology) ਪ੍ਰਚਲਤ ਹੋਇਆ। ਇਸ ਸਿਧਾਂਤ ਰਾਹੀਂ ਉਹਨੇ ਦਸਿਆ ਕਿ ਅੱਡ ਅੱਡ ਮਾਨਸਿਕ ਸ਼ਕਤੀਆਂ ਦਿਮਾਗ਼ ਦੇ ਅੱਡ ਅੱਡ ਭਾਗਾਂ ਵਿਚ ਇਸਥਿਤ ਰਹਿੰਦੀਆਂ ਹਨ। ਹਰ ਮਾਨਸਿਕ ਸ਼ਕਤੀ ਦੀ ਸਮਰੱਥਾ ਖੋਪਰੀ ਦੇ ਬਾਹਰਲੇ ਸਰੂਪ ਤੋਂ ਨੀਯਤ ਕੀਤੀ ਜਾਂਦੀ ਹੈ। ਪ੍ਰੰਤੂ ਪਿਛਲੇਰੀਆਂ ਖੋਜਾਂ ਨੇ ਇਸ ਸਿਧਾਂਤ ਨੂੰ ਵੀ ਝੁਠਿਆ ਦਿਤਾ ਅਤੇ ਦਸਿਆ ਕਿ ਖੋਪਰੀ ਦਾ ਬਾਹਰਲਾ ਦ੍ਰਿਸ਼, ਦਿਮਾਗ਼ ਦੀ ਅੰਦ੍ਰੀਵੀ ਬਣਤਰ ਨਾਲ ਬਹੁਤਾ ਸਬੰਧ ਨਹੀਂ ਰਖਦਾ ਤੇ ਨਾ ਹੀ ਵੱਖ ਵੱਖ ਸ਼ਕਤੀਆਂ ਦਾ ਦਿਮਾਗ਼ ਦੇ ਅੱਡ ਅੱਡ ਭਾਗਾਂ ਨਾਲ ਕੋਈ ਸਬੰਧ ਹੈ।

ਵਿਗਿਆਨ ਖੋਜ, ਕੁਝ ਚਿਰ ਤਕ, ਪਸ਼ੂ ਦਿਮਾਗ਼ਾਂ ਅਤੇ ਉਨ੍ਹਾਂ ਮਨੁੱਖੀ ਦਿਮਾਗ਼ਾਂ ਤਕ ਹੀ ਮਹਿਦੂਦ ਰਹੀ, ਜੋ ਦੇਵਨੇਤ ਜ਼ਖਮੀ ਹੋ ਜਾਂਦੇ ਸਨ। ਪਰ ਪਿਛਲੇ ਅਤੇ ਵਰਤਮਾਨ ਯੁਧ ਨੇ ਖੋਜੀਆਂ ਨੂੰ ਮਾਨਸਿਕ ਪੜਚੋਲ ਦੇ ਕਈ ਸੁਅੱਵਸਰ ਬਖਸ਼ੇ। ਕਿਉਂਕਿ ਕਈ ਸੈਨਕਾਂ ਦੇ ਦਿਮਾਗ਼ਾਂ ਦੇ ਉਪਰੇਸ਼ਨ ਕਰਨ ਤੇ ਕਈ ਨਵੀਆਂ ਗੱਲਾਂ ਸੁਝੀਆਂ ਹਨ। ਭਾਵੇਂ ਹਾਲੀ ਵੀ ਕਾਫੀ ਕੁਝ ਲੱਭਣ ਯੋਗ ਹੈ, ਪ੍ਰੰਤੂ ਫਿਰ ਵੀ ਕਈ ਅਤਿ ਜ਼ਰੂਰੀ ਮਾਨਸਿਕ ਰਹਿਸਯ ਲਭੇ ਜਾ ਚੁਕੇ ਹਨ।

ਜਦੋਂ ਅਸੀਂ ਵਡੇ ਦਿਮਾਗ਼ ਦੇ ਕਿਸੇ ਚਿੱਤਰ ਨੂੰ ਵੇਖਦੇ ਹਾਂ ਤਦ ਆਮ ਕਰਕੇ ਸਾਡੇ ਸਾਹਮਣੇ ਇਸ ਦੀ ਖੱਬੀ ਅੱਧੀ ਗੋਲਾਈ ਹੀ ਹੁੰਦੀ ਹੈ। ਕਿਉਂਕਿ ਇਹਦਾ ਖੱਬਾ ਪਾਸਾ, ਸਰੀਰ ਦੇ ਸੱਜੇ ਪਾਸੇ ਦੀ ਹਰਕਤ ਤੇ ਗਿਆਨ ਇੰਦਰਿਆਂ ਨੂੰ ਕਾਬੂ ਰਖਦਾ ਹੈ ਅਤੇ ਸੱਜਾ ਪਾਸਾ ਖਬੇ ਪਾਸੇ ਦੀਆਂ ਇੰਦਰੀਆਂ ਨੂੰ ਕੰਟਰੋਲ ਵਿਚ ਰਖਦਾ ਹੈ। ਦੋਹਾਂ ਪਾਸਿਆਂ ਦੇ ਤੰਤੂ ਹਰਾਮ ਮਗ਼ਜ਼ ਵਿਚ ਕਿਸੇ ਇਕ ਨੁਕਤੇ ਤੇ ਇਕ ਦੂਜੇ ਨੂੰ ਕਟਦੇ ਹਨ। ਇਸ ਨੁਕਤੇ ਨੂੰ ਅੰਗ੍ਰੇਜ਼ੀ ਵਿਚ Decussation ਕਹਿੰਦੇ ਹਨ। ਖੋਜ ਹਿਤ ਇਹ ਚੇਤੇ ਰਖਣਾ ਜ਼ਰੂਰੀ ਹੈ ਕਿ ਵਡੇ

ਦਿਮਾਗ਼ ਦੇ ਖੋਜੀਆਂ ਨੇ ਚਾਰ ਭਾਗ (Lobes) ਦਸੇ ਹਨ। ਉਨ੍ਹਾਂ ਦੇ ਖ਼ਿਆਲ ਅਨੁਸਾਰ, ਹਰ ਇਕ ਭਾਗ, ਵੱਖ ਵੱਖ ਗਿਆਨ ਇੰਦਰਿਆਂ ਦਾ ਕੇਂਦਰ ਹੈ। ਜਿਵੇਂ ਹਰਕਤ ਦਾ ਕੇਂਦਰ Frontal lobe ਮੰਨਿਆ ਜਾਂਦਾ ਹੈ। ਸੂਝ ਦਾ ਕੇਂਦਰ, ਜੋ ਸਰੀਰ ਤੋਂ ਸੁਨੇਹੇ ਮਨ ਤਕ ਪਹੁੰਚਾਂਦਾ ਹੈ, Parental lobe ਵਿਚ ਹੁੰਦਾ ਹੈ। ਚੱਖਣ, ਸੁੰਘਣ ਤੇ ਸੁਣਨ ਸ਼ਕਤੀ ਦਾ ਕੇਂਦਰ Temporal lobe ਵਿਚ ਦਸਿਆ ਜਾਂਦਾ ਹੈ, ਵੇਖਣ ਸ਼ੱਕਤੀ ਦਾ ਕੇਂਦਰ Occipital ਵਿਚ ਹੁੰਦਾ ਹੈ। ਉਚੀਆਂ ਮਾਨਸਿਕ ਸ਼ਕਤੀਆਂ, ਜਿਹਾ ਕਿ ਬੁੱਧੀ ਅਤੇ ਦਲੀਲ ਆਦਿ ਦਾ ਕੇਂਦਰ ਵਡੇ ਦਿਮਾਗ਼ ਦੇ ਉੱਚ ਮੰਡਲਾਂ ਵਿਚ ਹੈ।

ਪੂਰਨ ਯਾਦ-ਸ਼ੱਕਤੀ ਲਗ ਪਗ ਸਾਰੇ ਦਿਮਾਗ਼ ਤੇ ਨਿਰਭਰ ਰਖਦੀ ਹੈ, ਭਾਵੇਂ ਇਸ ਦੇ ਕਈ ਖਾਸ ਚਿੰਨ, ਖਾਸ ਖਾਸ ਮੰਡਲਾਂ ਵਿਚ ਇਸਥਿਤ ਹਨ। ਉਦਾਹਰਣ ਵਜੋਂ, "ਕਿਸੇ ਵੇਖੀ ਹੋਈ ਚੀਜ਼, ਰੰਗ, ਜਾਂ ਚਿਹਰੇ ਦੀ ਯਾਦ ਰਖਣ ਦੀ ਸ਼ੱਕਤੀ Occipital ਮੰਡਲ ਵਿਚ ਰਹਿੰਦੀ ਹੈ, ਤੇ ਸੁਣਨ ਸ਼ੱਕਤੀ ਟੈਂਪੋਰਲ ਮੰਡਲ ਵਿਚ। ਪ੍ਰੰਤੂ ਕਈ ਅਜਿਹੀਆਂ ਯਾਦਾਂ ਵੀ ਹੁੰਦੀਆਂ ਹਨ, ਜਿਨ੍ਹਾਂ ਨੂੰ ਵਿਦਵਾਨਾਂ ਨੇ ਸੱਚੀਆਂ ਯਾਦਾਂ (True memory) ਦਾ ਨਾਮ ਦਿਤਾ ਹੈ ਜਿਹਾ ਕਿ ਕਿਸੇ ਮਿੱਤਰ ਨਾਲ ਬਿਤਾਈ ਸ਼ਾਮ; ਕੋਈ ਅਭਿਆਸ; ਨਾਵਲ ਦੀ ਕਹਾਣੀ; ਸਫਲਤਾ ਯਾ ਅਸਫ਼ਲਤਾ ਆਦਿ ਦੀਆਂ ਯਾਦਾਂ ਜੋ ਅਸੀਂ ਆਪਣੀ ਇੱਛਾ ਸ਼ੱਕਤੀ ਨਾਲ ਦੁਹਰਾ ਸਕਦੇ ਹਾਂ, ਦਿਮਾਗ਼ ਵਿਚ ਰਜਿਸਟਰ ਹੋ ਜਾਂਦੀਆਂ ਹਨ, ਪਰ ਕਈ ਵਾਰ ਦਿਮਾਗ਼ ਦੇ ਜ਼ਖ਼ਮੀ ਹੋਣ ਜਾਂ ਕਿਸੇ ਭਿਆਨਕ ਹਾਦਸੇ ਕਾਰਨ, ਮੂਲੋਂ ਹੀ ਗੁਆਚ ਜਾਂਦੀਆਂ ਹਨ। ਸੋ ਅਸੀਂ ਕਹਿ ਸਕਦੇ ਹਾਂ, ਕਿ ਸਾਡੇ ਗਿਆਨ ਇੰਦਰਿਆਂ ਨਾਲ ਸਬੰਧਤ ਯਾਦਾਂ, ਤਾਂ ਭਾਵੇਂ ਦਿਮਾਗ਼ ਦੀਆਂ ਵੱਖ ਵੱਖ ਘੁਰਾਂ ਵਿਚ ਇਸਥਿਤ ਹੁੰਦੀਆਂ ਹਨ ਪਰ ਇਹ ਸੱਚੀਆਂ ਯਾਦਾਂ ਤਾਂ ਸਮੁੱਚੇ ਦਿਮਾਗ਼ ਵਿਚ ਰਚੀਆਂ ਹੁੰਦੀਆਂ ਹਨ।

ਛੋਟਾ ਦਿਮਾਗ਼ (Cerebellum) ਸਰੀਰਕ ਤੁਲਨਾ, ਅਤੇ ਪੱਠਿਆਂ

ਦੇ ਆਪੋ ਵਿਚ ਦੇ ਸਬੰਧ ਨੂੰ ਕਾਬੂ ਵਿਚ ਰਖਦਾ ਹੈ। ਇਹ ਵੇਖਿਆ ਗਿਆ ਹੈ, ਕਿ ਜਦੋਂ ਕਬੂਤਰ ਦੇ ਸਿਰ ਵਿਚੋਂ ਇਹ ਦਿਮਾਗ਼ੀ ਭਾਗ ਵੱਖ ਕਰ ਦਿਤਾ ਤਾਂ ਉਹ ਆਪਣੀ ਚਾਲ ਤੇ ਉਡਾਰੀ ਵਿਚ ਤੁਲਨਾ (Balance) ਨਾ ਰਖ ਸਕਿਆ।

ਮਨੁੱਖ ਦਾ ਹਰਾਮ ਮਗ਼ਜ਼ (Medula) ਇਕ ਅਜਿਹੀ ਵਸਤੂ ਹੈ, ਜਿਸ ਨੂੰ ਮਨੁੱਖੀ ਜਜ਼ਬਿਆਂ ਦਾ ਕੇਂਦਰ ਕਿਹਾ ਜਾ ਸਕਦਾ ਹੈ। ਭਾਵੇਂ ਦਿਮਾਗ਼ ਦੇ ਇਸ ਭਾਗ ਤੇ ਉਪਰੇਸ਼ਨ ਦੁਆਰਾ ਖੋਜ ਕਰਣੀ ਬਹੁਤ ਹੀ ਕਠਨ ਹੈ। ਪ੍ਰੰਤੂ ਫਿਰ ਵੀ ਇਹ ਵੇਖਿਆ ਗਿਆ ਹੈ, ਕਿ ਜੇ ਦਿਮਾਗ਼ ਦੇ (Cerebrum) ਭਾਗ ਨੂੰ ਨਿਕੰਮਾ ਕਰ ਦਿਤਾ ਜਾਵੇ, ਤਾਂ ਮਨੁੱਖ ਦਾ ਆਪਣੇ ਜਜ਼ਬਿਆਂ ਤੇ ਕਾਬੂ ਨਹੀਂ ਰਹਿੰਦਾ; ਸਗੋਂ ਉਹ ਹੱਸਣ ਲਗਿਆਂ ਹਸਦਾ ਹੀ ਰਹੇਗਾ, ਤੇ ਜਾਂ ਰੋਂਦਾ ਹੀ ਰਹੇਗਾ। ਇਸ ਤੋਂ ਇਹ ਭੁਲੇਖਾ ਪੈਂਦਾ ਹੈ ਕਿ ਜਜ਼ਬਿਆਂ ਜਾਂ ਮਨੋ ਭਾਵਾਂ ਦਾ ਕੇਂਦਰ ਵੱਡੇ ਦਿਮਾਗ਼ ਵਿਚ ਹੈ। ਪ੍ਰੰਤੂ ਇਹ ਵੀ ਠੀਕ ਹੈ, ਕਿ ਜਦੋਂ ਹਰਾਮ ਮਗ਼ਜ਼ ਨੂੰ ਵੀ ਅਮਲ ਰਹਿਤ ਕੀਤਾ ਜਾਵੇ, ਮਨੁੱਖ ਵਿਚ ਮਨੋ ਭਾਵ ਪੂਰਨ ਤੌਰ ਤੇ ਖਾਮੋਸ਼ ਹੋ ਜਾਂਦੇ ਹਨ। ਹਾਸਾ, ਰੋਣਾ, ਗੁੱਸਾ, ਜਾਂ ਹੈਰਾਨੀ ਦੇ ਮਨੋਭਾਵ ਗੁਪਤ ਹੀ ਹੋ ਜਾਂਦੇ ਹਨ।

ਹੁਣੇ ਹੁਣੇ ਪਸੂ ਦਿਮਾਗ਼ਾਂ ਤੇ ਹੈਰਾਨੀ ਜਨਕ ਤਜਰਬੇ ਕੀਤੇ ਗਏ, ਜਿਨ੍ਹਾਂ ਤੋਂ ਸਿਧ ਹੋ ਗਿਆ ਹੈ ਕਿ ਜਜ਼ਬਿਆਂ ਦਾ ਕੇਂਦਰ ਵਡਾ ਦਿਮਾਗ਼ ਨਹੀਂ, ਸਗੋਂ ਹਰਾਮ ਮਗ਼ਜ਼ ਵਿਚ ਹੈ। ਇਕ ਰੂਮੀ ਮਨੋ ਵਿਗਿਆਨੀ (Von Bechlerev) ਕੁੱਤਿਆਂ ਤੇ ਬਿਲੀਆਂ ਨੂੰ ਵਡਾ ਦਿਮਾਗ਼ ਕਢ ਦੇਣ ਤੇ ਵੀ ਜ਼ਿੰਦਾ ਰਖਣ ਵਿਚ ਸਫਲ ਹੋ ਗਿਆ ਹੈ। ਉਸ ਨੇ ਸਿਧ ਕੀਤਾ ਹੈ, ਕਿ ਵਡੇ ਦਿਮਾਗ਼ ਤੋਂ ਬਿਨਾਂ ਵੀ ਇਨ੍ਹਾਂ ਵਿਚ ਜਜ਼ਬੇ, ਜਾਂ ਮਨੋ ਭਾਵ ਭੜਕਾਏ ਜਾ ਸਕਦੇ ਹਨ। ਤੰਗ ਕਰਣ ਤੇ ਕੁੱਤੇ ਕ੍ਰੋਧ ਵਿਚ ਆ ਕੇ ਭੌਂਕਦੇ ਹਨ; ਖੁਸ਼ ਹੋਣ ਤੇ ਦੁਮ ਹਿਲਾਂਦੇ ਹਨ। ਪ੍ਰੰਤੂ ਹਰਾਮ ਮਗ਼ਜ਼ ਵੱਖ ਕਰਣ ਤੇ ਮਨੋ ਭਾਵਾਂ ਦੀ ਅਨਹੋਂਦ

ਪ੍ਰਤੱਖ ਦਿਸਦੀ ਹੈ। ਗੋਲਟਜ਼ (Goltz) ਨੇ ਵੀ ਆਪਣੇ ਤਜਰਬਿਆ ਰਾਹੀਂ ਇਸੇ ਸਿਧਾਂਤ ਨੂੰ ਸਿੱਧ ਕੀਤਾ ਹੈ ਕਿ ਜਜ਼ਬਿਆਂ ਦਾ ਕੇਂਦਰ ਤਾਂ ਭਾਵੇਂ ਹਰਾਮ ਮਗਜ਼ ਹੈ ਪਰ ਕਾਬੂ ਵਿਚ ਰਖਣ ਦਾ ਕੰਮ ਵਡੇ ਦਿਮਾਗ ਦੇ ਜ਼ਿੰਮੇਂ ਹੀ ਹੈ।

ਹੁਣ ਜਦ ਕਿ ਅਸੀਂ ਦਿਮਾਗ ਦੀ ਬਣਤਰ ਦਾ ਸੰਖੇਪ ਵਰਣਨ ਕਰ ਚੁਕੇ ਹਾਂ, ਮਨ ਤੇ ਦਿਮਾਗ ਸਬੰਧੀ ਕੁਝ ਕੁ ਉਪਜੇ ਪ੍ਰਸ਼ਨਾਂ ਦੇ ਉਤਰ ਲੱਭਦੇ ਹਾਂ।

ਪਹਿਲਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ, ਕਿ ਕੀ ਮਨੁੱਖ ਦੇ ਸਿਰ ਦੀ ਬਣਤਰ ਜਾਂ ਸਾਈਜ਼ ਦਾ ਉਸ ਦੀ ਬੁੱਧੀ ਜਾਂ ਸੂਝ ਨਾਲ ਕੋਈ ਸਬੰਧ ਹੈ? ਬਿਲਕੁਲ ਨਹੀਂ, ਭਾਵੇਂ ਇਹ ਤਾਂ ਕਹਿ ਸਕਦੇ ਹਾਂ, ਕਿ ਮਨੁੱਖ ਦੇ ਵਡੇ ਦਿਮਾਗ ਦੇ ਉੱਨਤ ਹੋਣ ਨਾਲ ਬੁੱਧੀ, ਦਲੀਲ ਸ਼ਕਤੀ, ਤੇ ਜਜ਼ਬਾਤੀ ਕਾਬੂ ਵਿਚ ਚੋਖਾ ਵਾਧਾ ਹੋਇਆ ਹੈ। ਪਰ ਅਸੀਂ ਦੋ ਵੱਖ ਵੱਖ ਸਾਈਜ਼ ਦੇ ਸਿਰ ਵੇਖ ਕੇ, ਉਨ੍ਹਾਂ ਦੀ ਬੁੱਧੀ ਸਬੰਧੀ ਕੋਈ ਸਚਿਆਈ ਨਹੀਂ ਮਿੱਥ ਸਕਦੇ। ਔਸਤ ਇਸਤ੍ਰੀ ਦਾ ਸਿਰ ਮਰਦ ਤੋਂ ਘਟ ਹੁੰਦਾ ਹੈ, ਪ੍ਰੰਤੂ ਇਸਤ੍ਰੀ ਮਰਦ ਤੋਂ ਘਟ ਸੋਝੀ ਵਾਲੀ ਨਹੀਂ ਕਹੀ ਜਾ ਸਕਦੀ। ਮਰਦ ਦੇ ਦਿਮਾਗ ਦਾ ਵਜ਼ਨ ਸਾਢੇ ਉਣੰਜਾ ਔਂਸ ਤੇ ਇਸਤ੍ਰੀ ਦਿਮਾਗ ਦਾ ਵਜ਼ਨ ਸਾਢੇ ਚੁਤਾਲੀ ਔਂਸ ਹੁੰਦਾ ਹੈ।

ਦੂਜਾ ਪ੍ਰਸ਼ਨ ਜਿਹੜਾ ਇਸ ਵਿਸ਼ੇ ਤੇ ਪੈਦਾ ਹੁੰਦਾ ਹੈ, ਇਹ ਹੈ ਕਿ ਜੇ ਮਨ ਦੀ ਹੋਂਦ ਮੰਨ ਵੀ ਲਈਏ, ਤਦ ਇਸ ਦਾ ਸਰੀਰ ਨਾਲ ਕੀ ਸਬੰਧ ਹੈ?

ਸਰੀਰ ਅਤੇ ਮਨ ਦੇ ਪ੍ਰਸਪਰ ਸਬੰਧਾਂ ਸਬੰਧੀ, ਕਈ ਸਿਧਾਂਤ ਪ੍ਰਚਲਤ ਹਨ। ਪਹਿਲਾ ਸਿਧਾਂਤ ਟੀ. ਐਚ. ਹਕਸਲੇ ਦਾ ਹੈ। ਇਹ ਮਾਨਸਿਕ ਅਮਲ ਦਿਮਾਗੀ ਪੱਧਰ ਤੋਂ ਵਿਚਾਰਦਾ ਹੈ। ਚੇਤੰਤਾ ਅਸਲ ਵਿਚ ਦਿਮਾਗ ਵਿਚ ਵਾਪਰ ਰਹੇ ਅਮਲਾਂ ਦਾ ਪ੍ਰਤੀਬਿੰਬ ਹੈ। ਜਿਵੇਂ ਅਸੀਂ ਸੜਕ ਤੇ ਦੌੜ ਰਹੀ ਲਾਰੀ ਦਾ ਪ੍ਰਤੀਬਿੰਬ ਵੀ ਨਾਲ ਜਾਂਦਾ

ਵੇਖਦੇ ਹਾਂ । ਲਾਰੀ ਦਾ ਪ੍ਰਤੀਬਿੰਬ ਕਿਸੇ ਤਰ੍ਹਾਂ ਵੀ ਲਾਰੀ ਨੂੰ ਪ੍ਰਭਾਵਤ ਨਹੀਂ ਕਰ ਸਕਦਾ, ਇਸੇ ਤਰ੍ਹਾਂ ਮਨ ਜੋ ਸਾਡੇ ਦਿਮਾਗ਼ ਦਾ ਪ੍ਰਤੀਬਿੰਬ ਹੈ, ਸਰੀਰ ਨੂੰ ਪ੍ਰਭਾਵਤ ਕਰਨੋਂ ਅਸਮਰੱਥ ਹੈ ਕਿਉਂਕਿ ਪ੍ਰਤੀਬਿੰਬ ਅਸਲ ਵਿਚ ਆਪਣੀ ਵੱਖਰੀ ਹੋਂਦ ਨਹੀਂ ਰਖਦਾ।"

ਇਹ ਸਿਧਾਂਤ ਅਸਲ ਵਿਚ ਪਦਾਰਥਿਕ ਨੀਹਾਂ ਤੇ ਉਸਰਿਆ ਹੈ, ਅਤੇ ਪਦਾਰਥਿਕ ਜਾਂ ਪ੍ਰਮਾਰਥਿਕ ਦੋਹਾਂ ਸਿਧਾਂਤਾਂ ਤੇ ਵਿਸ਼ਵਾਸ਼ ਰਖਣ ਵਾਲਿਆਂ ਲਈ ਸਮਝੌਤੇ ਦਾ ਰਾਹ ਖੋਲ੍ਹਦਾ ਹੈ, ਪ੍ਰੰਤੂ ਇਕ ਅਤਿ ਜ਼ਰੂਰੀ ਦਲੀਲ ਜੋ ਇਸ ਸਿਧਾਂਤ ਨੂੰ ਕਮਜ਼ੋਰ ਕਰਦੀ ਹੈ, ਇਹ ਹੈ ਕਿ ਜੜ੍ਹ ਮਾਦੇ ਤੋਂ ਚੇਤੰਨਤਾ ਕਿਵੇਂ ਪੈਦਾ ਹੋ ਸਕਦੀ ਹੈ, ਤੇ ਨਿਰੋਲ ਪਦਾਰਥਿਕ ਅਮਲ, ਚੇਤੰਨਤਾ ਉਪਜਾ ਸਕਣ ਦੇ ਅਸਮਰਥ ਹਨ।

੨. ਅਸੀਂ ਕਈ ਵਾਰ, ਬਿਨਾ ਸਰੀਰਕ ਦਖ਼ਲ ਦੇ ਮਾਨਸਿਕ ਤਬਦੀਲੀਆਂ ਪੈਦਾ ਕਰ ਸਕਦੇ ਹਾਂ ਜਿਹਾ ਕਿ ਅਸੀਂ ਕਿਸੇ ਕੀਤੀ ਘਟਨਾ ਨੂੰ ਯਾਦ ਕਰਕੇ ਉਦਾਸੀ, ਖੁਸ਼ੀ ਜਾਂ ਹੋਰ ਕਈ ਤਰ੍ਹਾਂ ਦੇ ਜਜ਼ਬਾਤੀ ਭਾਵ ਪੈਦਾ ਕਰ ਸਕਦੇ ਹਾਂ, ਅਤੇ ਇਹ ਮਾਨਸਿਕ ਅਵਸਥਾ ਸਰੀਰਕ ਦਖ਼ਲ ਤੋਂ ਬਿਨਾ ਹੀ ਉਪਜੀ। ਹਕਸਲੇ ਦੇ ਉਪ੍ਰੋਕਤ ਸਿਧਾਂਤ ਨੂੰ ਮੰਨਣ ਤੇ ਸਾਨੂੰ ਪਾਗਲਪਨ ਦੇ ਰੋਗਾਂ ਸਬੰਧੀ ਵੀ ਇਹ ਮੰਨਣਾ ਪਵੇਗਾ, ਕਿ ਹਰ ਤਰ੍ਹਾਂ ਦੇ ਮਾਨਸਿਕ ਵਿਗਾੜਾਂ ਦਾ ਕਾਰਣ ਦਿਮਾਗ਼ ਹੀ ਹੁੰਦਾ ਹੈ । ਪ੍ਰੰਤੂ ਅਜ ਦੀ ਸਾਇੰਸ ਨੇ ਸਿੱਧ ਕੀਤਾ ਹੈ ਕਿ ਇਹ ਗਲ ਸੌ ਫੀ ਸਦੀ ਠੀਕ ਨਹੀਂ । ਹਾਂ ਇਹੋ ਜਹੀਆਂ ਅਵੱਸਥਾਵਾਂ ਲੱਭਦੀਆਂ ਜ਼ਰੂਰ ਹਨ।

੩. ਇਕ ਸਿਧਾਂਤ ਮਨ ਤੇ ਸਰੀਰ ਦੀ ਸਮਾਨਤਾ ਦਾ ਹੈ । ਇਹ ਮੰਨਦਾ ਹੈ ਕਿ ਮਾਨਸਿਕ ਤੇ ਸਰੀਰਕ ਅਮਲ ਦੋਵੇਂ ਸਮਾਨਤਰ (Parallel) ਚਲਦੇ ਹਨ। ਭਾਵ ਸਾਡੇ ਹਰ ਸਰੀਰਕ ਅਮਲ ਦੇ ਨਾਲ ਮਾਨਸਿਕ ਅਮਲ ਵੀ ਜਾਰੀ ਹੁੰਦੇ ਹਨ। ਪ੍ਰੰਤੂ ਇਹ ਸਿਧਾਂਤ ਬਹੁਤਾ ਪ੍ਰਮਾਣੀਕ ਨਹੀਂ, ਕਿਉਂਕਿ ਹਰ ਅਮਲ ਦਾ ਕੋਈ ਨ ਕੋਈ ਕਾਰਣ ਹੁੰਦਾ ਹੈ।

ਉਦਾਹਰਣ ਵਜੋਂ, ਜਦੋਂ ਮੈਂ ਇਕ ਗੇਂਦ ਨੂੰ ਫਰਸ਼ ਤੇ ਰੇੜ੍ਹਦਾ ਹਾਂ, ਤਾਂ ਇਸ ਪਿਛੇ ਕੋਈ ਨਾ ਕੋਈ ਹਥ ਜਾਂ ਤਾਕਤ ਹੀ ਹੋਵੇਗੀ। ਇਸੇ ਤਰ੍ਹਾਂ ਜਦੋਂ ਮੈਂ ਆਪਣੀ ਸ਼ਰੀਰਕ ਉਤੇਜਨਾ ਤੋਂ ਵਾਕਿਫ ਹੁੰਦਾ ਹਾਂ ਤਦ ਇਸ ਦਾ ਕਾਰਣ ਮਨ ਤੇ ਦਿਮਾਗ਼ ਦਾ ਪ੍ਰਸਪਰ ਸਬੰਧ ਹੀ ਮਿਥਿਆ ਜਾ ਸਕਦਾ ਹੈ। ਮੇਰੇ ਤੇ ਹੋਰ ਜੜ੍ਹ ਪਦਾਰਥਾਂ ਵਿਚ ਫਰਕ ਵੀ ਇਹੋ ਹੈ, ਕਿ ਹੋਰ ਪਦਾਰਥ (ਲੋਹਾ ਆਦਿ) ਦੁਖ ਸੁਖ ਅਨੁਭਵ ਨਹੀਂ ਕਰ ਸਕਦੇ ਪਰ ਮੈਂ ਕਰਦਾ ਹਾਂ। ਇਸ ਦਾ ਭਾਵ ਇਹੋ ਹੀ ਹੋ ਸਕਦਾ ਹੈ ਕਿ ਮੇਰੇ ਅੰਦਰ ਕੋਈ ਮਨ ਹੈ ਜੋ ਲੋਹੇ ਆਦਿ ਪਦਾਰਥ ਵਿਚ ਨਹੀਂ, ਅਤੇ ਇਸ ਦਾ (ਮਨ ਦਾ) ਮੇਰੇ ਸਰੀਰ ਨਾਲ ਕੋਈ ਨ ਕੋਈ ਸਬੰਧ ਜ਼ਰੂਰ ਹੈ।

੪. ਇਕ ਹੋਰ ਸਿਧਾਂਤ, ਉਪਰਲੇ ਦੋਹਾਂ ਸਿਧਾਂਤਾਂ ਤੋਂ ਵਧੇਰੇ ਮੰਨਣ ਯੋਗ ਤੇ ਪ੍ਰਮਾਣੀਕ ਹੈ ਕਿਉਂਕਿ ਇਹ ਜਿਥੇ ਮਨ ਦੀ ਹੋਂਦ ਤੋਂ ਇਨਕਾਰੀ ਨਹੀਂ, ਉਥੇ ਉਹ ਮਨ ਤੇ ਦਿਮਾਗ਼ ਦਾ ਪ੍ਰਸਪਰ ਸਬੰਧ ਵੀ ਜਤਾਂਦਾ ਹੈ। ਇਹ ਸਿਧਾਂਤ ਮੰਨਦਾ ਹੈ ਕਿ ਦਿਮਾਗ਼ ਅਤੇ ਮਨ ਦੋ ਅੱਡ ਅੱਡ ਵਸਤਾਂ ਹਨ। ਪਰ ਜਿਥੇ ਦਿਮਾਗ਼ੀ ਅਮਲ ਨਿਰੋਲ ਮਸ਼ੀਨੀ (Mechanical) ਹਨ, ਉਥੇ ਮਾਨਸਿਕ ਅਮਲ ਇਰਾਦੀ (Purposive) ਹਨ। ਪਰ ਇਕ ਦੂਜੇ ਨੂੰ ਪ੍ਰਸਪਰ ਪ੍ਰਭਾਵਤ ਕਰਦੇ ਤੇ ਅਮਲ ਲਈ ਪ੍ਰੇਰਦੇ ਹਨ। ਜਿਹਾ ਕਿ ਇਕ ਅਪ੍ਰਸੰਨ ਮਨੁੱਖ ਸਹਿਜੇ ਹੀ ਖਾਣਾ ਪੀਣਾ ਛਡ ਦਿੰਦਾ ਹੈ, ਉਸ ਦੀ ਮਾਨਸਿਕ ਅਵੱਸਥਾ ਸਰੀਰਕ ਭੁਖ ਨੂੰ ਪ੍ਰਭਾਵਤ ਕਰਦੀ ਹੈ। ਇਸੇ ਤਰ੍ਹਾਂ ਸਰੀਰਕ ਤੌਰ ਤੇ ਥੱਕਾ ਟੁੱਟਾ ਮਨੁੱਖ ਕਿਸੇ ਮਾਨਸਿਕ ਅਮਲ ਨੂੰ ਸਫਲਤਾ ਪੂਰਵਕ ਨਹੀਂ ਨਿਭਾ ਸਕਦਾ। ਸੋ ਅਸੀਂ ਕਹਿ ਸਕਦੇ ਹਾਂ ਕਿ ਸਰੀਰ ਤੇ ਮਨ ਦਾ ਆਪਸ ਵਿਚ ਡੂੰਘਾ ਸਬੰਧ ਹੈ।

ਅਗਲੇ ਕਾਂਡ ਵਿਚ ਅਸੀਂ ਉਨ੍ਹਾਂ ਮਨੋ-ਵਿਗਿਆਨੀਆਂ ਦੇ ਖ਼ਿਆਲ ਤੋਂ "ਮਨ ਤੇ ਸਰੀਰ" ਦੇ ਸਬੰਧ ਵਿਚਾਰਾਂਗੇ, ਜੋ ਮਨ ਨੂੰ ਸਰੀਰਕ ਪੱਧਰ ਤੋਂ ਵਿਚਾਰਦੇ ਹਨ ਅਤੇ ਮਨ ਦੀ ਕੋਈ ਵੱਖਰੀ ਹੋਂਦ ਨਹੀਂ ਮੰਨਦੇ।

ਮਨ ਤੇ ਸਰੀਰ

ਇਸ ਕਾਂਡ ਵਿਚ ਮਨੋ-ਵਿਗਿਆਨ ਦੇ ਉਨ੍ਹਾਂ ਸਿਧਾਂਤਾਂ ਦਾ ਸੰਖੇਪ ਵਰਨਨ ਕੀਤਾ ਗਿਆ ਹੈ, ਜੋ ਮਨ ਨੂੰ ਸਰੀਰ ਤੋਂ ਅੱਡਰਾ ਤੇ ਅਬਨਾਸ਼ੀ ਮਿੱਥਣ ਤੋਂ ਬਿਨਾ ਹੀ ਮਨੁੱਖੀ ਚੇਤੰਨਤਾ ਤੇ ਆਚਰਨਾਂ ਦਾ ਅਨੁਵਾਦ ਕਰਣ ਦਾ ਯਤਨ ਕਰਦੇ ਹਨ। ਜਨ ਸਾਧਾਰਣ ਲਈ, ਮਨ ਤੋਂ ਭਾਵ ਉਸ "ਕੁਝ" ਤੋਂ ਹੈ ਜੋ ਜੜ੍ਹ (Material) ਨਹੀਂ, ਜਾਂ ਸਰੀਰ ਦਾ ਇਕ ਭਾਗ ਨਹੀਂ; ਸਗੋਂ ਇਕ ਵੱਖਰੀ ਨਾਮ-ਰਹਿਤ ਸ਼ਕਤੀ ਹੈ, ਜੋ ਪਦਾਰਥ ਵਿਦਿਆ (physics) ਜਾਂ ਰਸਾਇਣ ਵਿਦਿਆ (Chemistry) ਦੇ ਨੇਮਾਂ ਦਾ, ਸਰੀਰ ਵਾਂਗ ਪਾਲਣ ਨਹੀਂ ਕਰਦੀ। ਇਨ੍ਹਾਂ ਅਰਥਾਂ ਤੋਂ ਉਲਟ ਹਰ ਥੀਊਰੀ ਤੇ ਸਿਧਾਂਤ ਜੜ੍ਹ ਵਾਦੀ ਕਿਹਾ ਜਾ ਸਕਦਾ ਹੈ।

ਪਦਾਰਥ ਵਿਦਿਆ ਦੀਆਂ ਕੁਝ ਕੁ ਥੀਊਰੀਆਂ ਜੋ ਮਨ ਦੀ ਇਸ ਤਰ੍ਹਾਂ ਦੀ ਹੋਂਦ ਨੂੰ ਸੰਭਵ ਮੰਨਦੀਆਂ ਵੀ ਹਨ, ਉਹ ਮਨ ਨੂੰ ਸਰੀਰ ਤੋਂ ਸੁਤੰਤਰ ਨਹੀਂ ਮੰਨਦੀਆਂ, ਸਗੋਂ ਉਨ੍ਹਾਂ ਦੇ ਖ਼ਿਆਲਾਂ ਅਨੁਸਾਰ ਮਨ ਦਾ ਕੰਮ ਨਿਰੋਲ ਉਨ੍ਹਾਂ ਘਟਨਾਂਵਾਂ ਤੋਂ ਜਾਣੂ ਰਹਿਣਾ ਹੈ ਜੋ ਸਰੀਰ ਵਿਚ ਵਾਪਰਦੀਆਂ ਹਨ। ਮਨ ਘਟਨਾਵਾਂ ਨੂੰ ਪੈਦਾ ਨਹੀਂ ਕਰ ਸਕਦਾ ਤੇ ਨਾ ਹੀ ਕਾਬੂ ਵਿਚ ਰਖ ਸਕਦਾ ਹੈ। ਇਹਦਾ ਕੰਮ ਨਿਰੋਲ ਉਨ੍ਹਾਂ ਨੂੰ ਰੀਕਾਰਡ ਕਰਣਾ ਹੈ। ਇਸ ਲਈ ਇਹ ਸਿਧਾਂਤ ਵੀ ਜੜ੍ਹ-ਵਾਦੀ ਹੀ ਕਹੇ ਜਾ ਸਕਦੇ ਹਨ, ਕਿਉਂਕਿ ਇਹ ਵੀ ਸਰੀਰ ਨੂੰ ਹੀ ਮੁਖ ਰਖਦੇ ਹਨ।

ਸੋ ਸਾਡੇ ਲੇਖ ਦਾ ਬਹੁਤਾ ਸਬੰਧ ਮਾਨਵ ਮਨੋ-ਵਿਗਿਆਨ ਨਾਲ ਹੈ, ਜੋ ਕਹਿੰਦਾ ਹੈ, "ਜਾਂ ਤਾਂ ਮਨ ਹੈ ਹੀ ਨਹੀਂ, ਤੇ ਜੇ ਹੈ, ਤਦ ਸਭ

ਕੁਝ ਜੋ ਮਨ ਵਿਚ ਵਾਪਰਦਾ ਹੈ ਸਿਰਫ ਸਰੀਰਕ ਕਿਰਿਆਵਾਂ ਦਾ ਪ੍ਰਤੀਬਿੰਬ ਹੈ।" ਉਨ੍ਹੀਵੀਂ ਸਦੀ ਤੋਂ ਇਹ ਖ਼ਿਆਲ ਵਧੇਰੇ ਪ੍ਰਪੱਕ ਹੁੰਦਾ ਜਾ ਰਿਹਾ ਹੈ ਤੇ ਵਰਤਮਾਨ ਮਨੋ-ਵਿਗਿਆਨੀ ਇਸੇ ਸਿਧਾਂਤ ਨੂੰ ਵੱਖ ਵੱਖ ਢੰਗ ਨਾਲ ਵਰਨਨ ਕਰਦੇ ਹਨ।

ਉਨ੍ਹੀਵੀਂ ਸਦੀ ਦੇ ਸਾਇੰਸ-ਵੇਤਾਂ "ਵਿਸ਼ਵ–ਪ੍ਰਬੰਧ" ਵਿਚ ਮਨ ਦੀ ਮਹੱਤਤਾ ਨੂੰ ਛੁਟਿਆਣ ਦੇ ਯਤਨ ਕਰਦੇ ਰਹੇ।

"ਡਾਰਵਨ" ਦੇ ਵਿਕਾਸ਼ ਸਿਧਾਂਤ ਵਿਚ ਪ੍ਰੋਟੋਪਲਾਸਮਿਕ ਝਿੱਲੀ ਤੋਂ ਲੈ ਕੇ, ਪੂਰਨ ਉੱਨਤ ਮਨੁੱਖ ਤਕ, ਜੀਵਨ ਦੌੜ ਵਿਚ ਮਨ ਦਾ ਕੋਈ ਦਖ਼ਲ ਨਹੀਂ ਦਸਿਆ ਗਿਆ। ਉਹਦੇ ਖ਼ਿਆਲ ਅਨੁਸਾਰ ਸ਼ਰੇਣੀਆਂ ਦਾ ਪਰਵਰਤਨ ਸੰਤਾਨ ਨੂੰ ਮਾਪਿਆਂ ਤੋਂ ਭਿੰਨਤਾ ਦਿੰਦਾ ਤੇ ਜੀਵਨ ਉਸਾਰੀ ਕਰਦਾ ਰਿਹਾ ਹੈ। ਤੇ ਜੇ ਪੁਛਿਆ ਜਾਏ ਕਿ ਇਹ ਪਰਵਰਤਨ ਕਿਉਂ ਤੇ ਕਿਸ ਤਰ੍ਹਾਂ ਹੋਇਆ, ਤਦ ਡਾਰਵਨ ਇਸ ਤੋਂ ਪੂਰਨ ਅਗਿਆਨਤਾ ਪ੍ਰਗਟ ਕਰਦਾ ਹੈ। ਪਰ ਫਰਾਂਸੀਸੀ ਸਾਇੰਸ ਵੇਤਾ "ਲਾਮਾਰਕ" ਪਰਵਰਤਨ ਦਾ ਕਾਰਣ ਆਲੇ ਦੁਆਲੇ ਦਾ ਪ੍ਰਭਾਵ ਦਸਦਾ ਹੈ। ਆਲੇ ਦੁਆਲੇ ਦੀ ਤਬਦੀਲੀ ਸ਼ਰੇਣੀਆਂ ਨੂੰ ਪਰਵਰਤਨ ਲਈ ਉਕਸਾਂਦੀ ਹੈ ਤੇ ਆਲੇ ਦੁਆਲੇ ਦੀਆਂ ਪ੍ਰਤਿਕੂਲ ਸ਼ਰੇਣੀਆਂ ਨੂੰ ਜੋ ਆਲੇ ਦੁਆਲੇ ਦੇ ਪ੍ਰਭਾਵਾਂ ਨੂੰ ਨਹੀਂ ਕਬੂਲਦੀਆਂ, ਖ਼ਤਮ ਹੋਣਾ ਪੈਂਦਾ ਹੈ। ਹਰ ਲਿਹਾਜ਼ ਨਾਲ ਇਹ "ਵਿਕਾਸ਼ਕ ਅਮਲ" ਸ੍ਵੈ ਚਾਲੂ (automatic) ਹੈ। ਕਿਸੇ ਮੰਤਵ ਦੀ ਪੂਰਤੀ ਲਈ, ਜਾਂ ਕਿਸੇ ਤਜਵੀਜ਼ ਦੇ ਅਧੀਨ ਨਹੀਂ, ਸਗੋਂ ਗਿਆਨ ਇੰਦਰੀਆਂ ਤੇ ਮਾਦੇ ਦੇ ਬਾਹਰ ਮੁਖੀ ਪਭਾਵਾਂ ਦਾ ਨਤੀਜਾ ਹੈ।

ਸੋ ਮਨ ਨੂੰ ਛੁਟਿਆਣ ਜਾਂ ਇਸ ਨੂੰ ਮਾਦੀ ਪੱਧਰ ਤੇ ਲਿਆਣ ਦੇ ਯਤਨ, ਉਨ੍ਹੀਵੀਂ ਸਦੀ ਦੇ ਆਦਿ ਵਿਚ ਹੀ ਜਾਰੀ ਸਨ। ਵਰਤਮਾਨ ਸਾਇੰਸ-ਵੇਤਾਵਾਂ ਨੇ ਇਸ ਯਤਨ ਨੂੰ ਸਿਰਫ ਜਾਰੀ ਹੀ ਨਹੀਂ ਰਖਿਆ, ਸਗੋਂ ਦਲੀਲੀ ਘੰਤ ਤਕ ਪਹੁੰਚਾਇਆ ਹੈ। ਉਨ੍ਹਾਂ ਦੇ ਖ਼ਿਆਲਾਂ ਅਨੁਸਾਰ ਮਾਦੇ ਨੇ ਆਪਣੇ ਅਨੰਤ ਪ੍ਰਸਪਰ ਮੇਲ ਜੋਲ ਤੇ ਅਦਲਾ

ਬਦਲੀ ਰਾਹੀਂ ਜੋ ਇਸ ਨੂੰ "ਵਿਕਾਸ਼ ਮਾਰਗ" ਵਿਚ ਕਰਨੀ ਪਈ, ਆਪਣੇ ਆਪ ਵਿਚ ਚੇਤੰਨਤਾ ਪੈਦਾ ਕਰ ਲਈ। ਮਾਦੇ ਦੀ ਇਸੇ "ਸ੍ਵੈ-ਚੇਤੰਨਤਾ" ਨੂੰ ਮਨ ਕਿਹਾ ਜਾਂਦਾ ਹੈ। ਸੋ ਮਨ ਮਾਦੇ ਦੀ ਅਤਿ ਨਫੀਸ ਤੇ ਸੂਖਮ ਸ਼ਕਲ ਹੈ, ਜਾਂ ਦਿਮਾਗ ਦੇ ਦਵਾਲੇ ਇਕ ਖਾਲੀ ਪੁਲਾੜ ਹੈ ਜਿਸ ਦਾ ਕੰਮ ਦਿਮਾਗ ਜਾਂ ਸਰੀਰ ਵਿਚ ਵਾਪਰੀਆਂ ਘਟਨਾਵਾਂ ਨੂੰ ਰੌਸ਼ਨ ਕਰਨਾ ਹੁੰਦਾ ਹੈ।

ਮਨੁੱਖ ਮਾਦੇ ਦੇ ਬਾਹਰ ਮੁਖੀ ਪ੍ਰਭਾਵਾਂ ਦੀ ਉੱਪਜ ਹੈ, ਤੇ ਇਹਦਾ ਮਨ ਸਰੀਰ ਦੀ ਉੱਪਜ ਹੈ। ਜਿਵੇਂ ਮਨੁੱਖੀ ਸਰੀਰ ਵਿਚਲੇ ਪਰਵਰਤਨ ਉਹਦੇ ਆਲੇ ਦੁਆਲੇ ਦੀ ਤਬਦੀਲੀ ਤੋਂ ਪੈਦਾ ਹੁੰਦੇ ਹਨ, ਇਸੇ ਤਰ੍ਹਾਂ ਮਾਨਸਿਕ ਪਰਵਰਤਨ, ਆਲੇ ਦੁਆਲੇ ਤੋਂ ਪ੍ਰਭਾਵਤ, ਸਰੀਰਕ ਪ੍ਰਤਿਕਰਮਾ ਦਾ ਨਤੀਜਾ ਹਨ, ਸੋ ਮਾਦੇ ਦੀ ਉੱਨਤੀ ਦਾ, ਪ੍ਰੋਟੋ ਪਲਾਸਮਿਕ ਝਿੱਲੀ ਵਿਚ ਪਹਿਲੀ ਜੀਵਨ ਕਿਰਣ ਉਦੇ ਹੋਣ ਤੋਂ ਲੈ ਕੇ, ਮੇਰੀ ਇਸ ਸੋਚ ਸ਼ਕਤੀ ਤਕ, ਜਿਸ ਦੀ ਸਹਾਇਤਾ ਨਾਲ, ਮੈਂ ਇਹ ਲੇਖ ਲਿਖ ਰਿਹਾ ਹਾਂ, ਸਾਰਾ ਪੰਧ ਲਭਿਆ ਜਾ ਸਕਦਾ ਹੈ। ਭਾਵੇਂ ਇਸ ਸੰਗਲੀ ਦੀਆਂ ਕਈ ਕੜੀਆਂ ਹਾਲੀ ਲੱਭਣ ਯੋਗ ਹਨ, ਪਰ ਇਹ ਅਲੱਭ ਕੜੀਆਂ, ਢੇਰੀ ਜਿੰਨ ਖੋਜ ਦੀਆਂ ਮੁਥਾਜ ਹਨ ਅਤੇ ਕੇਂਦਰੀ ਨੁਕਤੇ ਲੱਭ ਜਾਣ ਤੇ ਤਸਵੀਰ ਦਾ ਸਾਦਾ ਜਿਹਾ ਚਿਤਰ ਖਿੱਚਿਆ ਜਾ ਸਕਦਾ ਹੈ।

ਇਸ ਲੇਖ ਵਿਚ ਇਨੇ ਕਠਨ ਤੇ ਲੰਮੇਰੇ ਵਿਸ਼ੇ ਨੂੰ ਸਮੇਟਣਾ ਭਾਵੇਂ ਕਠਨ ਹੈ, ਪ੍ਰੰਤੂ ਫਿਰ ਵੀ ਮਾਨਸਿਕ ਕਿਰਿਆਵਾਂ ਨੂੰ ਸਰੀਰਕ ਅਰਥਾਂ ਵਿਚ ਨਿਰੂਪਣ ਕਰਣ ਦਾ ਯਤਨ ਜ਼ਰੂਰ ਕੀਤਾ ਜਾਂਦਾ ਹੈ।

ਫਿਲਾਸਫਰ ਹੋਮਜ਼ ਦੇ ਖ਼ਿਆਲ ਅਨੁਸਾਰ ਮਨ, ਸਾਡੀਆਂ ਰੀਝਾਂ, ਜਜ਼ਬਿਆਂ, ਅੰਤਰੀਵੀ ਉਭਾਰਾਂ ਜਾਂ ਸੋਚਾਂ ਅਤੇ ਕਲਪਨਾਵਾਂ ਦਾ ਇਕੱਠ ਵਾਚਕ ਹੈ; ਸਾਡੀ ਖੋਜ, ਇਨ੍ਹਾਂ ਮਾਨਸਿਕ ਘਟਨਾਵਾਂ ਅਗੇ ਨਹੀਂ ਲੰਘਦੀ। ਸੋ ਅਸੀਂ ਹੇਠਲੇ ਪੈਰਿਆਂ ਵਿਚ ਕੁਝ ਕੁ ਜ਼ਰੂਰੀ ਮਾਨਸਿਕ ਘਟਨਾਵਾਂ ਦਾ ਮਾਦੀ ਦ੍ਰਿਸ਼ਟੀ ਕੋਣ ਤੋਂ ਬਿਆਨ ਕਰਦੇ ਹਾਂ।

ਮਨੋ-ਭਾਵ (Emotion)

ਮਨੋ-ਭਾਵਾਂ ਦੀ ਮਨੋ-ਵਿਗਿਆਨਕ ਪੜਚੋਲ ਜੋ ਇਨ੍ਹਾਂ ਨੂੰ ਮਾਦੀ ਪੱਧਰ ਤੇ ਲਿਆਂਦੀ ਹੈ, ਪ੍ਰੋ: ਲੈਂਗ ਤੇ ਵਿਲੀਅਮ ਜੇਮਜ਼ ਦੀ ਕਾਢ ਹੈ। ਤੇ ਮਨੋ ਭਾਵਾਂ ਦਾ ਇਹ ਸਿਧਾਂਤ ਜੜ੍ਹ ਵਾਦੀ ਵਿਸ਼ਵਾਸ਼ ਨੂੰ ਚੰਗੀ ਤਰ੍ਹਾਂ ਸਿੱਧ ਕਰਦਾ ਹੈ।

"ਸਾਧਾਰਣ ਮਨੁੱਖ ਲਈ ਮਨੋ-ਭਾਵ ਅੰਤਰੀਵੀ ਵੇਗ ਹਨ, ਜੋ ਬਾਹਰ ਮੁਖੀ ਪ੍ਰਭਾਵਾਂ ਰਾਹੀਂ ਅਮਲ ਲਈ ਉਕਸਾਏ ਜਾਂਦੇ ਹਨ। ਜਦੋਂ ਅਸੀਂ ਕਿਸੇ ਭਿਆਨਕ ਵਸਤੂ ਨੂੰ ਵੇਖਦੇ ਹਾਂ, ਸਾਡਾ ਅੰਤਰੀਵੀ ਡਰ ਦਾ ਮਨੋ-ਭਾਵ ਜਾਗ ਉਠਦਾ ਹੈ, ਇਹ ਮਨੋ-ਭਾਵ ਹਰ ਹਾਲਤ ਵਿਚ ਪਹਿਲਾਂ ਹੀ ਸਾਡੇ ਅੰਦਰ ਮੌਜੂਦ ਸੀ, ਪ੍ਰੰਤੂ ਜੇਮਜ਼ ਲੈਂਗ ਸਿਧਾਂਤ ਇਸ ਅਨੁਮਾਨ ਨੂੰ ਨਹੀਂ ਮੰਨਦਾ। ਉਹ ਸਾਡੇ ਅੰਦਰ ਭੌਤਕ-ਪਰਵਰਤਨ (Physiological Change) ਦੀ ਅਨਭਵਤਾ ਨੂੰ ਮਨੋ-ਭਾਵ ਕਹਿੰਦਾ ਹੈ। ਮਿਸਾਲ ਲਈ ਲਭਿਆ ਗਿਆ ਹੈ ਕਿ ਜਦੋਂ ਅਸੀਂ ਕੋਈ ਅਪਰਚਿੱਤ ਵਸਤੂ ਵੇਖਦੇ ਜਾਂ ਅਸਾਧਾਰਣ ਘੱਟਨਾ ਦਾ ਸਾਹਮਣਾ ਕਰਦੇ ਹਾਂ, ਸਾਡੇ ਗੁਟਦਿਆਂ ਵਿਚਲੀਆਂ ਖਾਸ ਪ੍ਰਕਾਰ ਦੀਆਂ ਗਿਲਟੀਆਂ, ਜਿਨ੍ਹਾਂ ਨੂੰ (Adrenal glands) ਕਿਹਾ ਜਾਂਦਾ ਹੈ, ਖਾਸ ਤਰ੍ਹਾਂ ਦਾ ਰਸ ਖਾਰਜ ਕਰਦੀਆਂ ਹਨ, ਜੋ ਸਾਡੇ ਖੂਨ ਤੇ ਪਠਿਆਂ ਨਾਲ ਮਿਲ ਕੇ, ਠਿੱਗਰ ਤਬਦੀਲੀ ਪੈਦਾ ਕਰਦਾ ਹੈ; ਭਾਵ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਅੱਖ ਪੁਤਲੀਆਂ ਖਿਲਰ ਜਾਂਦੀਆਂ ਹਨ। ਪ੍ਰੰਤੂ ਅਤਿ-ਜਟੱਲ ਪ੍ਰਸ਼ਨ ਜੋ ਪੈਦਾ ਹੁੰਦਾ ਹੈ, ਉਹ ਇਹ ਹੈ ਕਿ ਕੀ ਡਰ ਦਾ ਮਨੋ-ਭਾਵ ਗਿਲਟੀਆਂ ਨੂੰ ਰਸ ਖਾਰਜ ਕਰਣ ਲਈ ਉਕਸਾਂਦਾ ਹੈ? ਜਾਂ ਗਿਲਟੀਆਂ ਚੋਂ ਨਿਕਲਿਆ ਰਸ, ਡਰ ਦਾ ਮਨੋ-ਭਾਵ ਪੈਦਾ ਕਰਦਾ ਹੈ ? ਜੇਮਜ਼ ਸਿਧਾਂਤ ਪਰਖਣ ਲਈ ਕਈ ਤਜਰਬੇ ਕੀਤੇ ਗਏ, ਪ੍ਰੰਤੂ ਦੋਵੇਂ ਪ੍ਰਸ਼ਨ ਨਿਰੁਤਰ ਰਹੇ। ਹਾਂ ਇਨ੍ਹਾਂ ਤਜਰਬਿਆਂ ਤੋਂ ਇਹ ਜ਼ਰੂਰ ਸਿੱਧ ਹੋ ਗਿਆ ਕਿ ਸਰੀਰਕ ਕਿਰਿਆਵਾਂ ਦਾ ਮਾਨਸਿਕ ਕਿਰਿਆਵਾਂ ਨਾਲ ਅਟੁੱਟ ਗਠ ਜੋੜ ਹੈ।

ਬਿਰਤੀਆਂ (Instincts)

ਕੀ ਵਰਤਮਾਨ ਜੜ੍ਹ-ਵਾਦੀ ਇਹ ਗਲ ਮੰਨਣ ਤੋਂ ਇਨਕਾਰ ਕਰਦੇ ਹਨ, ਕਿ ਨਿਰੇ ਸਰੀਰਕ ਪਰਵਰਤਨ ਹੀ ਮਨੋ-ਭਾਵ ਉਪਜਾਣ ਲਈ ਕਾਫ਼ੀ ਹਨ। ਉਨ੍ਹਾਂ ਦੇ ਖ਼ਿਆਲ ਅਨੁਸਾਰ ਜਦੋਂ ਅਸੀਂ ਸ਼ੇਰ ਨੂੰ ਵੇਖਦੇ ਹਾਂ, ਸਾਡੇ ਅੰਦਰ ਦੀਆਂ ਬਿਰਤੀਆਂ ਹਰਕਤ ਵਿਚ ਆਉਂਦੀਆਂ ਹਨ,ਤੇ ਸ੍ਵੈ-ਰਖਿਆ ਦੀ ਬਿਰਤੀ (Instinct of escape) ਜਾਗ ਉਠਦੀ ਹੈ। ਦੂਜੇ ਸ਼ਬਦਾਂ ਵਿਚ ਇਹ ਪਰਵਿਰਤਕ ਉਪਯੋਗਤਾ (Instinctive adaptation) ਹੀ ਦਿਲ ਧੜਕਣ, ਰੋਂਗਟੇ ਖੜੇ ਹੋਣ, ਸਾਹ ਫੁਲ ਜਾਣ ਆਦਿ ਹਰਕਤਾਂ ਵਿਚ ਪ੍ਰਗਟ ਹੁੰਦੀ ਹੈ। ਸੋ ਉਨ੍ਹਾਂ ਦੇ ਖ਼ਿਆਲ ਅਨੁਸਾਰ ਸਾਡੇ ਡਰ ਦੇ ਮਨੋ-ਭਾਵ ਸਾਡੀ ਅੰਤਰੀਵੀ ਬਿਰਤੀਆਂ ਤੋਂ ਪੈਦਾ ਹੁੰਦੇ ਹਨ। ਇਹ ਬਿਰਤੀਆਂ ਉਨ੍ਹਾਂ ਦੇ ਖ਼ਿਆਲ ਅਨੁਸਾਰ ਚੌਦਾਂ ਹਨ ਜੋ ਮੁਢਲੀਆਂ ਤਿੰਨ ਬੁਨਿਆਦੀ ਲੋੜਾਂ (Fundamental neieds) ਤੋਂ ਉਪਜਦੀਆਂ ਹਨ। ਇਨ੍ਹਾਂ ਬਿਰਤੀਆਂ ਤੇ ਲੋੜਾਂ ਸਬੰਧੀ ਇਕ ਵੱਖਰਾ ਕਾਂਡ ਇਸੇ ਪੁਸਤਕ ਵਿਚ ਕਿਤੇ ਹੋਰ ਥਾਂ ਦਿਤਾ ਹੈ। ਇਥੇ ਸਿਰਫ ਏਨੀ ਗਲ ਦਸਣੀ ਹੈ ਕਿ ਕੀ ਇਹ ਬਿਰਤੀਆਂ ਨਿਰੋਲ ਮਾਨਸਿਕ ਹਨ ਜਾਂ ਇਹ ਵੀ ਮਾਦੀ ਪੱਧਰ ਤੋਂ ਪੜਚੋਲੀਆਂ ਜਾ ਸਕਦੀਆਂ ਹਨ।

ਵਰਤਮਾਨ ਵਿਗਿਆਨਕਾਂ ਨੇ ਇਨ੍ਹਾਂ ਵਰ੍ਹਿਆਂ ਵਿਚ ਮਨੁੱਖਾਂ ਦੀ ਥਾਂ ਬਹੁਤੀ ਪਸ਼ੂ-ਮਨਾਂ ਦੀ ਪੜਚੋਲ ਕੀਤੀ ਹੈ। ਕਿਉਂਕਿ ਪਸ਼ੂ ਮਨ ਵਧੇਰੇ ਸਾਦਾ, ਤੇ ਉਨ੍ਹਾਂ ਦਾ ਸਰੀਰਕ ਪ੍ਰਭਾਵਾਂ ਨਾਲ ਸਬੰਧ ਵਧੇਰੇ ਪ੍ਰਤੱਖ ਹੈ। ਸਗੋਂ ਪਸ਼ੂ ਘਟ ਰਸਕਿ, ਸਦਾਚਾਰੀ ਜਾਂ ਪਵਿਤ੍ਰ ਹਨ, ਜਿਨ੍ਹਾਂ ਸਬੰਧੀ ਪੜਚੋਲ ਸਹਾਰੀ ਜਾ ਸਕਦੀ ਹੈ।

ਸੋ ਪਸ਼ੂ ਬਿਰਤੀਆਂ ਦੀ ਪੜਚੋਲ ਨੇ ਸਿੱਧ ਕੀਤਾ ਹੈ, ਕਿ ਬਹੁਤੀਆਂ ਪਸ਼ੂ ਬਿਰਤੀਆਂ ਸਰੀਰਕ ਪ੍ਰਭਾਵਾਂ ਤੋਂ ਪੈਦਾ ਹੁੰਦੀਆਂ ਹਨ। ਮਿਸਾਲ ਦੇ ਤੌਰ ਤੇ ਫਰਾਂਸੀਸੀ ਮਨੋ-ਵਿਗਿਆਨੀ ਗਿਆਰਟ (Giart) ਨੇ ਸਿੱਧ ਕੀਤਾ ਹੈ ਕਿ ਕੁਕੜੀ ਵਿਚ ਮਾਤਰੀ ਪਿਆਰ ਦੀ ਬਿਰਤੀ (Parental)

ਸਥਾਨਕ ਸੋਜ(Local inflamation) ਤੇ ਨਿਰਭਰ ਹੈ। ਇਹ ਸਥਾਨਿਕ ਜਲਨ ਜਾਂ ਸੋਜ਼, ਉਹਦੇ ਅੰਦਰ ਆਂਡਿਆਂ ਤੇ ਬੈਠਣ ਲਈ ਮਾੜ੍ਹੀ ਰੀਝ ਪੈਦਾ ਕਰਦੀ ਹੈ। ਅਤੇ ਜੇ ਗੋਲ ਮਿਰਚਾਂ ਨਾਲ ਉਹਨੂੰ ਯੋਗ ਥਾਵਾਂ ਤੇ ਛੇੜਿਆ ਜਾਵੇ, ਤਦ ਇਕ ਨਿਕੰਮੀ ਕੁਕੜੀ ਵੀ ਚੰਗੀ ਮਾਂ ਬਣ ਜਾਂਦੀ ਹੈ। ਇਸੇ ਤਰ੍ਹਾਂ ਕਈ ਪਸੂ ਬਿਰਤੀਆਂ ਦੀ ਸਾਇੰਸਦਾਨਾਂ ਨੇ ਖੋਜ ਕਰਕੇ ਦਸਿਆ ਹੈ ਕਿ ਉਹ ਸਰੀਰਕ ਪ੍ਰਭਾਵਾਂ ਦਾ ਨਤੀਜਾ ਹੁੰਦੀਆਂ ਹਨ।

ਇੱਛਾ ਸ਼ਕਤੀ (Will)

ਇੱਛਾ ਸ਼ਕਤੀ ਦਾ ਮਨ ਨਾਲ ਅਤਿ ਅਨਿਖੜਵਾਂ ਸਬੰਧ ਜਾਪਦਾ ਹੈ ਅਤੇ ਇਹੋ ਮਨ ਦੀ ਜੁਜ਼ ਮਾਦੀ ਪੱਧਰ ਤੇ ਲਿਆਣੀ ਕਠਨ ਹੈ ਜੋ ਨਾ ਸਿਰਫ ਮਾਨਸਿਕ ਅਮਲਾਂ ਨੂੰ ਸਰੀਰ ਤੋਂ ਅੱਡ ਹੋਣ ਦਾ ਧੋਖਾ ਦਿੰਦੀ ਹੈ, ਸਗੋਂ ਕਈ ਵਾਰ ਬਾਹਰ-ਮੁਖੀ ਮਾਦੇ (ਸਰੀਰ) ਤੇ ਹਕੂਮਤ ਕਰਦੀ ਹੈ। ਜਦੋਂ ਅਸੀਂ ਆਪਣੀਆਂ ਬਾਹਾਂ ਨੂੰ ਸਿਰ ਉਪਰ ਉਠਾਂਦੇ ਹਾਂ, ਜਾਂ ਹੋਰ ਕਿਸੇ ਭਾਂਤ ਦੀ ਸਰੀਰਕ ਹਿਲਜੁਲ ਕਰਦੇ ਹਾਂ, ਤਦੋਂ ਅਸੀਂ ਮਾਦੇ ਦੇ ਪ੍ਰਵੱਸ ਨਹੀਂ ਹੁੰਦੇ, ਸਗੋਂ ਆਪਣੀ ਇੱਛਾ ਅਨੁਸਾਰ ਮਾਦੇ ਤੇ ਹੁਕਮ ਚਲਾਂਦੇ ਹਾਂ। ਅਸੀਂ ਸਰੀਰਕ ਪ੍ਰਭਾਵਾਂ ਤੋਂ ਉਕਸਾਏ ਇਹ ਕੁਝ ਨਹੀਂ ਕਰਦੇ। ਉਦੋਂ ਅਸੀਂ ਸਰੀਰ ਤੋਂ ਬਿਲਕੁਲ ਕਿਸੇ ਅੱਡਰੀ ਸ਼ਕਤੀ ਨੂੰ ਵਰਤ ਰਹੇ ਹੁੰਦੇ ਹਾਂ।

ਸਾਇੰਸ ਨੇ ਇਸ ਸਬੰਧੀ ਵੀ ਕੁਝ ਖੋਜ ਕੀਤੀ ਹੈ। ਤੇ ਹਾਲੀ ਭਾਵੇਂ ਅਸੀਂ ਬਹੁਤੀਆਂ ਹਾਲਤਾਂ ਵਿਚ ਇਸ ਸ਼ਕਤੀ ਨੂੰ ਮਾਦੀ ਪ੍ਰਭਾਵ ਦਾ ਪ੍ਰਤੀਬਿੰਬ ਨਹੀਂ ਸਿੱਧ ਕਰ ਸਕੇ, ਪਰ ਫਿਰ ਵੀ ਸਾਇੰਸ ਦੀ ਹੇਠਲੀ ਖੋਜ ਸਾਨੂੰ ਸਾਡੇ ਮਨੋਰਥ ਦੇ ਨੇੜੇ ਜ਼ਰੂਰ ਕਰ ਦੇਂਦੀ ਹੈ।

ਸਾਡੇ ਇਹਸਾਬੀ ਦਸਤੂਰ ਦੇ ਉਹ ਭਾਗ ਜੋ ਪਣਿਆਂ ਦੀ ਹਿਲਜੁਲ ਦੇ ਜ਼ਿਮੇਂਵਾਰ ਹਨ, ਦਿਮਾਗ਼ ਦੀਆਂ ਖ਼ਾਸ ਤੰਤੂ ਤਹਿਾਂ ਦੇ ਅਧੀਨ ਹਨ। ਇਨ੍ਹਾਂ ਤੰਤੂ ਤਹਿਾਂ ਦਾ ਕੰਮ, ਜਜ਼ਬਾਤੀ ਲਹਿਰਾਂ ਨੂੰ ਪੁਣ ਛਾਣ ਕਰਕੇ, ਦਿਮਾਗ਼ ਦੇ ਉਸ ਭਾਗ ਵਿਚ ਘਲਣਾ ਹੈ, ਜਿਸ ਨੂੰ ਅੰਗ੍ਰੇਜ਼ੀ ਵਿਚ

"ਮਟਰ ਨਰਵਸ ਸਿਸਟਮ" ਕਿਹਾ ਜਾਂਦਾ ਹੈ। ਦਿਮਾਗ਼ ਦਾ ਇਹ ਕੇਂਦਰੀ ਭਾਗ, ਜਿਸ ਦਾ ਕੰਮ ਸਰੀਰ ਨੂੰ ਹਿਲਜੁਲ ਲਈ ਹੁਕਮ ਦੇਣਾ ਹੈ, ਇਕ ਕੰਨ ਤੋਂ ਦੂਜੇ ਕੰਨ ਤਕ, ਸਿਰ ਉਪਰ, ਦਿਮਾਗ਼ ਦੀਆਂ ਬਾਹਰਲੀਆਂ ਤਹਿਾਂ ਵਿਚ ਹੈ। ਜੇ ਇਸ ਕੇਂਦਰੀ ਭਾਗ ਨੂੰ ਬਾਹਰੋਂ ਬਿਜਲਈ ਧੱਕਿਆਂ ਨਾਲ ਛੇੜਿਆ ਜਾਵੇ, ਤਦ ਦਿਮਾਗ਼ੀ ਪਠਿਆਂ ਵਿਚ ਹਿਲਜੁਲ ਪੈਦਾ ਹੁੰਦੀ ਹੈ, ਤੇ ਮਨੁੱਖ ਆਪਣੀਆਂ ਲੱਤਾਂ ਬਾਹਾਂ ਨੂੰ ਹਿਲਾਉਂਦਾ ਹੈ। ਵਾਧਾ ਇਹ ਕਿ ਉਹ ਸਮਝਦਾ ਹੈ ਕਿ ਇਹ ਹਿਲਜੁਲ ਉਹ ਆਪਣੀ ਇੱਛਾ ਅਨੁਸਾਰ ਕਰ ਰਿਹਾ ਹੈ। ਇਸੇ ਤਰ੍ਹਾਂ ਸਾਡੇ ਕਈ ਸਰੀਰਕ ਕਰਮ ਇੱਛਾ ਅਧੀਨ ਨਹੀਂ, ਸਗੋਂ ਸ੍ਵੈ-ਚਾਲੂ ਹੁੰਦੇ ਹਨ। ਜਿਵੇਂ ਉਦਾਹਰਣ ਵਜੋਂ – ਜੇ ਆਪਣੀ ਇਕ ਲੱਤ ਨੂੰ, ਦੂਜੀ ਲੱਤ ਤੇ ਰੱਖ ਕੇ, ਉਪਰਲੇ ਗੋਡੇ ਦੀ ਟੋਪੀ ਤੋਂ ਜ਼ਰਾ ਹੇਠਾਂ, ਹੱਥ ਉਂਗਲਾਂ ਨਾਲ ਜ਼ਰਾ ਠਹਿਕਿਆ ਜਾਏ, ਤਦ ਉਪਰਲੀ ਲੱਤ ਆਪਣੇ ਆਪ ਹੀ ਉਪਰ ਵੱਲ ਉਛਲੇਗੀ। ਕਈ ਵਾਰ ਮੱਛਰ ਤੋਂ ਬਚਣ ਲਈ, ਅੱਖ ਪਲਕਾਂ ਆਪਣੇ ਆਪ ਹੀ ਬੰਦ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਅੱਖਾਂ ਦਾ ਝਮਕਣਾਂ, ਪਠਿਆਂ ਤੇ ਮਸਾਂ ਵਿਚ ਲਹੂ ਦਾ ਗੇੜ, ਦਿਲ ਧੜਕਣ, ਆਦਿ ਕਾਰਜ ਸ੍ਵੈ-ਚਾਲੂ ਹੁੰਦੇ ਹਨ। ਇੱਛਾ ਅਧੀਨ ਨਹੀਂ।

ਖ਼ਿਆਲ ਜਾਂ ਕਲਪਣਾ (Thinking)

ਖ਼ਿਆਲਾਂ ਨੂੰ ਚੇਤੰਨਤਾ ਦਾ ਇਕ ਜ਼ਰੂਰੀ ਭਾਗ ਕਿਹਾ ਜਾਂਦਾ ਹੈ। ਇਨ੍ਹਾਂ ਸਬੰਧੀ ਵੀ ਸਾਇੰਸ ਦੀ ਅਤਿ ਹੈਰਾਨੀ ਜਨਕ ਖੋਜ ਹੈ। ਦਸਿਆ ਹੈ ਕਿ ਜਦੋਂ ਅਸੀਂ ਸੋਚਦੇ ਹੁੰਦੇ ਹਾਂ, ਸਾਡੀ ਕੰਠ-ਨਾਲੀ (Larynx) ਵਿਚਲੇ ਕੁਝ ਪੱਠੇ ਹਰਕਤ ਵਿਚ ਹੁੰਦੇ ਹਨ। ਇਨ੍ਹਾਂ ਦੀ ਹਿਲਜੁਲ ਉਨ੍ਹਾਂ ਸ਼ਬਦਾਂ ਦੀ ਅਚੇਤ ਗਿਆਤ ਕਰਕੇ ਹੁੰਦੀ ਹੈ, ਜਿਨ੍ਹਾਂ ਹਾਲੀ ਬੋਲੀ ਦਾ ਰੂਪ ਨਹੀਂ ਵਟਾਇਆ। ਸੋ ਸਿੱਧ ਹੈ ਕਿ ਕਲਪਨਾਵਾਂ ਜਾਂ ਖ਼ਿਆਲ ਜਹੀਆਂ ਮਾਨਸਿਕ ਵਸਤਾਂ ਭੀ ਮਾਦੀ ਪ੍ਰਭਾਵ ਹੇਠ ਹਨ।

★

ਬਿਰਤੀਆਂ INSTINCTS

ਜਾਨ ਲਾਕ, ਸਤਾਰ੍ਹਵੀਂ ਸਦੀ ਦਾ ਚਿੰਤਕ, ਆਪਣੇ ਪ੍ਰਸਿਧ ਲੇਖ (Human understanding) ਵਿਚ, ਇਸ ਸਿਧਾਂਤ ਨੂੰ ਰੱਦਦਾ ਹੈ ਕਿ ਜਨਮ ਤੋਂ ਹੀ ਮਨੁੱਖ, ਆਪਣੇ ਨਾਲ ਕੁਝ ਪੈਦਾਇਸ਼ੀ ਸੁਭਾਵ ਜਾਂ ਬਿਰਤੀਆਂ (Instincts) ਲਿਆਉਂਦਾ ਹੈ। ਉਹਦੇ ਖ਼ਿਆਲ ਅਨੁਸਾਰ, "ਜਨਮ ਵੇਲੇ ਮਨੁੱਖੀ ਮਨ ਦੀ ਕੋਈ ਹੋਂਦ ਨਹੀਂ ਹੁੰਦੀ, ਸਗੋਂ ਬੱਚਾ ਜਨਮ ਵੇਲੇ, ਇਕ ਮੋਮੀ ਲੋਥੜੇ ਵਰਗਾ ਹੁੰਦਾ ਹੈ, ਜੋ ਇੰਦਰੀ ਸੂਝ ਦੀ ਸਹਾਇਤਾ ਨਾਲ ਦੁਆਲੇ ਦੇ ਅਸਰ ਕਬੂਲਦਾ, ਵੱਟਦਾ ਰਹਿੰਦਾ ਹੈ। ਜਿਉਂ ਜਿਉਂ ਉਹ ਵੱਡਾ ਹੁੰਦਾ ਹੈ, ਤਿਉਂ ਤਿਉਂ ਇਹ ਪ੍ਰਭਾਵ ਉਹਦੇ ਮਨ ਨਾਲ ਟਕਰਾ ਕੇ, ਉਹਨੂੰ ਪ੍ਰਭਾਵਤ ਕਰਦੇ ਰਹਿੰਦੇ ਹਨ ਤੇ ਉਹਦੇ ਖ਼ਿਆਲਾਂ, ਖ਼ਾਹਿਸ਼ਾਂ ਤੇ ਅਨੁਭਵਾਂ ਦਾ ਬਾਨਣੂ ਬੰਨ੍ਹਦੇ ਹਨ। ਉਹਦੇ ਖ਼ਿਆਲ ਨਿਰੋਲ, ਉਹਦੀ 'ਇੰਦਰੀ ਸੂਝ" ਦਾ ਪਰਤੌ ਹਨ। ਭਾਵ ਹਰ ਨਵਾਂ ਖ਼ਿਆਲ, ਅਭਿਆਸ ਜਾਂ ਤਜਰਬੇ ਤੋਂ ਪਿਛੋਂ ਹੀ ਹੋਂਦ ਵਿਚ ਆਉਂਦਾ ਹੈ। ਪਰ ਜੇ ਉਹ ਬੱਚਾ, ਅੰਨ੍ਹਾਂ, ਬੋਲਾ, ਜਾਂ ਗੁੰਗਾ ਹੋਵੇ, ਤਦ ਉਹਦੀ 'ਇੰਦਰਕ ਸੂਝ' ਔਸਤ ਬੱਚੇ ਤੋਂ ਘਟ ਤੇ ਮਹਿਦੂਦ ਹੁੰਦੀ ਹੈ, ਭਾਵ ਉਹਦੇ ਖ਼ਿਆਲ, ਬਹੁਤੇ ਸ਼ਕਤੀਸ਼ਾਲੀ ਤੇ ਵਿਸ਼ਾਲ ਨਹੀਂ ਹੁੰਦੇ।" ਪ੍ਰੰਤੂ ਇਹ ਖ਼ਿਆਲ ਕਿਥੋਂ ਤਕ ਠੀਕ ਹੈ, ਕਿ ਅੰਨ੍ਹੇ, ਬੋਲੇ, ਜਾਂ ਗੁੰਗੇ ਮਨੁੱਖਾਂ ਦੇ ਖ਼ਿਆਲ, ਔਸਤ ਮਨੁੱਖ ਤੋਂ ਘਟੀਆ ਅਤੇ ਮਹਿਦੂਦ ਹੁੰਦੇ ਹਨ? ਸਗੋਂ ਇਸ ਤੋਂ ਉਲਟ ਅੰਨ੍ਹੇ ਮਨੁੱਖ ਕਈ ਵਾਰ, ਔਸਤ ਮਨੁੱਖ ਤੋਂ ਵੀ ਡੂੰਘਾ ਸੋਚਣ ਵਾਲੇ ਹੁੰਦੇ ਹਨ। ਇਸ ਤੋਂ ਸਾਨੂੰ ਇਹ ਅਨੁਮਾਨ ਕਰਨਾ ਪੈਂਦਾ ਹੈ ਕਿ ਮਨੁੱਖ

ਦੇ ਅੰਦਰ ਜਨਮ ਤੋਂ ਹੀ ਕੋਈ "ਅੰਤਰੀਵੀ ਖਿੱਚ" ਹੁੰਦੀ ਹੈ, ਜੋ ਉਸ ਨੂੰ ਉੱਨਤੀ ਲਈ ਉਕਸਾਂਦੀ ਤੇ ਸ੍ਵੈ-ਪ੍ਰਗਿਟਾ ਲਈ ਮਜਬੂਰ ਕਰਦੀ ਹੈ।

ਇਹ ਅਨੁਮਾਨ ਵਿਕਾਸ਼ ਸਿਧਾਂਤ (evolution theory) ਦੀ ਉਪਜ ਨੇ ਵਧੇਰੇ ਠੀਕ ਸਿਧ ਕਰ ਦਿਤਾ ਹੈ। ਜੇ ਮਨੁੱਖ ਪਸੂ-ਪੱਧਰ ਤੋਂ ਹੀ ਉੱਨਤ ਹੋ ਕੇ, ਵਰਤਮਾਨ ਸ਼ਕਲ ਵਿਚ ਪੁਜਾ ਹੈ, (ਇਹ ਖ਼ਿਆਲ ਹੁਣ ਸਰਬ ਪ੍ਰਵਾਨਗੀ ਲੈ ਚੁਕਾ ਹੈ) ਤਦ ਉਹਦੇ ਅੰਦਰ ਪਸੂ ਜਜ਼ਬੇ, ਕਿਸੇ ਨਾ ਕਿਸੇ ਸ਼ਕਲ ਵਿਚ ਹਾਲੀ ਮੌਜੂਦ ਹੋਣਤੇ। ਜੀਵ-ਵਿਗਿਆਨ ਦੇ ਵਿਦਿਆਰਥੀ ਸਾਨੂੰ ਮਖੀਰਾਂ ਕੀੜੀਆਂ ਅਤੇ ਡੇਮੂਆਂ ਸਬੰਧੀ ਅਸਚਰਜ ਗੱਲਾਂ ਦਰਸਾਂਦੇ ਹਨ, ਜਿਨ੍ਹਾਂ ਤੋਂ ਇਹ ਸਾਡਾ ਅਨੁਮਾਨ ਠੀਕ ਸਿਧ ਹੁੰਦਾ ਹੈ, ਕਿ ਮਨੁੱਖ ਵਿਚ ਜਨਮ ਤੋਂ ਹੀ ਕੁਝ ਕੁ ਅੰਤਰੀਵੀ ਖਿੱਚਾਂ ਜ਼ਰੂਰ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਆਰੰਭਕ ਬਿਰਤੀਆਂ ਕਹਿ ਸਕਦੇ ਹਾਂ।

ਮਾਦਾ ਡੇਮੂੰ ਅੰਡੇ ਦੇਣ ਤੋਂ ਪਹਿਲਾਂ ਹੀ ਆਪਣੀ ਖੱਖਰ ਬਨਾਣਾ ਆਰੰਭ ਦੇਂਦੀ ਹੈ। ਇਹ ਏਨਾਂ ਹੀ ਵਡਾ ਹੁੰਦਾ ਹੈ ਕਿ ਮਸਾਂ ਉਹਦੇ ਅੰਡੇ ਹੀ ਉਸ ਵਿਚ ਆ ਸਕਦੇ ਹਨ। ਖੱਖਰ ਪੂਰਣ ਹੋਣ ਤੇ, ਅੰਡੇ ਉਸ ਵਿਚ ਟਿਕਾ ਦਿਤੇ ਜਾਂਦੇ ਹਨ ਤੇ ਮਾਦਾ ਆਪ ਉਡ ਜਾਂਦੀ ਹੈ, ਕਿਉਂਕਿ ਉਹਦਾ ਫਰਜ਼ ਪੂਰਾ ਹੋ ਚੁਕਾ ਹੁੰਦਾ ਹੈ। ਆਦਿ ਤੋਂ ਅੰਤ ਤੀਕ, ਉਹ ਬਿਨਾ ਕਿਸੇ ਅਭਿਆਸ ਦੇ ਹੀ ਇਸ ਕਾਰਜ ਨੂੰ ਪੂਰਾ ਕਰਦੀ ਹੈ, ਅਤੇ ਇਸ ਤਰ੍ਹਾਂ ਉਸ ਦਾ ਜੀਵਨ-ਚੱਕਰ, ਆਪਣੇ ਆਪ ਹੀ ਚਲਦਾ ਰਹਿੰਦਾ ਹੈ।

ਇਸੇ ਤਰ੍ਹਾਂ ਪੰਛੀਆਂ ਸਬੰਧੀ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਉਹ ਆਪਣੇ ਆਲ੍ਹਣੇ ਬਨਾਉਣੇ ਆਰੰਭਦੇ ਹਨ ਪਹਿਲੇ ਆਲ੍ਹਣੇ ਲਈ ਵੀ, ਜਦੋਂ ਉਨ੍ਹਾਂ ਦੇ ਮੂੰਹ ਵਿਚ ਤੀਲ੍ਹਾ ਦਿਤਾ ਗਿਆ, ਉਨ੍ਹਾਂ ਆਲ੍ਹਣਾ ਬਨਾਉਣਾ ਨਹੀਂ ਆਰੰਭਿਆ। ਪ੍ਰੰਤੂ ਜਦੋਂ ਉਨ੍ਹਾਂ ਦੇ ਅੰਦਰੋਂ,

ਆਪਣੇ ਆਪ ਅੰਤ੍ਰੀਵੀ ਰੀਝ ਪੈਦਾ ਹੁੰਦੀ ਹੈ ਉਹ ਆਪਣੇ ਆਪ ਇਸ ਕਾਰਜ ਵਲ ਪ੍ਰੇਰੇ ਜਾਂਦੇ ਹਨ, ਤੇ ਬਿਨਾ ਕਿਸੇ ਪਹਿਲੇ ਅਭਿਆਸ ਦੇ ਹੀ ਅਜਿਹੇ ਜਟੱਲ ਕਾਰਜ ਨੂੰ ਨੇਪਰੇ ਚਾੜ੍ਹ ਲੈਂਦੇ ਹਨ । ਇਹੋ ਗਲ ਮਨੁੱਖ ਸਬੰਧੀ ਵੀ ਕਹੀ ਜਾ ਸਕਦੀ ਹੈ।

ਇਨ੍ਹਾਂ ਡੇਮੂਆਂ ਜਾਂ ਮਖੀਰਾਂ ਵਿਚ, ਅਸੀਂ ਤਿੰਨ ਤਰ੍ਹਾਂ ਦੀਆਂ ਬੁਨਿਆਦੀ ਬਿਰਤੀਆਂ ਵੇਖਦੇ ਹਾਂ। ਉਸਾਰੂ (ਆਹਲਣੇ ਜਾਂ ਖਖਰ ਬਣਾਉਣੇ), ਬੱਚੇ ਨੂੰ ਪਾਲਣਾ, ਤੇ ਲਿੰਗ-ਕਾਮਨਾ ਭਾਵ ਨਰਮਾਦੇ ਦਾ ਇਕ ਦੂਜੇ ਵਲ ਝੁਕਾ । ਪੰਛੀਆਂ ਵਿਚ ਵੀ ਇਹੋ ਤਿੰਨ ਤਰ੍ਹਾਂ ਦੀਆਂ ਬਿਰਤੀਆਂ ਹਨ; ਭਾਵੇਂ ਇਨ੍ਹਾਂ ਵਿਚ ਇਹ ਅਮਲ ਵਧੇਰੇ ਚਿਰ ਲਈ ਹੁੰਦਾ ਹੈ। ਮਨੁੱਖ ਵਿਚ ਇਹ ਆਰੰਭਕ ਬਿਰਤੀਆਂ ਅਣਗਿਣਤ ਹਨ, ਜਿਨ੍ਹਾਂ ਸਬੰਧੀ ਮਨੋ-ਵਿਗਿਆਨੀ ਵੱਖ ਵੱਖ ਖ਼ਿਆਲ ਰਖਦੇ ਹਨ । ਮੈਕਡੋਗਲ ਨੇ ਆਪਣੀ ਪੁਸਤਕ (Out lines of Psychology) ਵਿਚ ਇਨ੍ਹਾਂ ਦੀ ਗਿਣਤੀ ਘਟੋ ਘਟ ਚੌਦਾਂ ਦਸੀ ਹੈ । ਉਹ ਇਨ੍ਹਾਂ ਦੀ ਵਿਆਖਿਆ ਇਸ ਤਰ੍ਹਾਂ ਕਰਦਾ ਹੈ।

"ਬਿਰਤੀ ਸ਼ਬਦ ਦੀ ਵਰਤੋਂ ਕਰਨ ਵੇਲੇ, ਸਾਨੂੰ ਵਿਗਿਆਨਕ ਹੱਦਾਂ ਤੋਂ ਬਾਹਰ ਨਹੀਂ ਜਾਣਾ ਚਾਹੀਦਾ, ਅਤੇ ਇਸ ਸ਼ਬਦ ਨੂੰ ਆਪਣੇ ਵਿਸ਼ੇਸ਼ ਸੁਆਦਾਂ ਜਾਂ ਰੁਚੀਆਂ(Interests & Hobbies)ਲਈ ਵਰਤਕੇ ਇਸ ਦੀ ਗ਼ਲਤ ਵਰਤੋਂ ਨਹੀਂ ਕਰਨੀ ਚਾਹੀਦੀ। ਕਿਉਂਕਿ ਇਹ ਸੁਆਦ ਜਾਂ ਰੁਚੀਆਂ ਸਾਡੀ ਸੂਝ ਤੋਂ ਉਪਜਦੀਆਂ ਹਨ, ਜੋ ਸਾਡੇ ਭੂਤ ਦੇ ਤਜਰਬਿਆਂ ਦਾ ਨਚੋੜ ਹੁੰਦੀ ਹੈ । ਪਰ ਬਿਰਤੀ ਸਾਡੀ ਉਹ ਅੰਤਰੀਵੀ ਪੈਦਾਇਸ਼ੀ ਸ਼ਕਤੀ ਹੈ, ਜੋ ਸਾਡੇ ਨੀਯਤ ਕਾਰਜਾਂ ਦੀ ਜ਼ਿਮੇਂਵਾਰ ਹੈ ।" ਮਨੁੱਖ ਅੰਦਰ ਕੰਮ ਕਰ ਰਹੇ ਮੁਢਲੇ ਤਿੰਨ ਸੁਭਾਵ ਜਾਂ ਬਿਰਤੀਆਂ ਹਨ । ਹਉਮੈ (Self ego), ਕਾਮ (Sex) ਅਤੇ ਲੋਕਾਚਾਰ (Herd) । ਮੈਕਡਾਗਲ ਦੀਆਂ ਦਸੀਆਂ ਬਿਰਤੀਆਂ ਦੀਆਂ ਚੌਦਾਂ ਕਿਸਮਾਂ ਵੀ ਇਨ੍ਹਾਂ ਤਿੰਨਾਂ ਦਾ ਹੀ ਖਿਲਾਰ ਹਨ। ਹਉਮੈ ਦਾ ਮੰਤਵ ਸ੍ਵੈ-ਉਨਤੀ, ਕਾਮ ਦਾ

ਜਾਤੀ ਉਤਪਤੀ, ਅਤੇ ਲੋਕਾਚਾਰ ਦਾ ਮੰਤਵ ਸਮਾਜਕ ਜਥੇਬੰਦੀ ਹੈ। ਹੇਠਾਂ ਅਸੀਂ ਚੌਦਾਂ ਪ੍ਰਕਾਰ ਦੀਆਂ ਬਿਰਤੀਆਂ, ਉਪਰਲੀਆਂ ਤਿੰਨ ਮੂਲ ਬਿਰਤੀਆਂ ਅਨੁਸਾਰ ਵੰਡਦੇ ਹਾਂ। ਇਨ੍ਹਾਂ ਤੋਂ ਅਗੇ ਕਈ ਮਨੋਭਾਵ (Emotion) ਉਪਜਦੇ ਹਨ, ਜਿਨ੍ਹਾਂ ਤੇ ਇਕ ਵਖਰਾ ਕਾਂਡ ਦੇ ਰਹੇ ਹਾਂ।

ੳ. ਹਉਮੈ (Self ego)–

(੧) ਸ੍ਵੈ-ਰਖਿਆ। (੨) ਘਿਰਣਾ। (੩) ਅਧੀਨਤਾ। (ਆਪਣੇ ਨਾਲੋਂ ਤਕੜੇ ਸਾਹਮਣੇ ਝੁਕਣਾ)। (੪) ਕਿਸੇ ਤੇ ਹਮਲਾ ਕਰਨ ਦੀ ਬਿਰਤੀ। (੫) ਸ੍ਵੈ-ਪ੍ਰਗਿਟਾ। (੬) ਉਤਸਕਤਾ (Curiosity), ਗੁਝੀਆਂ ਗੱਲਾਂ ਦੀ ਖੋਜ। (੭) ਮਲਕੀਅਤ ਜਾਂ ਕਬਜ਼ੇ ਦੀ ਬਿਰਤੀ। (੮) ਸ੍ਰੀਰਕ ਤ੍ਰਿਪਤੀ। (੯) ਉਸਾਰੂ ਬਿਰਤੀ। (੧੦) ਸਰੀਰਕ ਸੁਖ।

ਅ. ਕਾਮ (Sex)–

(੧੧) ਤੀਵੀਂ ਮਰਦ ਦਾ ਇਕ ਦੂਜੇ ਵਲ ਝੁਕਾ। (੧੨) ਮਾਤਾ ਪਿਤਾ ਅਤੇ ਬੱਚਿਆਂ ਦਾ ਪ੍ਰਸਪਰ ਝੁਕਾ (ਵਾਤਸਲ ਪਿਆਰ)।

ੲ. ਲੋਕਾਕਾਰ–

(੧੩) ਸਮਾਜ ਜਾਂ ਜਾਤੀ ਤੋਂ ਪ੍ਰਸੰਸਾ ਲੈਣੀ। (੧੪) ਜਾਤੀ ਨਾਲ ਇਕ-ਸੁਰਤਾ ਪੈਦਾ ਕਰਨੀ।

ਉਪਰੋਕਤ ਵੇਰਵੇ ਨੂੰ ਜ਼ਰਾ ਧਿਆਨ ਨਾਲ ਵੇਖਣ ਤੋਂ ਪਤਾ ਲਗਦਾ ਹੈ ਕਿ ਇਹ ਦੂਜੇ ਤੋਂ ਬਿਲਕੁਲ ਅੱਡ ਅੱਡ ਨਹੀਂ ਹਨ ਸਗੋਂ ਇਕ ਦੂਜੇ ਨਾਲ ਸਾਂਝੀਆਂ ਵੀ ਹਨ। ਜਿਵੇਂ ਸ੍ਵੈ-ਪ੍ਰਗਿਟਾ ਅਤੇ ਹਮਲਾ-ਕਰੂ ਬਿਰਤੀ, ਕਾਮ ਬਿਰਤੀ ਦੇ ਦੂਜੇ ਅੰਗ, ਵਾਤਸਲ ਨਾਲ ਮੇਲ ਖਾਂਦੀ ਹੈ; ਭਾਵ ਬੱਚਿਆਂ ਨੂੰ ਸ਼ਤਰੂਆਂ ਤੋਂ ਬਚਾਣ ਲਈ ਮੁਕਾਬਲਾ ਕਰਨਾ। ਇਸੇ ਤਰ੍ਹਾਂ ਕਈ ਮੁਢਲੀਆਂ ਬਿਰਤੀਆਂ ਆਪੋ ਵਿਚ ਮਿਲਦੀਆਂ ਹਨ।

ਪਰ ਸਾਡੇ ਲਈ ਇੰਨਾ ਜਾਨਣਾ ਜ਼ਰੂਰੀ ਹੈ ਕਿ ਮਨੁਖ ਜਨਮ ਵੇਲੇ ਲਾਕ (Lock) ਦੇ ਕਹੇ ਅਨੁਸਾਰ, ਇਕੋ ਮੋਮ ਦਾ ਲੋਥੜਾ ਹੀ ਨਹੀਂ ਹੁੰਦਾ ਜੋ ਆਪਣੀ ਏਂਦ੍ਰਕ ਚੇਤੰਨਤਾ ਦੀ ਸਹਾਇਤਾ ਨਾਲ, ਬਾਹਰਲੇ ਪ੍ਰਭਾਵਾਂ ਅਨੁਸਾਰ

ਢਲਣਾ ਆਰੰਭਦਾ ਹੈ; ਸਗੋਂ ਉਹਦੇ ਅੰਦਰ, ਜਨਮ ਤੋਂ ਹੀ ਕੁਝਕੁ ਬੁਨਿਆਦੀ ਸੁਭਾਵ ਜਾਂ ਬਿਰਤੀਆਂ ਹੁੰਦੀਆਂ ਹਨ, ਜੋ ਉਹਨੂੰ ਵਖ ਵਖ ਪ੍ਰੇਰਦੀਆਂ ਹਨ। ਇਹ ਬਿਰਤੀਆਂ ਮਨੁੱਖੀ ਜੀਵਨ-ਸ਼ਕਤੀ ਦੇ ਵਹਿਣ ਹਨ, ਜੋ ਸਾਡੀ ਮਾਨਸਿਕ ਧਰਤੀ ਦੇ ਕਿਸੇ ਡੂੰਘਾਣ ਤੋਂ ਫੁਹਾਰਿਆਂ ਵਾਂਗ ਬਾਹਰ ਨਿਕਲਕੇ, ਸਾਡੇ ਸੁਚੇਤ ਮਨ ਵਿਚ ਪ੍ਰਵੇਸ਼ ਕਰਦੇ ਹਨ। ਇਹ ਵਹਿਣ ਸਾਡੀ 'ਜੀਵਨ-ਸੱਤਾ' ਦਾ ਪ੍ਰਗਿਟਾ ਹੁੰਦੇ ਹਨ, ਜਿਨ੍ਹਾਂ ਤੇ ਸਾਡਾ ਜੀਵਨ ਨਿਰਭਰ ਰਖਦਾ ਹੈ, ਇਸ ਲਈ ਸਾਨੂੰ ਇਨ੍ਹਾਂ ਦੇ ਵਹਿਣਾਂ ਨੂੰ ਰੋਕਣਾ ਨਹੀਂ ਚਾਹੀਦਾ, ਕਿਉਂਕਿ ਇਸ ਤਰ੍ਹਾਂ ਸਾਡੀ ਸ਼ਖਸੀਅਤ ਕਮਜ਼ੋਰ ਹੋ ਜਾਦੀ ਹੈ। ਪੂਰਨ ਪ੍ਰਫੁਲਤ ਸ਼ਖਸੀਅਤ ਵਿਚ ਇਹ ਬਿਰਤੀਆਂ, ਆਪਣੇ ਸੁਚੇਤ ਮਨ ਦੀ ਪੱਧਰ ਤੇ ਸੁਤੰਤਰ ਹੋ ਕੇ ਵਿਚਰਦੀਆਂ ਹਨ ਤੇ ਜੇ ਇਹ ਆਪਣੀ ਨਿਸਚਤ ਮੰਜ਼ਲ ਵਲ ਨਾ ਜਾ ਸਕਣ, ਤਦ ਇਹਨਾਂ ਨੂੰ ਹੋਰਵੇਂ ਲਾਭਦਾਇਕ ਪਾਸਿਆਂ ਵਲ ਮੋੜਿਆ ਜਾ ਸਕਦਾ ਹੈ।

ਪ੍ਰਗਿਟਾ

ਇਨ੍ਹਾਂ ਬਿਰਤੀਆਂ ਦਾ ਸਾਧਾਰਨ ਪ੍ਰਗਿਟਾ, ਮਨੁੱਖੀ ਆਚਰਨ ਉਸਾਰੀ ਵਿਚ ਆਪਣਾ ਅਮਿਣਵਾਂ ਹਿਸਾ ਪਾਉਂਦਾ ਹੈ, ਭਾਵ ਹਉਮੈ ਸਾਨੂੰ ਅਗਾਂਹ-ਵਧੂ ਬਣਾਉਂਦੀ ਹੈ, ਸ੍ਵੈ-ਉਸਾਰੀ ਵਲ ਪ੍ਰੇਰਦੀ ਹੈ। ਕਾਮ, ਇਸਤ੍ਰੀ ਮਰਦ ਦੀ ਆਪਸ ਦੀ ਖਿਚ ਤੋਂ ਛੁਟ, ਉਨ੍ਹਾਂ ਨੂੰ ਭੋਗ ਤੇ ਸੰਤਾਨ ਉਤਪਤੀ ਲਈ ਤਿਆਰ ਕਰਦਾ ਹੈ। ਲੋਕਾਚਾਰ ਵਿਅੱਕਤੀ-ਗਤ ਨੂੰ ਸਮਾਜ ਨਾਲ ਇਕ-ਸੁਰ ਹੋਣ ਲਈ ਉਕਸਾਂਦਾ ਹੈ। ਪ੍ਰੰਤੂ ਇਹ ਬ੍ਰਿਤੀਆਂ ਸਦਾ ਆਪਣੇ ਵਹਿਣ ਨੂੰ ਬੇਰੋਕ ਨਹੀ ਰਖ ਸਕਦੀਆਂ ਭਾਵੇਂ ਇਨ੍ਹਾਂ ਦਾ ਵਹਿਣ, ਕਿਸੇ ਸਮੇਂ ਕਿੰਨਾ ਹੀ ਸ਼ਕਤੀ-ਸ਼ਾਲੀ ਕਿਉਂ ਨਾ ਹੋਵੇ। ਉਦਾਹਰਣ ਵਜੋਂ, ਇਕ ਮਨੁੱਖ ਆਪਣੀ ਸ੍ਵੈ-ਪ੍ਰਗਟਾਊ ਬਿਰਤੀ ਨੂੰ ਖੁਲ੍ਹਾ ਡੁਲ੍ਹਾ ਮਾਣ ਸਕਦਾ ਹੈ, ਜੇ ਉਹ ਕਿਸੇ ਦਫ਼ਤਰ ਜਾਂ ਕਾਰਖਾਨੇ ਵਿਚ, ਮੈਨੇਜਰ, ਜਾਂ ਸੁਪਰਵਾਈਜ਼ਰ ਹੋਵੇ। ਪਰ ਇਹੋ ਮਨੁੱਖ ਜੇ ਫੌਜ ਜਾਂ ਕਸੇ ਹੋਰ ਕਰਤ-ਸ਼ਾਲਾ ਵਿਚ, ਅਤਿ ਅਧੀਨ ਅਵਸਥਾ ਤੇ ਹੋਵੇ, ਤਦ ਉਹ

ਆਪਣੇ ਅਫਸਰ ਦੇ ਯੋਗ ਅਯੋਗ ਵਤੀਰੇ ਨੂੰ ਸਹਾਰਨ ਤੇ ਮਜਬੂਰ ਹੁੰਦਾ ਹੈ ਤੇ ਬਹੁਤੀਆਂ ਹਾਲਤਾਂ ਵਿਚ ਉਸ ਦੀ ਸ੍ਵੈ-ਪ੍ਰਗਟਾਊ ਬਿਰਤੀ ਦਬੀ ਘੁਟੀ ਰਹਿੰਦੀ ਹੈ। ਅਣ-ਵਿਆਹਿਆ ਜੋੜਾ, ਆਪਸ ਵਿਚ ਸੱਚਾ ਸੁੱਚਾ ਪਿਆਰ ਹੋਣ ਦੇ ਬਾਵਜੂਦ ਵੀ, ਸਮਾਜਕ ਰੋਕਾਂ ਦੇ ਕਾਰਨ ਕਾਮ ਦਾ ਖੁਲ੍ਹਾ ਡੁਲ੍ਹਾ ਪ੍ਰਗਟਾ ਨਹੀਂ ਕਰ ਸਕਦਾ।

ਇਨ੍ਹਾਂ ਦਾ ਪ੍ਰਗਿਟਾ ਸਿਖਸ਼ਤ ਜਾਂ ਅਸਿਖਸ਼ਤ ਜਾਤੀਆਂ ਵਿਚ, ਵਖ ਵਖ ਢੰਗਾਂ ਦੁਆਰਾ ਹੋ ਸਕਦਾ ਹੈ। ਜਿਥੇ ਅਸਭਯ ਜਾਂ ਜਾਂਗਲੀ ਕੌਮਾਂ, ਹਮਲਾ-ਕਰੂ ਬਿਰਤੀ ਨੂੰ ਖਾਨਾ ਜੰਗੀ ਦੁਆਰਾ ਪ੍ਰਗਿਟ ਕਰਨਗੀਆਂ, ਉਥੇ ਸਿਖਸ਼ਤ ਕੌਮਾਂ ਇਸ ਸੁਭਾਵ ਨੂੰ, ਆਪਣਾ ਆਲਾ ਦੁਆਲਾ ਸੁਥਰਾ ਕਰਨ, ਬੀਮਾਰੀਆਂ ਜਾਂ ਸਮਾਜਕ ਅਨਿਆਂ ਵਿਰੁਧ ਬਗਾਵਤ ਕਰਨ ਲਈ ਵਰਤ ਸਕਦੀਆਂ ਹਨ। ਜਿਥੇ ਸ੍ਵੈ-ਪ੍ਰਗਿਟਾ ਦੀ ਬਿਰਤੀ ਦੇ ਵਹਿਣ ਵਿਚ ਕੋਈ ਅਸਿਖ ਮਨੁਖ ਦੂਜਿਆਂ ਨੂੰ ਆਪਣੀ ਮਰਜ਼ੀ ਦੇ ਅਧੀਨ ਕਰਨ ਲਈ ਜ਼ੋਰ ਲਾਉਂਦਾ ਹੈ, ਉਥੇ ਇਹੋ ਬਿਰਤੀ ਇਕ ਸਿਖਸ਼ਤ ਪੁਰਖ ਨੂੰ ਸਮਾਜ ਵਿਚ ਬਹੁਤਾ ਲਾਭਕਾਰੀ ਹੋਣ ਲਈ, ਤੇ ਗਿਆਨ ਅਤੇ ਕਿਰਤ ਯੋਗਤਾ ਵਿਚ ਵਾਧਾ ਕਰਨ ਲਈ ਪ੍ਰੇਰਦੀ ਹੈ। ਦੋਹਾਂ ਹਾਲਤਾਂ ਵਿਚ ਬਿਰਤੀ ਇਕੋ ਹੈ, ਪਰੰਤੂ ਵਖ ਵਖ ਮਨੋਰਥ ਲਈ ਵਰਤੀ ਜਾ ਰਹੀ ਹੈ, ਕਿਉਂਕਿ ਵਖ ਵਖ ਸਿਸ਼ਟਾ (culture) ਦੇ ਕਾਰਨ, ਇਹਦੇ ਵਹਿਣ ਨੂੰ ਵਖ ਵਖ ਪਾਸੇ ਵਲ ਮੋੜ ਦਿਤਾ ਗਿਆ ਹੈ। ਇਸ ਲਈ ਇਹ ਸਿਧ ਹੁੰਦਾ ਹੈ ਕਿ ਅਸੀਂ ਇਨ੍ਹਾਂ ਬਿਰਤੀਆਂ ਨੂੰ ਸਦਾ ਕੁਦਰਤੀ ਢੰਗ ਨਾਲ ਨਹੀਂ ਪ੍ਰਗਿਟਾ ਸਕਦੇ, ਤੇ ਨਾਹੀਂ ਇਹ ਕੁਦਰਤੀ ਪ੍ਰਗਿਟਾ ਹਰ ਅਵਸਥਾ ਵਿਚ ਲਾਭਦਾਇਕ ਵੀ ਹੈ।

ਦਬਾਉ (Repression)

ਜਦੋਂ ਇਹ ਬਿਰਤੀਆਂ ਕੁਦਰਤੀ ਨਿਕਾਸ ਨਹੀਂ ਲਭ ਸਕਦੀਆਂ, ਤਦ ਇਕ ਮਾਨਸਿਕ ਖਿਚੋਤਾਣ ਜਿਹੀ ਆਰੰਭ ਹੋ ਜਾਂਦੀ ਹੈ। ਕੁਦਰਤ ਵਲੋਂ ਇਸ ਸਮੇਂ ਮਨੁੱਖ ਨੂੰ ਸਹਾਇਤਾ ਮਿਲਣੀ ਸ਼ੁਰੂ ਹੋ ਜਾਂਦੀ ਹੈ। ਭਾਵ ਉਹ

ਇਨ੍ਹਾਂ ਤੇ ਦਬਾ ਪਾ ਕੇ, ਇਨ੍ਹਾਂ ਨੂੰ ਸੁਚੇਤ ਤੋਂ ਅਚੇਤ ਵਿਚ ਟਿਕਾ ਦੇਂਦੀ ਹੈ। ਉਦਾਹਰਣ ਵਜੋਂ, ਇਕ ਮਨੁੱਖ ਆਪਣ ਅਫਸਰ ਵਲੋਂ ਧਿਰਕਾਰਿਆ ਜਾਂਦਾ ਹੈ, ਇਸ ਦਾ ਪ੍ਰਤੀਕਰਮ ਤਾਂ ਇਹ ਹੋਣਾ ਸੀ ਕਿ ਉਹ ਸ੍ਵੈ-ਰਖਿਆ ਲਈ ਆਪਣੇ ਆਪ ਨੂੰ ਤਿਆਰ ਕਰਦਾ, ਪਰ ਇਹ ਕੁਝ ਕਰਨ ਤੋਂ ਉਹ ਅਸਮਰਥ ਹੈ, ਕਿਉਂਕਿ ਇਸ ਤਰ੍ਹਾਂ ਨੌਕਰੀ ਖੁਸ ਜਾਣ ਦਾ ਡਰ ਹੈ। ਸੋ ਇਸਦਾ ਨਤੀਜਾ ਇਹ ਹੁੰਦਾ ਹੈ ਕਿ ਓਹਦੇ ਮਨ ਅੰਦਰ ਇਕ ਜ਼ੋਰਦਾਰ ਮਾਨਸਿਕ ਖਿਚੋਤਾਣ ਆਰੰਭ ਹੋ ਜਾਂਦੀ ਹੈ। ਸ੍ਵੈ-ਆਦਰ ਦੇ ਭਾਵਾਂ ਤੇ ਨੌਕਰੀ ਛੁਟ ਜਾਣ ਦੇ ਡਰ ਵਿਚਾਲੇ, ਜਦੋਂ ਤਕ ਖਿਚੋਤਾਣ ਰਹਿੰਦੀ ਹੈ, ਉਹ ਨਾ ਹੀ ਕੰਮ ਕਰਨ ਦੇ ਯੋਗ ਹੁੰਦਾ ਹੈ, ਨਾ ਹੀ ਸ੍ਵ-ਸਤਕਾਰ ਦੇ ਜਜ਼ਬੇ ਨੂੰ ਹੀ ਪ੍ਰਗਟ ਕਰ ਸਕਦਾ ਹੈ। ਪ੍ਰੰਤੂ ਕੁਦਰਤ ਇਸ ਖਿਚੋਤਾਣ ਤੋਂ ਉਸ ਨੂੰ ਛੁਟਕਾਰਾ ਦੇਣ ਲਈ, ਉਸ ਦੀ ਆਪਾ-ਪ੍ਰਗਟਾਊ ਬਿਰਤੀ ਨੂੰ ਅਚੇਤ ਮਨ ਵਿਚ ਦਬਾ ਦਿੰਦੀ ਹੈ। ਭਾਵੇਂ ਅਸੀਂ ਚਾਹੁੰਦੇ ਹਾਂ ਕਿ ਕਿਸੇ ਤਰ੍ਹਾਂ ਇਸ ਪੀੜ ਭਰੀ ਦਸ਼ਾ (ਖਿਚੋਤਾਣ) ਤੋਂ ਛੁਟਕਾਰਾ ਮਿਲੇ, ਪਰ ਫਿਰ ਵੀ ਇਹ ਗਲ ਨਿਸਚਤ ਹੈ ਕਿ ਇਹ ਦਬਾਓ ਨਿਰੋਲ ਅਚੇਤ ਅਮਲ ਹੀ ਹੁੰਦਾ ਹੈ । ਭਾਵ ਅਸੀਂ ਨਹੀਂ ਜਾਣਦੇ ਹੁੰਦੇ ਕਿ ਸਾਡੇ ਮਨ ਅੰਦਰ ਕੀ ਵਾਪਰ ਰਿਹਾ ਹੈ।

ਦਬਾਉ ਦੇ ਅਮਲ ਸਬੰਧੀ ਕੁਝਕੁ ਜ਼ਰੂਰੀ ਗੱਲਾਂ ਚੇਤੇ ਰਖਣੀਆਂ ਚਾਹੀਦੀਆਂ ਹਨ। ਬਿਰਤੀ ਦਾ ਇਹ ਦਬਾਉ ਆਰਜ਼ੀ ਜਿਹਾ ਵੀ ਹੋ ਸਕਦਾ ਹੈ। ਮਨੁਖ ਉਸੇ ਕਠੋਰ ਅਫਸਰ ਨਾਲ ਰਹੇ, ਡਰ (ਨੌਕਰੀ ਗੁਆਚਣ ਦਾ) ਸਦਾ ਓਹਦੀ ਅਗਾਂਹ-ਵਧੂ ਬਿਰਤੀ ਨੂੰ ਦਬਾਉਂਦਾ ਰਹੇਗਾ । ਪਰੰਤੂ ਜੇ ਇਹ ਡਰ, ਇਕ ਵਾਰ ਨਿਰਮੂਲ ਸਾਬਤ ਹੋ ਜਾਵੇ, ਦਬਾਉ ਦਾ ਅਮਲ ਖ਼ਤਮ ਹੋ ਜਾਵੇਗਾ । ਪਰ ਦੂਜੀ ਹਾਲਤ ਵਿਚ ਇਹ ਦਬਾਉ ਸਦੀਵੀ ਸ਼ਕਲ ਧਾਰਨ ਕਰ ਲਵੇਗਾ, ਅਤੇ ਅਣਜਾਣੇ ਹੀ ਇਸ ਤੋਂ ਪ੍ਰਭਾਵਤ ਕਰਮ ਉਠਦੇ ਰਹਿਣਗੇ। ਸਦੀਵੀ ਦਬਾਓ ਦੋ ਵਿਰੋਧੀ ਬਿਰਤੀਆਂ ਦੀ ਅਵਿਰਲ ਖਿਚੋਤਾਣ ਦਾ ਨਤੀਜਾ ਹੁੰਦਾ ਹੈ। ਬਚਾ ਕਈ ਵਾਰ ਵਖ ਵਖ ਵਿਸ਼ਿਆਂ ਤੇ ਸੁਆਲ ਕਰਨੇ ਸ਼ੁਰੂ ਕਰ ਦਿੰਦਾ ਹੈ, ਪਰ ਮਾਪੇ ਉਹਨੂੰ ਦਬਕ ਕੇ

ਚੁਪ ਕਰਾ ਦੇਂਦੇ ਹਨ। ਅਜਿਹੇ ਬੱਚਿਆਂ ਦੀ ਗਿਆਨ ਪ੍ਰਾਪਤੀ ਵਲੋਂ ਉਪਰਾਮਤਾ ਜਿਹੀ ਹੋ ਜਾਂਦੀ ਹੈ। ਇਹੋ ਕਾਰਨ ਹੈ ਕਿ ਸਾਡੇ ਬੱਚੇ ਬਹੁਤੇ ਸਮਾਜਕ ਜਾਂ ਧਾਰਮਕ ਬੰਧਨਾਂ ਵਿਚ ਅਜਿਹੇ ਬੱਝੇ ਹੁੰਦੇ ਹਨ ਕਿ ਉਹ ਕੌਮ ਲਈ, ਪੁਰਾਣੇ ਖਿਆਲਾਂ ਦੇ ਹਾਮੀ, ਕਟੜ-ਪੰਥੀ ਜਿਹੇ ਬਣ ਜਾਂਦੇ ਹਨ; ਜੋ ਨਵੀਆਂ ਗੱਲਾਂ ਸੋਚਣ ਤੇ ਨਵੇਂ ਰਾਹਾਂ ਤੇ ਚਲਣ ਤੋਂ ਬਿਲਕੁਲ ਇਨਕਾਰੀ ਹੁੰਦੇ ਹਨ, ਸਗੋਂ ਜੀਵਨ ਵਿਚ ਵਾਪਰੀ ਹਰ ਕਠਨਤਾ ਤੇ ਗੁੰਝਲ ਅਗੇ ਸਿਰ ਨਿਵਾਣ ਲਈ ਮਜਬੂਰ ਹੁੰਦੇ ਹਨ।

ਅਪੂਰਣ ਦਬਾਉ, ਬੱਚੇ ਨੂੰ ਜ਼ਿੱਦੀ ਬਣਾ ਦਿੰਦਾ ਹੈ। ਕਾਮ ਬਿਰਤੀ ਵਿਆਹ ਤੋਂ ਪਹਿਲੋਂ ਤੇ ਕਈ ਵਾਰ ਵਿਆਹ ਪਿਛੋਂ ਵੀ, ਵਿਯੱਕਤੀਗਤ ਲਈ ਸਮਾਜਕ ਨੇਮਾਂ ਦਾ ਗ੍ਰਹਿਣ ਕਠਨ ਹੋਣ ਕਰਕੇ, ਮਾਨਸਿਕ ਖਿਚੋਤਾਣ ਦਾ ਕਾਰਣ ਬਣਦੀ ਹੈ। ਪੁਰਾਤਨ ਅਸਭੱਯ ਅਵਸਥਾ ਤੋਂ ਲੈ ਕੇ ਅਜ ਦੇ ਸਿਖਸ਼ਤ ਸਮੇਂ ਤਕ, ਹਰ ਸਮਾਜ ਇਸ (ਕਾਮ) ਨੂੰ ਦਬਾਣ ਲਈ ਕਈ ਸਮਾਜਕ ਬੰਧਨ ਅਤੇ ਨੇਮ ਬਣਾਈ ਬੈਠਾ ਹੈ। ਕੋਈ ਮਨੁੱਖ ਵੀ ਨੀਯਤ ਸਮਾਜੀ ਨੇਮਾਂ ਨੂੰ ਉਲੰਘਣ ਬਿਨਾ ਖੁਲ੍ਹਾ ਡੁਲ੍ਹਾ ਕਾਮ ਦਾ ਪ੍ਰਗਿੱਟਾ ਨਹੀਂ ਕਰ ਸਕਦਾ। ਸਮਾਜ ਦੇ ਕਾਮ ਸਬੰਧਤ ਨੇਮਾਂ ਦੇ ਚੱਕਰ ਤੋਂ ਬਾਹਰ ਨਿਕਲਣ ਲਈ, ਉਸ ਨੂੰ ਮਾਨਸਿਕ ਖਿੱਚੋਤਾਣ ਚੋਂ ਲੰਘਣਾ ਪੈਂਦਾ ਹੈ ਤੇ ਬਹੁਤੇ ਮਨੁੱਖ ਇਸ ਨੂੰ ਪੂਰਨ ਤੌਰ ਤੇ ਦਬਾ ਨਾ ਸਕਣ ਕਰਕੇ ਅਤੀ ਭਿਆਨਕ ਤੇ ਦਰਦ ਭਰੀ ਅਵਸਥਾ ਦੇ ਰੋਗੀ ਬਣ ਜਾਂਦੇ ਹਨ, ਜਾਂ ਅਜਿਹੀ ਅਵਸਥਾ ਨੂੰ ਧਾਰਨ ਕਰ ਲੈਂਦੇ ਹਨ, ਜੋ ਸਮਾਜ ਲਈ ਦੁਖਦਾਈ ਸਮਝੀ ਜਾਂਦੀ ਹੈ। ਕਾਮ ਸਬੰਧਤ ਨੇਮਾਂ ਦਾ ਅਨੁਸਾਰੀ ਹੋਣ ਲਈ, ਯੁਵਕਾਂ ਨੂੰ ਕਈ ਮਾਨਸਿਕ ਪੀੜਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ, ਤੇ ਜਦੋਂ ਉਹ ਇਸ ਬਿਰਤੀ ਨੂੰ ਅਪੂਰਣ ਤੌਰ ਤੇ ਦਬਾਣ ਦੇ ਯਤਨ ਕਰਦੇ ਹਨ, ਉਨ੍ਹਾਂ ਨੂੰ ਹਥ-ਰਸ ਜਹੀਆਂ ਕਈ ਭੈੜੀਆਂ ਵਾਦੀਆਂ ਆ ਚੰਬੜਦੀਆਂ ਹਨ।

ਇਕ ਗਲ ਹੋਰ। ਇਹ ਦਬਾਉ ਇਸ ਲਈ ਵੀ ਹਾਨੀਕਾਰਕ ਹੁੰਦਾ

ਹੈ, ਜੋ ਇਹ ਬਿਰਤੀਆਂ ਮਨੁਖ ਦੀ ਜੀਵਨ ਸ਼ਕਤੀ ਦੇ ਸੋਮੇਂ ਹੁੰਦੀਆਂ ਹਨ। ਇਨ੍ਹਾਂ ਨੂੰ ਦਬਾਣ ਜਾਂ ਮਾਰਨ ਦਾ ਯਤਨ ਸਾਡੀ ਸ਼ਖਸੀਅਤ ਨੂੰ ਕਮਜ਼ੋਰ ਕਰਦਾ ਹੈ। ਸਾਨੂੰ ਚਿੜਚਿੜਾ, ਖੁਸ਼ਕ ਤੇ ਵਹਿਮੀ ਜਿਹਾ ਬਣਾ ਦਿੰਦਾ ਹੈ। ਇਸ ਲਈ ਜਿਥੋਂ ਤਕ ਹੋ ਸਕੇ, ਇਨ੍ਹਾਂ ਨੂੰ ਦਬਾਣ ਜਾਂ ਧਾਰਮਕ ਬੋਲੀ ਵਿਚ ਮਾਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ, ਨਹੀਂ ਤਾਂ ਸਾਡੇ ਲਈ ਜੀਵਨ ਵਿਚ ਵਾਪਰੀਆਂ ਦੁਖਤ ਘਟਨਾਵਾਂ ਨੂੰ ਵੀ ਕਾਬੂ ਕਰਨਾ ਅਤਿ ਕਠਨ ਹੋਵੇਗਾ, ਤੇ ਅਸੀਂ ਸੁਖੀ ਜੀਵਨ ਬਿਤਾਣ ਵਿਚ ਅਸਫਲ ਹੀ ਰਹਾਂਗੇ।

ਕਾਬੂ (control or sublimation) ਜਿਵੇਂ ਪਿਛੇ ਦਸਿਆ ਹੈ, ਬਿਰਤੀ-ਪ੍ਰਵਾਹ ਦਾ ਸੁਭਾਵਕ ਅਮਲ ਹੈ, ਇਸਨੂੰ ਤਰੀਕੇ ਨਾਲ ਕਾਬੂ ਕੀਤਾ ਜਾਂ ਮੋੜ ਕੇ ਕਿਸੇ ਹੋਰ ਭਲੇ ਪਾਸੇ ਲਾਇਆ ਜਾ ਸਕਦਾ ਹੈ। ਭਾਵ ਇਹਦੇ ਵਹਿਣਾਂ ਨੂੰ ਵੱਖ ਵੱਖ ਨਾਲੀਆਂ ਰਾਹੀਂ ਬਾਹਰ ਕਢਿਆ ਜਾ ਸਕਦਾ ਹੈ। ਬਿਰਤੀਆਂ ਦੇ ਪ੍ਰਗਟਾ (expression) ਦਬਾਉ (Repression), ਅਤੇ ਕਾਬੂ ਦੇ ਅਮਲ ਨੂੰ ਸਮਝਣ ਲਈ, ਹੇਠ ਲਿਖੀ ਉਦਾਹਰਣ ਵਧੇਰੇ ਲਾਭਵੰਦ ਹੋਵੇਗੀ:

ਇਕ ਕਿਸਾਨ ਇਕ ਅਤਿ ਚੰਚਲ ਅਤੇ ਮਸਤ ਘੋੜਾ ਮੰਡੀ ਚੋਂ ਖ਼ਰੀਦ ਲਿਆਉਂਦਾ ਹੈ। ਉਹਨੂੰ ਖੁਲ੍ਹੇ ਡੁਲ੍ਹੇ ਦੁੜੰਗੇ ਮਾਰਨ ਲਈ ਨਹੀਂ ਛਡ ਸਕਦਾ, ਕਿਉਂਕਿ ਉਹ ਡਰਦਾ ਹੈ, ਕਿ ਕਿਤੇ ਉਹ ਨਸ ਨਾ ਜਾਏ। ਇਸ ਲਈ ਉਹ ਫੈਸਲਾ ਕਰਦਾ ਹੈ ਕਿ ਜਾਂ ਤਾਂ ਇਹਨੂੰ ਘੁੜਸਾਲ ਵਿਚ ਬੰਦ ਕੀਤਾ ਜਾਏ, ਤੇ ਜਾਂ ਉਸ ਨੂੰ ਕਿਸੇ ਛਕੜੇ ਜਾਂ ਠੇਲ੍ਹੇ ਅਗੇ ਬੰਨ੍ਹਕੇ ਉਸ ਤੋਂ ਕੰਮ ਲਿਆ ਜਾਵੇ। ਘੁੜਸਾਲ ਵਿਚ ਬੰਦ ਕਰਨ ਤੇ ਉਹ ਦੁਲੱਤੇ ਮਾਰ, ਊਧਮ ਮਚਾ, ਦਰਵਾਜ਼ੇ ਭੰਨ ਕੇ, ਆਲੇ ਦੁਆਲੇ ਦਾ ਅਮਨ ਭੰਗ ਕਰਦਾ ਹੈ। ਪਰ ਜੇ ਉਸ ਨੂੰ ਕਿਸੇ ਛੱਕੜੇ ਅਗੇ ਜੁੱਤ ਦਿਤਾ ਜਾਵੇ, ਤਦ ਉਸ ਦੀ ਚੰਚਲਤਾ, ਅਤੇ ਜੋਸ਼ ਨੂੰ ਕਿਸੇ ਲਾਭਵੰਦ ਕਾਰਜ ਤੇ ਲਾਇਆ ਜਾ ਸਕਦਾ ਹੈ। ਬਿਰਤੀ ਨੂੰ ਦਬਾਣਾ ਇਕ ਚੰਚਲ ਅਤੇ ਜੋਸ਼ੀਲੇ

ਘੋੜੇ ਨੂੰ ਬੰਨ੍ਹ ਰਖਣ ਦਾ ਨਿਰਮੂਲ ਯਤਨ ਕਰਨਾ ਹੈ। ਪਰ ਇਨ੍ਹਾਂ ਨੂੰ ਕਾਬੂ ਕਰਣ ਦਾ ਇਕੋ ਇਕ ਲਾਭਵੰਦ ਢੰਗ ਇਹ ਹੈ, ਕਿ ਇਨ੍ਹਾਂ ਨੂੰ ਦੂਜੇ ਲਾਭ-ਕਾਰੀ ਕਾਰਜਾਂ ਵਲ ਲਗਾ ਦਿਤਾ ਜਾਵੇ।

ਕਾਬੂ ਦੇ ਅਮਲ ਤੋਂ ਭਾਵ ਬਿਰਤੀ ਪ੍ਰਵਾਹ ਨੂੰ ਵੱਖ ਵੱਖ ਕਾਰਜ ਪ੍ਰਣਾਲੀਆਂ ਰਾਹੀਂ ਬਾਹਰ ਕੱਢਣਾ ਹੁੰਦਾ ਹੈ। ਇਹ ਅਮਲ ਵੀ ਬਹੁਤੀ ਵਾਰ, ਨਿਰੋਲ ਅਚੇਤ ਹੁੰਦਾ ਹੈ ਤੇ ਬਹੁਤੀ ਵਾਰ ਸਾਡੀ ਅਨੁਭਵਤਾ ਤੋਂ ਵੀ ਪਹਿਲਾਂ ਜਾਰੀ ਹੋ ਜਾਂਦਾ ਹੈ। ਉਦਾਹਰਣ ਵਜੋਂ, ਇਕ ਅਣ-ਵਿਆਹੀ ਇਸਤ੍ਰੀ, ਨਰਸਿੰਗ ਦੇ ਕੰਮ ਵਿਚ ਦਿਲ-ਚਸਪੀ ਪ੍ਰਗਟ ਕਰਨ ਲਗ ਪੈਂਦੀ ਹੈ, ਅਤੇ ਇਸ ਤਰ੍ਹਾਂ ਅਣਜਾਣ ਹੀ ਆਪਣੀ ਕਾਮ ਬਿਰਤੀ ਨੂੰ ਕਾਬੂ ਕਰਕੇ, ਭਲੇ ਕੰਮ ਰਾਹੀਂ ਸੰਤੁਸ਼ਟ ਕਰਦੀ ਹੈ। ਭਾਵੇਂ ਉਸ ਨੇ ਇਹ ਕਿੱਤਾ ਇਸ ਮੰਤਵ ਨੂੰ ਮੁਖ ਰਖਕੇ ਨਹੀਂ ਸੀ ਧਾਰਨ ਕੀਤਾ, ਪਰ ਫਿਰ ਵੀ ਇਹ ਅਚੇਤ ਹੋਇਆ ਯਤਨ ਉਸ ਦੀ ਕਾਮ ਬਿਰਤੀ ਨੂੰ ਖ਼ਰੂਦ ਪਾਣੋ ਬਚਾ ਲੈਂਦਾ ਹੈ। ਬਹੁਤੀ ਵਾਰ ਮਨੁੱਖ ਅਚੇਤ ਕਾਮ ਬਿਰਤੀ ਨੂੰ ਪਰਚਾਣ ਲਈ, ਅਜਿਹੇ ਕਾਰਜ ਕਰਨ ਲਗ ਪੈਂਦਾ ਹੈ, ਪਰ ਸਿਆਣਾ ਮਨੁੱਖ ਇਸ ਬਿਰਤੀ ਦੇ ਪ੍ਰਗਿੱਟਾ ਖੁਣੋਂ ਉਪਜੀ ਖਿੱਚੋਤਾਣ ਨੂੰ ਸਮਝ ਕੇ ਇਸ ਦਾ ਉਪਰਾਲਾ ਕਰ ਸਕਦਾ ਹੈ, ਤੇ ਬਹੁਤੀ ਵਾਰ ਸਫਲਤਾ ਪ੍ਰਾਪਤ ਕਰ ਲੈਂਦਾ ਹੈ।

ਕਾਮ ਬਿਰਤੀ ਦੇ ਦੋ ਮੋਟੇ ਅੰਗ ਹੁੰਦੇ ਹਨ, ਸੰਤਾਨ ਉਤਪਤੀ ਦੀ ਬਿਰਤੀ ਅਤੇ ਵਾਤਸਲ (parental) ਬਿਰਤੀ। ਕਾਮ ਬਿਰਤੀ ਨੂੰ ਕਾਬੂ ਕਰਨ ਲਈ, ਉੱਕਤ ਦੋਹਾਂ ਅੰਗਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ। ਜੇ ਸੰਤਾਨ ਉਤਪਤੀ ਦੀ ਬਿਰਤੀ, ਖਿੱਚੋਤਾਣ ਦਾ ਮੂਲ ਕਾਰਣ ਹੋਵੇ, ਤਦ ਮਨੁੱਖ ਨੂੰ ਬਹੁਤਾ ਉਸਾਰੂ ਕੰਮਾਂ ਜਿਹਾ ਕਿ ਮਕਾਨ ਉਸਾਰੀ, ਕੋਈ ਸੰਸਥਾ, ਕਲੱਬ, ਜਾਂ ਰਾਜਸੀ ਪਾਰਟੀ ਆਦਿ ਵਿਚ ਹਿੱਸਾ ਲੈਣ ਵਲ ਲਗ ਜਾਣਾ ਚਾਹੀਦਾ ਹੈ। ਪਰ ਜੇ ਕਾਮ ਬਿਰਤੀ ਦੇ ਦੂਜਾ ਅੰਗ "ਵਾਤਸਲ" ਰੁਚੀ ਨੂੰ ਸੰਤੁਸ਼ਟ ਕਰਨਾ ਹੋਵੇ, ਤਦ ਪੰਛੀ ਜਾਂ ਪਸ਼ੂ ਪਾਲਣ

ਵਲ ਧਿਆਨ ਦੇਣਾ ਚਾਹੀਦਾ ਹੈ, ਜਾਂ ਇਹੋ ਜਹੇ ਕਈ ਹੋਰ ਯੋਗ ਕੰਮ ਚੁਣੇ ਜਾ ਸਕਦੇ ਹਨ। ਕਾਮ ਬਿਰਤੀ ਵਾਂਗ ਦੂਜੀਆਂ ਬਿਰਤੀਆਂ ਨੂੰ ਵੀ ਲਾਭ-ਕਾਰੀ ਕਾਰਜਾਂ ਰਾਹੀਂ ਸੰਤੁਸ਼ਟ ਕਰ ਸਕਦੇ ਹਾਂ। ਜਿਵੇਂ ਲੋਕਾਚਾਰ ਦੀ ਬਿਰਤੀ ਨੂੰ ਲਿੱਖਤ ਦੇ ਕੰਮਾਂ ਵਿਚ ਜੁੱਟ ਕੇ ਵੀ ਤ੍ਰਿਪਤ ਕੀਤਾ ਜਾ ਸਕਦਾ ਹੈ। ਪੰਡਤ ਨਹਿਰੂ, ਆਪਣੀ ਜੇਲ੍ਹ ਯਾਤਰਾ ਸਮੇਂ, ਕੋਈ ਨ ਕੋਈ ਲਾਭਦਾਇਕ ਪੁਸਤਕ ਲਿਖ ਲਿਆਉਂਦੇ ਹਨ।

ਮੁੱਦਾ ਕੀ, ਦਬੀਆਂ ਘੁੱਟੀਆਂ ਬਿਰਤੀਆਂ ਨੂੰ ਚੰਗੇ ਬੁਰੇ ਪਾਸੇ ਵਲ ਮੋੜਿਆ ਜਾ ਸਕਦਾ ਹੈ। ਆਪਣੇ ਅਫਸਰ ਵਲੋਂ ਧਿਰਕਾਰਿਆ ਮਨੁੱਖ, ਕਈ ਵਾਰ ਘਰ ਆ ਕੇ ਆਪਣੀ ਇਸਤ੍ਰੀ ਜਾਂ ਬੱਚਿਆਂ ਨੂੰ, ਨਿੱਕੀ ਨਿੱਕੀ ਗਲ ਖੁਣੋ ਦੁਰਕਾਰਣ ਲਗਦਾ ਹੈ, ਅਤੇ ਇਸ ਤਰ੍ਹਾਂ ਉਹ ਆਪਣੀ ਲੜਾਕੂ ਰੁੱਚੀ ਨੂੰ ਗ਼ਲਤ ਪਾਸੇ ਮੋੜ ਰਿਹਾ ਹੁੰਦਾ ਹੈ। ਪ੍ਰੰਤੂ ਇਸੇ ਰੁਚੀ ਨੂੰ ਭਲੇ ਪਾਸੇ ਵਲ ਵੀ ਲਾਇਆ ਜਾ ਸਕਦਾ ਹੈ ਜੇ ਉਹ ਆਪਣੇ ਘਰ ਦੇ ਕਿਸੇ ਉਸਾਰੂ ਕੰਮ ਵਿਚ ਰੁਝ ਜਾਏ।

ਸੰਖੇਪ ਵਿਚ, ਅਸੀਂ ਕਹਿ ਸਕਦੇ ਹਾਂ ਕਿ ਬਿਰਤੀ (instinct) ਸ਼ਖਸ਼ੀਅਤ ਨੂੰ ਸ਼ਕਤੀ-ਸ਼ਾਲੀ ਬਣਾਉਂਦੀ ਹੈ, ਜੇ ਇਸ ਨੂੰ ਸੁਲਝਾ ਕੇ, ਜੀਵਨ ਨੂੰ ਠੀਕ ਰਾਹੇ ਪਾਇਆ ਜਾਏ। ਇਹ ਸਭ ਸ਼ਕਤੀ–ਵਹਿਣ, ਕਿਸੇ ਸਰਬ ਸਾਂਝੇ ਸ਼ਕਤੀ ਸੋਮੇਂ ਤੋਂ ਨਿਕਲਦੇ ਹਨ। ਇਨ੍ਹਾਂ ਨੂੰ ਪ੍ਰਗਟਾਇਆ, ਦਬਾਇਆ, ਜਾਂ ਕਾਬੂ ਕੀਤਾ ਜਾ ਸਕਦਾ ਹੈ। ਸਾਡਾ ਆਪਣੇ ਵਾਤਾਵਰਨ ਤੇ ਪੂਰਾ ਕਾਬੂ ਨਾ ਹੋਣ ਕਰਕੇ ਇਨ੍ਹਾਂ ਦਾ ਖੁਲ੍ਹਾ ਡੁਲ੍ਹਾ ਪ੍ਰਗਿਟਾ ਨਹੀਂ ਹੋ ਸਕਦਾ। ਇਨ੍ਹਾਂ ਨੂੰ ਦਬਾਣਾ, (ਜਾਂ ਮਾਰਨਾ) ਅਤਿਅੰਤ ਹਾਨੀਕਾਰਕ ਤੇ ਗ਼ੈਰ-ਯਕੀਨੀ ਹੈ। ਸਗੋਂ ਬਹੁਤੀ ਵਾਰ, ਜੀਵਨ-ਸ਼ਕਤੀ ਦਾ ਵਹਿਣ ਕੁਰਾਹੇ ਪੈ ਜਾਂਦਾ ਹੈ, ਜਾਂ ਕੋਈ ਮਾਨਸਿਕ ਰੋਗ ਜਿਹਾ ਕਿ, ਚਿੜਚਿੜਾਪਨ, ਵਹਿਮ, ਤੌਖਲਾ, ਪਾਗਲਪਨ ਆਦਿ ਦਾ ਬਾਨ੍ਹਣੂ ਬੱਝਦਾ ਹੈ। ਇਨ੍ਹਾਂ ਤੇ ਕਾਬੂ ਪਾਣਾ ਹੀ ਹਰ ਹਾਲਤ ਵਿਚ ਸੁਖਦਾਈ ਅਤੇ ਕੁਦਰਤੀ ਅਮਲ ਹੈ। ਇਸ ਢੰਗ ਨਾਲ ਅਸੀਂ ਇਨ੍ਹਾਂ ਸ਼ਕਤੀਆਂ ਨੂੰ ਆਪਣੇ ਲਾਭ ਲਈ ਵਰਤ ਸਕਦੇ ਹਾਂ।

ਮਨ ਦੀ ਬਣਤਰ

"ਬਣਤਰ" ਸਬਦ ਤੋਂ ਪਾਠਕਾਂ ਨੂੰ ਭੁਲੇਖਾ ਲਗ ਸਕਦਾ ਹੈ ਕਿ ਕਿਤੇ ਮੈਂ ਮਨ ਦੀ ਬਨਾਵਟ ਵੀ, ਹੋਰ ਮਾਦੀ ਵਸਤਾਂ ਵਾਂਗ ਦੱਸਣ ਲਗਾ ਹਾਂ, ਕਿਉਂਕਿ ਬਣਤਰ ਸ਼ਬਦ ਹੀ ਇਸ ਦ੍ਰਿਸ਼ਟਮਾਨ ਸੰਸਾਰ ਦੀਆਂ ਵਸਤਾਂ ਨਾਲ ਸੰਯੁਕਤ ਹੈ। ਜਦੋਂ ਅਸਾਂ ਕਿਸੇ ਮਸ਼ੀਨ ਦੀ ਬਨਾਵਟ ਦਸਣੀ ਹੋਵੇ, ਤਦ ਉਸ ਨੂੰ ਵੱਖ ਵੱਖ ਪੁਰਜ਼ਿਆਂ ਵਿਚ ਵੰਡ ਕੇ ਦਸਾਂਗੇ, ਇਸੇ ਤਰ੍ਹਾਂ ਜੇ ਕਿਸੇ ਸਮਾਜ ਦੀ ਬਣਤਰ ਤੇ ਵਿਚਾਰਦੇ ਹਾਂ, ਤਦ ਵੀ ਸਾਡਾ ਭਾਵ ਉਸ ਨੂੰ ਉਪਰਲੀ, ਮੱਧ ਤੇ ਹੇਠਲੀ ਸ਼ਰੇਣੀ ਵਿਚ ਵੰਡ ਕੇ ਵਿਚਾਰਨਾ ਹੁੰਦਾ ਹੈ। ਪ੍ਰੰਤੂ ਅਸੀਂ ਇਹ ਬਣਤਰ ਸ਼ਬਦ ਮਾਦੀ ਸੰਸਾਰ ਤੋਂ ਉਧਾਰਾ ਲੈ ਕੇ ਜਿਥੇ ਸਮਾਜਕ ਦੁਨੀਆਂ ਨੂੰ ਸਮਝਣ ਲਈ ਵਰਤ ਰਹੇ ਹੁੰਦੇ ਹਾਂ ਉਥੇ ਜੇ ਇਹੋ ਸ਼ਬਦ ਅਸੀਂ ਮਾਨਸਿਕ ਸੰਸਾਰ ਵਿਚ ਵਿਚਰਨ ਲਈ ਸਹਾਇਕ ਬਣਾ ਲਈਏ, ਤਾਂ ਵੀ ਕੋਈ ਹਰਜ ਨਹੀਂ।

ਮਨ ਦੀ ਹੋਂਦ ਤੋਂ ਇਨਕਾਰ ਤਾਂ ਕੀਤਾ ਹੀ ਨਹੀਂ ਜਾ ਸਕਦਾ, ਕਿਉਂਕਿ ਇਸ ਗਲ ਨੂੰ ਸਭ ਮੰਨਦੇ ਹਨ ਕਿ ਸਾਡੇ ਅੰਦਰ ਕੋਈ ਅਜਿਹਾ ਘੁਰਨਾ ਜਾਂ ਆਲਾ ਜ਼ਰੂਰ ਹੈ, ਜਿਥੇ ਅਸੀਂ ਆਪਣੀਆਂ ਯਾਦਾਂ ਸੰਭਾਲਦੇ ਹਾਂ ਅਤੇ ਇਹ ਅਸਥਾਨ ਸਾਡੀ ਚੇਤੰਨਤਾ ਤੋਂ ਪਰੇ ਹੀ ਹੋ ਸਕਦਾ ਹੈ। ਕਈ ਮਾਨਸਿਕ ਖੋਜੀ (Faculty Psychologist) ਮਨ ਨੂੰ ਦਿਮਾਗੀ ਪੱਧਰ ਤੋਂ ਹੀ ਵਿਚਾਰਦੇ ਹੋਏ, ਇਸ ਨੂੰ ਕੁਝ ਸ਼ਕਤੀਆਂ ਦਾ ਸੰਗ੍ਰਹਿ ਮਿਥਦੇ ਹਨ, ਜਿਹਾ ਕਿ ਸੋਚ ਸ਼ਕਤੀ, ਇੱਛਾ, ਮਿਥਣ ਸ਼ਕਤੀ, ਮਨੋ-ਭਾਵ ਆਦਿ, ਪ੍ਰੰਤੂ ਮਨ ਦਾ ਇਹ ਅਨੁਮਾਨ ਵੀ ਸਰਬ ਪ੍ਰਵਾਨ

ਨਹੀਂ । ਮਾਨਸਿਕ ਖੋਜੀਆਂ ਦੀ ਇਕ ਹੋਰ ਵਿਚਾਰ-ਧਾਰਾ, "ਯਾਦ-ਸ਼ਕਤੀ" ਅਤੇ ਚੇਤੰਨਤਾ ਤੋਂ ਹੀ ਇਸ ਦੀ ਪੜਚੋਲ ਆਰੰਭਦੀ ਹੈ । ਉਦਾਹਰਣ ਵਜੋਂ, ਜਦੋਂ ਮੈਂ ਕੋਈ ਪੱਤ੍ਰਕਾ ਲਿਖ ਰਿਹਾ ਹੁੰਦਾ ਹਾਂ, ਤਦ ਇਸ ਲਿਖਣ ਦੇ ਕਾਰਜ ਤੋਂ ਭਲੀ ਭਾਂਤ ਜਾਣੂ ਹੁੰਦਾ ਹਾਂ, ਸਗੋਂ ਉਨ੍ਹਾਂ ਬੀਤ ਚੁਕੀਆਂ ਗੱਲਾਂ ਤੋਂ ਵੀ ਜੋ ਮੈਂ ਲਿਖਣਾ ਚਾਹੁੰਦਾ ਹਾਂ, ਪੂਰੀ ਤਰ੍ਹਾਂ ਸੁਚੇਤ ਹੁੰਦਾ ਹਾਂ । ਸੋ ਇਸ ਲਿਹਾਜ਼ ਨਾਲ, ਉਹ ਮਨ ਦੇ ਦੋ ਭਾਗ ਕਰਦੇ ਹਨ, ਇਕ ਸੁਚੇਤ ਤੇ ਦੂਜਾ ਉਹ ਜੋ ਸਾਡੀਆਂ ਬੀਤ ਚੁਕੀਆਂ ਯਾਦਾਂ ਅਤੇ ਅਭਿਆਸ ਸੰਭਾਲਦਾ ਹੈ, ਭਾਵ ਅਚੇਤ ਭਾਗ । ਮਾਨਸਿਕ ਖੋਜੀਆਂ ਦੇ ਇਕ ਹੋਰ ਭਾਗ (Behaviorist) ਦਾ ਮਨ ਸਬੰਧੀ ਇਹ ਖਿਆਲ ਹੈ ਕਿ ਇਹ ਨਿਰੋਲ ਭਾਵਕ ਸੰਗ੍ਰਹਿ ਹੁੰਦਾ ਹੈ । ਪਰ ਅਸੀਂ ਇਹ ਦਸਣਾ ਜ਼ਰੂਰੀ ਸਮਝਦੇ ਹਾਂ ਕਿ ਮਨ ਨਾਹੀਂ ਦਿਮਾਗ਼ ਹੈ ਤੇ ਨਾਹੀ ਦਿਮਾਗ਼ ਦੇ ਹੀ ਕਿਸੇ ਮਾਦੀ ਹਿਸੇ ਨੂੰ ਮਨ ਕਹਿ ਸਕਦੇ ਹਾਂ । ਅਸੀਂ ਆਪਣੇ ਇਸ ਕਾਂਡ ਵਿਚ ਮਨ ਸਬੰਧੀ ਅਤਿ ਨਵੀਨ ਅਨੁਮਾਨ ਨੂੰ ਮੁਖ ਰਖਾਂਗੇ ।

ਮਨ ਦੀਆਂ ਤਿੰਨ ਤਹਿਾਂ

ਮਨ ਕੋਈ ਅਜਿਹੀ ਵਸਤੂ ਨਹੀਂ, ਜਿਸ ਨੂੰ ਅਸੀਂ ਦੂਜੀਆਂ ਦ੍ਰਵੀ ਵਸਤਾਂ ਵਾਂਗ ਵੇਖ, ਛੂਹ ਜਾਂ ਤੋਲ ਸਕੀਏ । ਭਾਵੇਂ ਇਹ ਮਾਦੀ ਸੰਸਾਰ ਦੀਆਂ ਹੱਦਾਂ ਤੋਂ ਪਰੇਡੇ ਹੈ, ਪ੍ਰੰਤੂ ਇਸ ਦਾ ਇਹ ਅਰਥ ਨਹੀਂ ਕਿ ਅਸੀਂ ਇਸ ਦੇ ਸੁਭਾਵ, ਤੇ ਬਣਤਰ ਜਾਂ ਅਮਲ ਸਬੰਧੀ ਕੁਝ ਅਨੁਮਾਨ ਨਹੀਂ ਲਾ ਸਕਦੇ । ਪਿਛਲੇ ਕਾਂਡ "ਬਿਰਤੀਆਂ" ਵਿਚ ਅਸੀਂ ਵੇਖਿਆ ਹੈ ਕਿ ਲਗ ਪਗ ਸਾਰੀਆਂ ਮਾਨਸਿਕ ਸ਼ਕਤੀਆਂ ਆਰੰਭਕ ਬਿਰਤੀਆਂ ਤੋਂ ਹੀ ਉਤਪੰਨ ਹੁੰਦੀਆਂ ਹਨ । ਉਹ ਲੇਖ ਸਾਨੂੰ ਮਾਨਸਿਕ ਜੀਵਨ ਸਬੰਧੀ ਚੋਖੀ ਪਛਾਣ ਦੇਂਦਾ ਹੈ । ਇਸੇ ਦੇ ਅਧਾਰ ਤੇ ਅਸੀਂ ਮਨ ਦੀਆਂ ਤਿੰਨ ਤਹਿਾਂ ਮਿਥ ਸਕਦੇ ਹਾਂ, ਸੁਚੇਤ, ਉਪਚੇਤ ਅਤੇ ਅਚੇਤ ।

ਮਨ ਦੀ ਸੁਚੇਤ ਪੱਧਰ ਤੇ ਹੀ ਸਾਡੀ ਜਾਗਰਤ ਅਵਸਥਾ ਦਾ ਨਿਰਭਰ ਹੈ,

ਜਦੋਂ ਅਸੀਂ ਕਿਸੇ ਨਾਲ ਗਲ ਕਰ ਰਹੇ ਹੁੰਦੇ ਹਾਂ, ਤਦ ਜੋ ਕੁਝ ਕਹਿੰਦੇ ਜਾਂ ਕਰਦੇ ਹਾਂ ਉਸ ਤੋਂ ਪੂਰੀ ਤਰ੍ਹਾਂ ਜਾਣੂ ਹੁੰਦੇ ਹਾਂ। ਹੁਣ ਜਦੋਂ ਮੈਂ ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਕੋਈ ਉਦਾਹਰਣ ਸੋਚਦਾ ਹਾਂ, ਤਦ ਜ਼ਰਾ ਜਿਨੀ ਖੇਚਲ ਨਾਲ ਕਈ ਉਦਾਹਰਣਾਂ ਮੇਰੇ ਸੁਚੇਤ ਮਨ ਵਿਚ ਘੁੰਮਣ ਲਗ ਪੈਂਦੀਆਂ ਹਨ। ਪਰ ਜੇਹੜੀ ਉਦਾਹਰਣ ਮੈਂ ਦੇਣੀ ਚਾਹੁੰਦਾ ਹਾਂ, ਇਹ ਹੈ : 'ਮੈਂ ਕਲਮ ਨਾਲ ਇਸ ਲੇਖ ਨੂੰ ਲਿਖ ਰਿਹਾ ਹਾਂ, ਅਤੇ ਨਾਲ ਹੀ ਇਸ ਦੇ ਲਿਖਣ ਦਾ ਮੰਤਵ ਵੀ ਮੇਰੇ ਸਾਹਮਣੇ ਹੈ।' ਇਸ ਸੁਚੇਤ ਭਾਗ ਦੀਆਂ ਵੀ ਅਸੀਂ ਦੋ ਤਹਿਾਂ ਮਿਥਸਕਦੇ ਹਾਂ, ਕੇਂਦਰੀ ਅਤੇ ਸਰਹੱਦੀ (Focal and Marginal)। ਸੁਚੇਤ ਦੀ ਕੇਂਦਰੀ ਤਹਿ ਦਾ ਸਬੰਧ, ਉਸ ਕੇਂਦਰੀ ਵਿਸ਼ੇ ਨਾਲ ਹੁੰਦਾ ਹੈ ਜੋ ਅਸੀਂ ਵਿਚਾਰਨਾ ਚਾਹੁੰਦੇ ਹਾਂ, ਪਰ ਮਨ ਦੀ ਸਰਹੱਦ ਤੇ ਉਹ ਗੱਲਾਂ ਰਹਿੰਦੀਆਂ ਹਨ, ਜੋ ਅਸੀਂ ਮਨ ਦੇ ਕੇਂਦਰ ਤੋਂ ਬਾਹਰ ਹੀ ਰਖਣਾ ਚਾਹੁੰਦੇ ਹਾਂ। ਹੇਠਲੀ ਉਦਾਹਰਣ ਤੋਂ ਇਨ੍ਹਾਂ ਤਹਿਾਂ ਦੇ ਅਮਲ ਤੋਂ ਅਸੀਂ ਪੂਰੀ ਤਰ੍ਹਾਂ ਜਾਣੂ ਹੋ ਸਕਦੇ ਹਾਂ।

"ਮੈਂ ਆਪਣੇ ਮੁਤਾਲਿਆ ਦੇ ਕਮਰੇ ਵਿਚ ਬੈਠਾ ਇਹ ਲੇਖ ਲਿਖ ਰਿਹਾ ਹਾਂ, ਇਸ ਵੇਲੇ ਮੇਰੇ 'ਸੁਚੇਤ ਮਨ' ਦਾ ਕੇਂਦਰੀ ਭਾਗ (Focal mind) ਇਨ੍ਹਾਂ ਸ਼ਬਦਾਂ ਸਬੰਧੀ ਪੂਰੀ ਤਰ੍ਹਾਂ ਸੁਚੇਤ ਹੈ, ਜੋ ਮੈਂ ਲਿਖ ਰਿਹਾ ਹਾਂ। ਪ੍ਰੰਤੂ ਇਸ ਮਾਨਸਿਕ ਟਿਕਾਉ ਤੋਂ ਬਾਹਰ, ਭਾਵ ਮਾਨਵੀ ਸਰਹੱਦ (Marginal mind) ਤੇ ਕਈ ਹੋਰ ਆਵਾਜ਼ਾਂ ਵੀ ਟਕਰਾਂਦੀਆਂ ਹਨ। ਮੈਨੂੰ ਨਾਲ ਹੀ ਵੇਹੜੇ ਵਿਚ ਖੇਡ ਕੁੱਦ ਰਹੇ ਬੱਚਿਆਂ ਦੇ ਸ਼ੋਰ ਦੀ ਆਵਾਜ਼ ਵੀ ਸੁਣੀਂਦੀ ਪਈ ਹੈ; ਮੀਂਹ ਦੀ ਅਵਾਜ਼ ਜੋ ਬਾਹਰ ਪਏ ਕਿਸੇ ਭਾਂਡੇ ਤੇ ਪੈਣ ਕਰਕੇ ਵਧੇਰੇ ਸਪੱਸ਼ਟ ਪੈਦਾ ਹੋ ਰਹੀ ਹੈ; ਨਾਲ ਦੀ ਬੈਠਕ ਵਿਚੋਂ ਇਕ ਮਿਠੇ ਗੀਤ ਦੀ ਆਵਾਜ਼ ਜੋ ਕਿਸੇ ਨਵ-ਜੋਬਨਾਂ ਦੇ ਸੁਰੀਲੇ ਗਲੇ ਚੋਂ, ਹਾਰਮੋਨੀਅਮ ਦੀਆਂ ਸੁਰਾਂ ਨਾਲ 'ਇਕ ਸੁਰ' ਹੋ ਕੇ ਮੇਰੇ ਮਨ ਦੀਆਂ ਬਾਹਰਲੀਆਂ ਹੱਦਾਂ ਨਾਲ ਟਕਰਾ ਕੇ, ਮੇਰੇ ਕੇਂਦਰੀ ਟਿਕਾਉ ਨੂੰ ਤੋੜਨ ਦਾ ਯਤਨ ਕਰ ਰਹੀ ਹੈ; ਸੁਣ ਰਿਹਾ ਹਾਂ। ਪ੍ਰੰਤੂ ਫਿਰ ਵੀ ਮੇਰੀ ਕਲਮ

ਬਰਾਬਰ ਸ਼ਬਦ ਉਗਲਦੀ ਜਾ ਰਹੀ ਹੈ । ਇਸ ਵੇਲੇ ਮੇਰੇ ਸੁਚੇਤ ਮਨ ਦੀਆਂ ਦੋਵੇਂ ਤਹਿਾਂ ਆਪਣੇ ਆਪਣੇ ਫ਼ਰਜ਼ ਨਿਭਾਹੁਣ ਵਿਚ ਜੁਟੀਆਂ ਪਈਆਂ ਹਨ। ਮਨ ਦੀ ਕੇਂਦਰੀ ਤਹਿ ਨੀਯਤ ਵਿਸ਼ੇ ਨੂੰ ਨਿਭਾ ਰਹੀ ਹੈ, ਪ੍ਰੰਤੂ ਮਨ ਦੀ ਸਰਹੱਦ (Marginal) ਬਾਹਰਲੀਆਂ ਆਵਾਜ਼ਾਂ ਸੁਣਨ ਦਾ ਯਤਨ ਕਰ ਰਹੀ ਹੈ।" ਸੋ ਉਕਤ ਉਦਾਹਰਣ ਤੋਂ ਅਸੀਂ ਇਸ ਨਤੀਜੇ ਤੇ ਪੁਜੇ ਹਾਂ ਕਿ ਸਾਡੇ ਸੁਚੇਤ ਮਨ ਦੀਆਂ ਦੋ ਤਹਿਾਂ ਹਨ।

ਉਪਚੇਤ ਭਾਗ

ਮਨ ਦਾ ਉਪਚੇਤ ਭਾਗ, ਉਹਨਾਂ ਯਾਦਾਂ ਨੂੰ ਸੰਭਾਲੀ ਰਖਦਾ ਹੈ, ਜੋ ਅਸੀਂ ਹਰ ਸਮੇਂ, ਆਪਣੀ ਇਛਾ ਅਨੁਸਾਰ ਸੁਚੇਤ ਵਿਚ ਲਿਆ ਸਕਦੇ ਹਾਂ। ਇਹ ਯਾਦਾਂ ਆਮ ਤੌਰ ਤੇ ਪਿਛਲੇ ਬੀਤੇ ਦਿਨਾਂ, ਸਾਤਿਆਂ ਜਾਂ ਮਹੀਨਿਆਂ ਵਿਚ ਹੋਈਆਂ ਘਟਨਾਵਾਂ ਜਾਂ ਅਭਿਆਸਾਂ ਸਬੰਧੀ ਹੁੰਦੀਆਂ ਹਨ, ਜਿਵੇਂ ਅਸੀਂ ਸਹਿਜੇ ਹੀ ਯਾਦ ਕਰ ਸਕਦੇ ਹਾਂ ਕਿ ਕਲ੍ਹ, ਪਰਸੋਂ, ਕੁਝ ਦਿਨ, ਜਾਂ ਕੁਝ ਮਹੀਨੇ ਪਹਿਲਾਂ ਕਿਥੇ ਗਏ ਜਾਂ ਕੀ ਕੀਤਾ ਸੀ। ਇਨ੍ਹਾਂ ਗਲਾਂ ਨੂੰ ਅਸੀਂ ਆਪਣੀ ਇੱਛਾ ਸ਼ਕਤੀ ਨਾਲ ਸਹਿਜੇ ਹੀ ਚੇਤੇ ਰਖ ਸਕਦੇ ਹਾਂ। ਪ੍ਰੰਤੂ ਕਈ ਅਜਿਹੀਆਂ ਗੱਲਾਂ ਵੀ ਹਨ, ਜੋ ਕਈ ਸਾਲ ਪਹਿਲਾਂ ਜਾਂ ਬਚਪਨ ਵਿਚ ਸਾਡੇ ਜੀਵਨ ਵਿਚ ਵਾਪਰਦੀਆਂ ਸਨ ਤੇ ਅਸੀਂ ਇਨ੍ਹਾਂ ਨੂੰ ਇੱਨੀ ਛੇਤੀ ਨਾਲ ਨਹੀਂ ਦੁਹਰਾ ਸਕਦੇ, ਜਾਂ ਸੁਚੇਤ ਵਿਚ ਲਿਆਉਣ ਲਈ ਉਚੇਰੇ ਹੁਨਰ ਅਤੇ ਜਤਨ ਦੀ ਵਰਤੋਂ ਕਰਨੀ ਪਵੇਗੀ। ਪਰ ਇਹ ਕਿਉਂ? ਕਿਉਂਕਿ ਇਹ ਯਾਦਾਂ ਸਾਡੇ ਉਪਚੇਤ ਮਨ ਵਿਚ ਨਹੀਂ ਹੁੰਦੀਆਂ, ਸਗੋਂ ਇਸ ਤੋਂ ਵੀ ਡੂੰਘੇਰੇ, ਮਨ ਦੇ ਭਾਗ ਵਿਚ ਦਬੀਆਂ ਰਹਿੰਦੀਆਂ ਹਨ।

ਅਚੇਤ ਭਾਗ

ਅਸੀਂ ਇਹ ਨਹੀਂ ਕਹਿ ਸਕਦੇ ਕਿ ਮਨ ਦੀਆਂ ਇਨ੍ਹਾਂ ਤਹਿਾਂ ਵਿਚਾਲੇ ਕੋਈ ਨਿਖੇੜਵੀਂ ਹੱਦ ਹੈ। ਇਹ ਕਹਿਣਾ ਕਠਨ ਹੈ ਕਿ ਸੁਚੇਤ ਕਿਥੇ ਮੁਕਦਾ ਹੈ ਤੇ ਉਪਚੇਤ ਕਿਥੋਂ ਸ਼ੁਰੂ ਹੁੰਦਾ ਹੈ। ਇਨ੍ਹਾਂ ਭਾਗਾਂ ਨੂੰ ਅਸੀਂ ਸਪੱਸ਼ਟ ਤੌਰ ਤੇ ਨਹੀਂ ਨਿਖੇੜ ਸਕਦੇ। ਪ੍ਰੰਤੂ ਆਪਣੀ ਸਹੂਲਤ ਲਈ

ਇਨ੍ਹਾਂ ਨੂੰ ਤਿੰਨ ਅੱਡ ਅੱਡ ਭਾਗਾਂ ਵਿਚ ਨਿਖੇੜ ਲਿਆ ਹੈ।

ਅਚੇਤ ਮਨ ਸਬੰਧੀ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਨਿਰੋਲ ਉਨ੍ਹਾਂ ਬੀਤ ਚੁਕੇ ਅਭਿਆਸਾਂ ਜਾਂ ਕਿਰਿਆਵਾਂ ਦੀਆਂ ਯਾਦਾਂ ਦਾ ਹੀ ਸੰਗ੍ਰਹਿ ਹੁੰਦਾ ਹੈ, ਜਿਨਾਂ ਨੂੰ ਅਸੀਂ ਨਿਰਾ ਇੱਛਾ ਸ਼ਕਤੀ ਦੀ ਸਹਾਇਤਾ ਨਾਲ ਨਹੀਂ ਦੁਹਰਾ ਸਕਦੇ। ਸੱਚ ਤਾਂ ਇਹ ਹੈ ਕਿ ਸਾਡਾ ਕੋਈ ਵੀ ਜੀਵਨ-ਅਭਿਆਸ ਅਜਿਹਾ ਨਹੀਂ ਹੁੰਦਾ, ਜੋ ਅਚੇਤ ਦੀਆਂ ਹੱਦਾਂ ਤੋਂ ਬਾਹਰ ਰਹਿ ਸਕੇ। ਨਿਕੀ ਤੋਂ ਨਿਕੀ ਗਲ, ਘਟਨਾ ਜਾਂ ਅਭਿਆਸ, ਜਾਂ ਖ਼ਿਆਲ ਹੀ, ਜੋ ਕਦੀ ਵੀ ਸਾਡੇ ਮਨ ਨੂੰ ਜ਼ਰਾ ਵੀ ਪ੍ਰਭਾਵਤ ਕਰ ਸਕਿਆ ਹੈ, ਸਾਡੇ ਅਚੇਤ ਦੇ ਭੰਡਾਰੇ ਵਿਚ ਜਮ੍ਹਾਂ ਹੋ ਜਾਂਦਾ ਹੈ; ਇਥੋਂ ਤਕ ਕਿ ਕਈ ਬਚਪਨ ਦੀਆਂ ਗਲਾਂ ਵੀ ਹਿਪਨੌਟਿਜ਼ਮ ਦੇ ਹੁਨਰ ਨਾਲ ਦੁਹਰਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਸਬੰਧੀ ਐਵੇਂ ਅਸੀਂ ਕਿਸੇ ਹਾਲਤ ਵਿਚ ਵੀ ਜਾਣੂ ਨਹੀਂ ਹੋ ਸਕਦੇ।

ਅਚੇਤ ਮਨ ਦੇ ਅਮਲ ਦੀਆਂ ਕਈ ਉਦਾਹਰਣਾ ਅਸੀਂ ਆਪਣੇ ਜੀਵਨ ਚੋਂ ਲੈ ਸਕਦੇ ਹਾਂ। ਕਈ ਵਾਰ ਸਾਨੂੰ ਕੋਈ ਗੱਲ ਜਾਂ ਕਿਸੇ ਦਾ ਨਾਮ ਹਜ਼ਾਰ ਯਤਨ ਕਰਨ ਤੇ ਵੀ ਯਾਦ ਨਹੀਂ ਆਉਂਦਾ ਪ੍ਰੰਤੂ ਜਿਉਂ ਹੀ ਅਸੀਂ ਇਸ ਤੇ ਜ਼ੋਰ ਦੇਣਾ ਬੰਦ ਕਰ ਦਈਏ, ਕੁਝ ਚਿਰ ਪਿਛੋਂ ਆਪਣੇ ਆਪ ਹੀ ਸੁਚੇਤ ਦੀ ਹੱਦ ਤੇ ਆ ਜਾਂਦਾ ਹੈ, ਇਹ ਜ਼ਰੂਰ ਉਪਚੇਤ ਤੋਂ ਵੀ ਕਿਸੇ ਡੂੰਘੇਰੇ ਘੁਰਨੇ ਵਿਚ ਟਿਕਿਆ ਪਿਆ ਸੀ, ਜੋ ਸਾਡੀ ਇੱਛਾ ਤੇ ਵੀ ਯਾਦ ਵਿਚ ਨਹੀਂ ਆ ਸਕਿਆ। ਗਣਤ ਦੇ ਵਿਦਿਆਰਥੀਆਂ ਨੂੰ ਕਈ ਵਾਰ ਇਹ ਤਜਰਬਾ ਹੋਇਆ ਹੈ ਕਿ ਉਹ ਹਿਸਾਬ ਦੇ ਕਿਸੇ ਸੁਆਲ ਨੂੰ ਬੜੇ ਯਤਨ ਦੇ ਬਾਵਜੂਦ ਵੀ ਹਲ ਨਹੀਂ ਕਰ ਸਕਦੇ ਤੇ ਹਾਰਕੇ ਛਡ ਦੇਂਦੇ ਹਨ। ਪਰ ਕਈ ਵਾਰ ਅਧੀ ਰਾਤ ਨੂੰ ਹੀ ਜਾਂ ਸਵੇਰੇ ਉਠਦੇ ਸਾਰ ਹੀ ਆਪਣੇ ਆਪ ਸੁਆਲ ਦਾ ਠੀਕ ਹੱਲ ਫੁਰ ਪੈਂਦਾ ਹੈ।

ਸੋ ਅਚੇਤ ਮਨ ਨਿਰੋਲ ਭੁਲੀਆਂ ਯਾਦਾਂ ਜਾਂ ਪ੍ਰਭਾਵਾਂ ਦਾ ਹੀ ਸੰਗ੍ਰਹਿ ਨਹੀਂ ਹੁੰਦਾ, ਸਗੋਂ ਕਈ ਨੀਯਤ ਅਤੇ ਚੁਸਤ ਮਾਨਸਿਕ ਅਵਸਥਾਵਾਂ ਨੂੰ

ਭੀ ਸੰਭਾਲੀ ਰਖਦਾ ਹੈ। ਡਾਕਟਰ ਫਰਾਇਡ ਦੇ ਖਿਆਲ ਅਨੁਸਾਰ, "ਸਾਡਾ ਅਚੇਤ ਮਨ ਜਿਥੇ ਸਾਡੇ ਬੀਤੇ ਜੀਵਨ ਅਭਿਆਸਾਂ ਦਾ ਖ਼ਜ਼ਾਨਾ ਹੁੰਦਾ ਹੈ, ਉਥੇ ਉਸ ਵਿਚ ਕਈ ਤਰ੍ਹਾਂ ਦੀ ਖਿਚੋਤਾਣ ਸਦਾ ਜਾਰੀ ਰਹਿੰਦੀ ਹੈ। ਸਗੋਂ ਜੇਹੜੇ ਨੇਮ ਸਾਡੇ ਸੁਚੇਤ ਮਨ ਵਿਚ ਪ੍ਰਬੰਧ ਕਰ ਰਹੇ ਹੁੰਦੇ ਹਨ, ਉਹੋ ਅਚੇਤ ਵਿਚ ਵੀ ਹਿਸਾ ਪਾਉਂਦੇ ਹਨ। ਫਰਾਇਡ ਆਪਣੀ ਪੁਸਤਕ (Psychopathology of Everyday Life) ਵਿਚ ਅਚੇਤ ਮਨ ਦੇ ਅਮਲ ਦੀਆਂ ਕਈ ਉਦਾਹਰਣਾ ਦੇਂਦਾ ਹੈ।

ਕਈ ਵਾਰ ਅਸੀਂ ਕਈ ਕੰਮ, ਨਾਮ, ਜਾਂ ਇਕਰਾਰ ਭੁਲ ਜਾਂਦੇ ਹਾਂ, ਉਨ੍ਹਾਂ ਸਬੰਧੀ ਉਹ ਇਸ ਤਰ੍ਹਾਂ ਪੜਚੋਲ ਕਰਦਾ ਹੈ। ਮੇਰੇ ਇਕ ਮਿੱਤਰ ਨੇ ਇਕ ਹੋਣ ਵਾਲੀ ਮੀਟਿੰਗ ਵਿਚ ਬੋਲਣ ਲਈ ਇਕਰਾਰ ਕੀਤਾ, ਪ੍ਰੰਤੂ ਨੀਯਤ ਦਿਨ ਉਹ ਬੋਲਣ ਲਈ ਨਾ ਆਇਆ। ਸਗੋਂ ਜਦੋਂ ਓਹਨੂੰ ਭੁਲ ਜਤਾਈ ਗਈ, ਉਹ ਬੜਾ ਹੈਰਾਨ ਹੋਇਆ, ਕਿਉਂਕਿ ਉਸ ਨੂੰ ਇਸ ਲੈਕਚਰ ਦੀ ਉਕੀ ਹੀ ਯਾਦ ਨਹੀਂ ਸੀ। ਜਦੋਂ ਪੜਚੋਲ ਕੀਤੀ ਗਈ ਤਦ ਪਤਾ ਲਗਾ ਕਿ ਇਕਰਾਰ ਕਰਨ ਵੇਲੇ ਉਸ ਦੇ ਮਨ ਵਿਚ ਪਬਲਿਕ ਲੈਕਚਰਾਂ ਤੋਂ ਅਰੁੱਚੀ ਜਿਹੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਹਨੂੰ ਬੋਲਣ ਲਈ ਮਜਬੂਰ ਕੀਤਾ ਜਾਵੇ। ਨਤੀਜਾ ਇਹ ਕਿ ਉਸ ਦੀ ਇਹੋ ਲੈਕਚਰ ਤੋਂ ਅਰੁੱਚੀ, ਉਸ ਦੇ ਅਚੇਤ ਮਨ ਵਿਚ ਟਿਕ ਗਈ ਤੇ ਨੀਯਤ ਸਮੇਂ ਉਸ ਦੇ ਸੁਚੇਤ ਤੋਂ ਵੀ ਇਸ ਦੀ ਯਾਦ ਲਾਹ ਦੇਣ ਦਾ ਕਾਰਨ ਬਣੀ।

ਅਸੀਂ ਕਈ ਵਾਰ ਕਿਸੇ ਮਿੱਤਰ ਤੋਂ ਮਾਂਗਵੀਂ ਪੁਸਤਕ ਜਾਂ ਕੋਈ ਹੋਰ ਵਸਤੂ ਲੈਂਦੇ ਹਾਂ, ਪ੍ਰੰਤੂ ਮੋੜਨੀ ਉਕੀ ਹੀ ਭੁਲ ਜਾਂਦੇ ਹਾਂ। ਕਾਰਨ ਇਹ ਹੁੰਦਾ ਹੈ ਕਿ ਪੁਸਤਕ ਲੈਣ ਵੇਲੇ ਹੀ ਸਾਡੀ ਅਚੇਤ ਰੀਝ ਉਸ ਨੂੰ ਸਦਾ ਲਈ ਆਪਣੀ ਬਣਾ ਲੈਣ ਦੀ ਹੁੰਦੀ ਹੈ। ਸਾਡੇ ਸੁਚੇਤ ਮਨ ਵਿਚ ਇਸ ਬਦ ਦਿਆਨਤੀ ਦਾ ਸ਼ਕ ਤਕ ਵੀ ਨਹੀਂ ਹੁੰਦਾ। ਪ੍ਰੰਤੂ ਅਚੇਤ ਦੀ ਇਹ ਰੀਝ ਸਾਡੇ ਇਸ ਕਾਰਜ ਦੀ ਜ਼ਿਮੇਂਵਾਰ ਹੁੰਦੀ ਹੈ।

ਕਈ ਵਾਰ ਅਸੀਂ ਪਹਿਲੀ ਵੇਰ ਹੀ ਕਿਸੇ ਮਨੁੱਖ ਨੂੰ ਵੇਖਕੇ ਘਿਰਣਾ ਕਰਨ ਲਗ ਪੈਂਦੇ ਹਾਂ, ਪ੍ਰੰਤੂ ਇਸਦਾ ਕਾਰਨ ਮਨੋ-ਵਿਗਿਆਨ ਦੀ ਸਹਾਇਤਾ ਤੋਂ ਬਿਨਾ ਨਹੀਂ ਜਾਣਿਆ ਜਾ ਸਕਦਾ। ਕਈ ਖੋਜੀ ਇਸ ਦਾ ਕਾਰਨ ਅੰਤਰੀਵੀ ਬਿਰਤੀ (ਘਿਰਣਾ) ਮੰਨਦੇ ਹਨ। ਭਾਵੇਂ ਇਹ ਕਈ ਵਾਰ ਠੀਕ ਵੀ ਹੁੰਦਾ ਹੈ, ਪ੍ਰੰਤੂ ਆਮ ਤੌਰ ਤੇ ਇਹ ਕਾਰਨ ਹੁੰਦਾ ਨਹੀਂ। ਡਾਕਟਰ ਫਰਾਇਡ ਦੀ ਹੇਠਲੀ ਉਦਾਹਰਣ ਤੋਂ ਅਸੀਂ ਠੀਕ ਕਾਰਨ ਲਭ ਸਕਦੇ ਹਾਂ।

ਮੇਰੇ ਕੋਲ ਇਕ ਮਨੁੱਖ ਆਪਣੀ ਮਾਨਸਿਕ ਪੜਚੋਲ ਲਈ ਆਇਆ। ਥੋੜੀ ਦੇਰ ਪਿਛੋਂ ਹੀ ਉਸ ਨੇ ਮੈਥੋਂ ਕਾਰਨ ਪੁਛਿਆ, "ਕਿਉਂ ਵੇਖਣ ਸਾਰ ਹੀ ਮੇਰੇ ਦਿਲ ਵਿਚ ਆਪ (ਫਰਾਇਡ) ਲਈ ਘਿਰਣਾ ਉਪਜ ਪਈ ਹੈ?" ਮੈਂ ਉਸ ਨੂੰ ਦਸਿਆ, "ਕੀ ਇਹ ਗਲ ਨਹੀਂ ਕਿ ਮੇਰੇ ਦ੍ਰਿਸ਼ ਨੇ ਤੈਨੂੰ ਅਚੇਤ ਹੀ ਕਿਸੇ ਅਜਿਹੇ ਮਨੁਖ ਦੀ ਚੇਤਾਵਨੀ ਕਰਾ ਦਿਤੀ ਹੈ, ਜਿਸ ਤੋਂ ਤੈਨੂੰ ਬਾਲਪਨ ਵਿਚ ਬੜਾ ਖੇਦ ਪੁਜਿਆ ਸੀ।" ਤੇ ਅਸਲ ਕਾਰਨ ਵੀ ਇਹੋ ਸੀ। ਇਹੋ ਜਿਹੀ ਹਾਲਤ ਵਿਚ ਬਹੁਤੀ ਵਾਰ ਸਾਡੇ ਅਚੇਤ ਮਨ ਦਾ ਬਹੁਤਾ ਹੱਥ ਹੁੰਦਾ ਹੈ। ਪਰ ਅਸੀਂ ਸਹਿਜੇ ਨਹੀਂ ਪਛਾਣ ਸਕਦੇ।

ਫਰਾਇਡ ਦੀ ਸੁਪਨ ਪੜਚੋਲ ਦਾ ਨਿਰਭਰ ਨਿਰੋਲ ਅਚੇਤ ਮਨ ਦੇ ਅਮਲਾਂ ਤੇ ਹੁੰਦਾਂ ਹੈ। ਇਸ ਸਬੰਧੀ ਅਸੀਂ "ਸੁਪਨ ਪੜਚੋਲ" ਦੇ ਕਾਂਡ ਵਿਚ ਬਹਿਸ ਕਰਾਂਗੇ। ਇਥੇ ਅਸੀਂ ਮਾਨਸਿਕ ਅਮਲਾਂ ਸਬੰਧੀ ਇਕ ਦੋ ਹੋਰ ਹੈਰਾਨੀਦਾਇਕ ਉਦਾਹਰਣਾਂ ਦੇਣ ਉਪਰੰਤ ਆਪਣੇ ਅਸਲੀ ਨੁਕਤੇ ਵਲ ਆਵਾਂਗੇ।

ਇਕ ਕੁੜੀ ਨੂੰ ਹਿਪਨੋਟਾਈਜ਼ (ਬਨਾਵਟੀ ਨੀਂਦ) ਕਰਨ ਉਪਰੰਤ ਇਕ ਪੱਤ੍ਰਕਾ ਦੁਹਰਾਈ ਗਈ ਅਤੇ ਪ੍ਰੇਰਨਾ ਕੀਤੀ ਗਈ ਕਿ ਉਹ ਇਹੋ ਪੱਤ੍ਰਕਾ ਅੱਜ ਤੋਂ ਚੌਦਾਂ ਦਿਨ ਪਿਛੋਂ ਲਿਖਕੇ ਅੱਮਕੇ ਪਤੇ ਤੇ ਘਲ ਦੇਵੇ। ਹੋਸ਼ ਵਿਚ ਆਉਣ ਤੇ ਕੁੜੀ ਨੂੰ ਇਸ ਸਬੰਧੀ ਕਚ

ਪਤਾ ਨਹੀਂ ਸੀ ਕਿ ਉਸ ਨੂੰ ਕੀ ਅਖਵਾਇਆ ਗਿਆ ਸੀ । ਠੀਕ ਚੌਦਵੇਂ ਦਿਨ ਉਹਦੇ ਮਨ ਵਿਚ ਉਸੇ ਪੁਰਸ਼ ਨੂੰ, ਜਿਸ ਨੂੰ ਲਿਖਣ ਲਈ ਪ੍ਰੇਰਨਾ ਕੀਤੀ ਗਈ ਸੀ, ਪੱਤ੍ਰਕਾ ਲਿਖਣ ਲਈ ਰੀਝ ਉਤਪੰਨ ਹੋਈ । ਉਸ ਨੇ ਪੱਤਰ ਲਿਖਕੇ ਦਸੇ ਪਤੇ ਤੇ ਪਾ ਦਿਤਾ। ਹੈਰਾਨੀ ਇਸ ਗੱਲ ਦੀ ਸੀ ਕਿ ਪੱਤ੍ਰਕਾ ਦਾ ਮਜ਼ਮੂਨ ਜਾਂ ਐਡਰੈਸ ਇਨ ਬਿਨ ਉਹੋ ਸੀ ਜੋ ਉਸਨੂੰ ਹਿਪਨੋ-ਟਾਈਜ਼ ਕਰਕੇ ਦੁਹਰਾਇਆ ਗਿਆ ਸੀ। ਕਾਰਨ ਕੀ ਸੀ ? ਉਸ ਦੇ ਮਨ ਵਿਚ ਪ੍ਰੇਰਨਾ ਰਾਹੀਂ ਇਹ ਗੱਲ ਬਿਠਾ ਦਿਤੀ ਗਈ ਸੀ, ਜੋ ਠੀਕ ਵੇਲੇ ਸਿਰ, ਉਹਦੇ ਸੁਚੇਤ ਨੂੰ ਪ੍ਰਭਾਵਤ ਕਰਨ ਦਾ ਕਾਰਨ ਬਣੀ।

ਇਹੋ ਜਿਹੀਆਂ ਕਈ ਉਦਾਹਰਨਾ ਤੋਂ ਸਾਨੂੰ ਪ੍ਰਤੀਤ ਹੁੰਦਾ ਹੈ ਕਿ ਜਿਹੜੇ ਨੇਮ ਸੁਚੇਤ ਦੀ ਪੱਧਰ ਤੇ ਕੰਮ ਕਰ ਰਹੇ ਹੁੰਦੇ ਹਨ, ਉਹੋ ਅਚੇਤ ਦੀ ਤਹਿ ਵਿਚ ਪਰਬੰਧ ਕਰ ਰਹੇ ਹੁੰਦੇ ਹਨ । ਉਪਰੋਕਤ ਕੁੜੀ ਦੀ ਸੁਚੇਤ ਅਵਸਥਾ ਵਿਚ ਵੀ ਨਿਸਚਤ ਵਿਸ਼ੇ ਤੇ ਖਤ ਲਿਖਣ ਦੀ ਤੀਬਰ ਇੱਛਾ ਇਹ ਗਲ ਪ੍ਰਗਟ ਕਰਦੀ ਹੈ ਕਿ ਸੁਚੇਤ ਪਧਰ ਤੇ ਪੈਦਾ ਹੋਈਆਂ ਕਈ ਮਾਨਸਿਕ ਖਿਚੋਤਾਣਾਂ ਅਚੇਤ ਡੂੰਘਾਣਾਂ ਵਿਚ ਵੀ ਕੰਮ ਕਰਦੀਆਂ ਹਨ, ਅਤੇ ਠੀਕ ਨੀਯਤ ਸਮੇਂ ਇਸ ਰੁੱਚੀ ਦਾ ਪ੍ਰਗਟ ਹੋਣਾ ਇਸ ਸਚਾਈ ਨੂੰ ਸਿਧ ਕਰਦਾ ਹੈ ਕਿ ਅਚੇਤ ਮਨ ਵਿਚ ਖਿਚੋਤਾਣਾਂ ਤੋਂ ਛੁਟ, ਸਮੇਂ ਦੀ ਪਰਖ ਦੀ ਯੋਗਤਾ ਵੀ ਹੁੰਦੀ ਹੈ। ਸੋ ਸਾਡਾ ਇਹ ਅਨੁਮਾਨ ਸੌ ਫੀ ਸਦੀ ਠੀਕ ਜਾਪਦਾ ਹੈ ਕਿ ਸੁਚੇਤ ਦੀਆਂ ਹੱਦਾਂ ਤੋਂ ਬਾਹਰ ਮਨ ਦਾ ਇਕ ਹੋਰ ਭਾਗ ਹੈ, ਜਿਸ ਵਿਚ ਸਾਡੇ ਬੀਤੇ ਸਮੇਂ ਦੇ ਅਭਿਆਸ ਤੇ ਯਾਦਾਂ ਸਾਂਭੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਅਚੇਤ ਵਿਚ ਵੀ ਬੜਾ ਡੂੰਘਾ ਹੱਥ ਹੁੰਦਾ ਹੈ। ਇਸ ਨੂੰ ਅਸੀਂ ਅਚੇਤ ਇਸ ਲਈ ਕਹਿੰਦੇ ਹਾਂ ਕਿ ਇਸ ਵਿਚ ਵਾਪਰ ਰਹੇ ਅਮਲਾਂ ਤੋਂ ਅਸੀਂ ਸੁਚੇਤ ਵਾਂਗੂ ਜਾਣੂ ਨਹੀ ਹੁੰਦੇ।

ਅਚੇਤ ਅਮਲਾਂ ਦੀ ਪਛਾਣ ਸਾਨੂੰ ਕਈ ਵਾਰ ਆਪਣੇ ਜੀਵਨ ਵਿਚ ਡੂੰਘੀਆਂ ਝਾਤੀਆਂ ਪੁਆਂਦੀ ਹੈ ਤੇ ਅਸੀ ਕਈ ਓਪਰੇ ਵਤੀਰਿਆਂ ਨੂੰ ਪੁਣ ਛਾਣ ਸਕਦੇ ਹਾਂ। ਇਸ ਤਰ੍ਹਾਂ ਆਪਣੀਆਂ ਬਿਰਤੀ ਸ਼ਕਤੀਆਂ ਨੂੰ ਕੁਰਾਹੇ

ਪੈਣ ਤੋਂ ਰੋਕ ਸਕਦੇ ਹਾਂ। ਇਹਨਾਂ ਦੇ ਕੁਰਾਹੇ ਪੈਣ ਤੇ ਸਾਡੇ ਕਈ ਭੂਤ ਦੇ ਕੌੜੇ ਤਜਰਬੇ ਸਾਖਿਆਤ ਹੋ ਜਾਂਦੇ ਹਨ, ਜੋ ਸਾਡੇ ਅਚੇਤ ਵਿਚੋਂ ਸਦਾ ਬਾਹਰ ਨਿਕਲਣ ਲਈ ਮੌਕਾ ਤਾੜ ਰਹੇ ਹੁੰਦੇ ਹਨ। ਜਿਨ੍ਹਾਂ ਬੱਚਿਆਂ ਦੀ ਕਾਮ-ਬਿਰਤੀ ਨੂੰ ਬਾਲਪਨ ਵਿਚ ਹੀ ਮਾਪੇ ਦਬ ਘੁਟਕੇ ਰਖਦੇ ਹਨ, ਉਨ੍ਹਾਂ ਦੇ ਮੂੰਹੋਂ ਲਿੰਗ ਸਬੰਧਤ ਗੱਲਾਂ ਵੀ ਨਹੀਂ ਸੁਣ ਸਕਦੇ, ਸਗੋਂ ਉਹਨਾਂ ਨੂੰ ਅਜਿਹੇ ਲਿੰਗ-ਵਿਰੋਧੀ ਵਾਯੂ-ਮੰਡਲ ਵਿਚ ਰਖਦੇ ਹਨ ਕਿ ਉਹਨਾਂ ਦੀ ਬਿਰਤੀ ਸਦਾ ਦਬੀ ਘੁਟੀ ਰਹਿੰਦੀ ਹੈ, ਅਜਿਹੇ ਬੱਚਿਆਂ ਨੂੰ ਬਹੁਤੀ ਵਾਰੀ ਚੋਰੀ ਦੀ ਵਾਦੀ ਪੈ ਜਾਂਦੀ ਹੈ। ਇਹ ਕਿਉਂ ? ਕਿਉਂਕਿ ਉਹਨਾਂ ਦੀ ਇਸ ਬਿਰਤੀ ਨੂੰ ਬਾਹਰ ਨਿਕਲਣ ਲਈ ਅਸਲ ਰਾਹ ਨਹੀਂ ਲਭਦਾ ਅਤੇ ਉਹ ਇਸ ਜਜ਼ਬੇ ਰਾਹੀਂ ਪ੍ਰਗਟ ਹੋ ਰਹੀ ਹੁੰਦੀ ਹੈ । ਮਨੋ ਵਿਗਿਆਨੀਆਂ ਦਾ ਖ਼ਿਆਲ ਹੈ ਕਿ ਬਹੁਤੇ ਚੋਰ ਸੁਭਾਵਕ ਹੀ ਚੋਰੀ ਦੇ ਭੈੜ ਵਿਚ ਪਰਵਿਰਤ ਹੋ ਜਾਂਦੇ ਹਨ। ਉਹਨਾਂ ਦੀ ਇਸ ਸੁਭਾਵਕ ਚੋਰੀ ਨੂੰ ਕੋਈ ਕੜੀ ਕੈਦ ਜਾਂ ਕਾਨੂੰਨ ਨਹੀਂ ਦੂਰ ਕਰ ਸਕਦਾ, ਸਗੋਂ ਸਿਆਣੀ ਮਾਨਸਿਕ ਪੜਚੋਲ ਹੀ ਇਸ ਬੁਰੀ ਆਦਤ ਨੂੰ ਠੀਕ ਕਰ ਸਕਦੀ ਹੈ।

ਅਚੇਤ ਮਨ ਦੇ ਕਈ ਅਜਿਹੇ ਅਮਲ ਹਨ, ਜੋ ਸਾਡੇ ਜੀਵਨ ਵਿਚ ਸੁੱਤੇ ਸਹਿਜ ਹੀ ਪਰਵਰਤਨ ਲਿਆਉਂਦੇ ਰਹਿੰਦੇ ਹਨ । ਕਈ ਵਾਰ ਅਸੀਂ ਆਪਣੀ ਹਾਰ, ਭੁਲ ਜਾਂ ਘਾਟੇ ਨੂੰ ਸਵੀਕਾਰ ਨਹੀਂ ਕਰਦੇ, ਸਗੋਂ ਅਚੇਤ ਹੀ ਉਸ ਦੀ ਜ਼ਿਮੇਂਵਾਰੀ ਤੋਂ ਆਪਣੇ ਆਪ ਨੂੰ ਸੁਰਖਰੂ ਕਰ ਰਹੇ ਹਾਂ। ਸਾਡੇ ਅੰਦਰੋਂ ਸੁਭਾਵਕ ਟੁੰਭ ਉਤੇ ਸਾਡੇ ਅਚੇਤ ਵਲੋਂ ਪਰਦਾ ਪਾ ਦਿਤਾ ਜਾਂਦਾ ਹੈ ਤੇ ਅਸੀਂ ਪੂਰੀ ਤਰ੍ਹਾਂ ਸਮਝ ਨਹੀਂ ਸਕਦੇ । ਅਚੇਤ ਦੇ ਇਸ ਅਮਲ (Rationalisalion) ਨੂੰ ਹੇਠਲੀ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ।

"ਇਕ ਜਵਾਨ ਮਨੁੱਖ ਡਾਕਟਰੀ ਲਾਈਨ ਵਿਚ ਇਸ ਲਈ ਪਰਵੇਸ਼ ਕਰਨਾ ਚਾਹੁੰਦਾ ਹੈ, ਜੁ ਇਸ ਤਰ੍ਹਾਂ ਉਹ ਮਨੁੱਖਤਾ ਦੀ ਸੇਵਾ ਕਰ ਸਕੇਗਾ। ਪ੍ਰੰਤੂ ਬਹੁਤੀ ਵਾਰ ਇਸ ਦਾ ਇਹ ਕਾਰਨ ਨਹੀਂ ਹੁੰਦਾ, ਸਗੋਂ ਉਸ ਦੀ

ਹਕੂਮਤ ਕਰਨ ਅਤੇ ਨਾਮਣਾ ਪੈਦਾ ਕਰਨ ਦੀ ਲੋਕਾ-ਚਾਰਕ ਬਿਰਤੀ ਇਸ ਝੁਕਾਉ ਦੀ ਜ਼ਿਮੇਂਵਾਰ ਹੁੰਦੀ ਹੈ, ਭਾਵੇਂ ਉਹ ਇਸ ਅੰਤ੍ਰੀਵੀ ਟੁੰਬ ਨੂੰ ਪਰਖਣ ਤੋਂ ਅਸਮਰੱਥ ਹੁੰਦਾ ਹੈ।

ਕਈ ਮਨੁੱਖਾਂ ਦਾ ਇਸਤ੍ਰੀਆਂ ਵਲ ਬਹੁਤਾ ਝੁਕਾਉ ਹੁੰਦਾ ਹੈ। ਭਾਵੇਂ ਸੁਚੇਤ ਵਿਚ ਤਾਂ ਉਨ੍ਹਾਂ ਨਾਲ ਉਸਦਾ ਅਤਿ ਪਵਿੱਤ੍ਰ ਸਬੰਧ ਹੁੰਦਾ ਹੈ, ਪਰ ਅਸਲ ਕਾਰਣ ਉਸ ਦੇ ਅੰਦਰ ਉਹ ਕਾਮ ਭੁਖ ਹੀ ਹੁੰਦੀ ਹੈ, ਜੋ ਕੁਰਾਹੇ ਪੈਣ ਦੀ ਥਾਂ ਬੜੇ ਸੁਚੱਜੇ ਢੰਗ ਨਾਲ ਪ੍ਰਤੱਖ ਹੁੰਦੀ ਹੈ। ਅਚੇਤ ਮਨ ਉਪਰਲੀਆਂ ਦੋਹਾਂ ਹਾਲਤਾਂ ਵਿਚ ਉਨ੍ਹਾਂ ਬਿਰਤੀਆਂ ਨੂੰ ਅਸਲੀ ਰੂਪ ਵਿਚ ਪ੍ਰਗਟ ਨਹੀਂ ਹੋਣ ਦਿੰਦਾ ਕਿਉਂਕਿ ਸੁਚੇਤ ਵਿਚ ਇਨ੍ਹਾਂ ਵਿਰੁਧ ਘਿਰਣਾ ਜਹੀ ਹੁੰਦੀ ਹੈ। ਇਸ ਲਈ ਅਜਿਹੀ ਬਿਰਤੀ-ਭੁਖ ਨੂੰ ਉਪਹਾਰ ਯੋਗ ਬਣਾ ਕੇ ਅਚੇਤ ਹੀ ਪ੍ਰਗਟ ਕਰਦਾ ਹੈ। ਮਨੁੱਖ ਨੂੰ ਆਪਣੀਆਂ ਇਨ੍ਹਾਂ ਅੰਤ੍ਰੀਵੀ ਟੁੰਬਾਂ ਦੀ ਕੋਈ ਖਬਰ ਨਹੀਂ ਹੁੰਦੀ, ਸਗੋਂ ਉਹ ਆਪਣੇ ਅਮਲਾਂ ਵਿਚ ਪੂਰਨ ਦਿਆਨਤਦਾਰੀ ਤੋਂ ਕੰਮ ਲੈ ਰਿਹਾ ਹੁੰਦਾ ਹੈ।

ਇਸੇ ਤਰ੍ਹਾਂ ਸ੍ਵੈ-ਪਸਾਰੇ (Projection) ਦਾ ਮਾਨਸਿਕ ਅਮਲ ਸਾਨੂੰ ਵਸਤਾਂ ਨੂੰ ਅਸਲੀ ਰੂਪ ਵਿਚ ਵੇਖਣ ਤੋਂ ਰੋਕਦਾ ਹੈ ਤੇ ਅਸੀਂ ਕਈ ਵਾਰ ਆਪਣੇ ਜਜ਼ਬੇ, ਰੀਝਾਂ, ਅਤੇ ਖ਼ਿਆਲ ਹੀ ਦੂਜਿਆਂ ਵਿਚੋਂ ਪੜ੍ਹਨ ਦੀ ਗ਼ਲਤੀ ਕਰਦੇ ਹਾਂ, ਭਾਵੇਂ ਅਸੀਂ ਇਸ ਦੇ ਅਮਲ ਤੋਂ ਜਾਣੂ ਨਹੀਂ ਹੁੰਦੇ। ਹੇਠਲੀਆਂ ਉਦਾਹਰਣਾਂ ਰਾਹੀਂ ਇਸ ਅਮਲ ਦੀ ਸੂਝ ਹੋ ਜਾਵੇਗੀ।

(੧) ਵਿਉਪਾਰੀ ਮਨੁੱਖ ਆਪਣੀ ਬੇ-ਪ੍ਰਵਾਹੀ ਕਰਕੇ ਵਪਾਰ ਵਿਚ ਮਿਥਿਆ ਹੋਇਆ ਲਾਭ ਨਹੀਂ ਪ੍ਰਾਪਤ ਕਰ ਸਕਦਾ ਤੇ ਘਰ ਆ ਕੇ ਅਚੇਤ ਹੀ ਆਪਣੇ ਪੁਤਰ ਤੇ ਵਰ੍ਹਣ ਲਗ ਪੈਂਦਾ ਹੈ ਕਿ ਕਿਉਂ ਉਸ ਨੇ ਆਪਣੀ ਜਮਾਤ ਵਿਚ ਪਹਿਲਾ ਦਰਜਾ ਹਾਸਲ ਨਹੀਂ ਕੀਤਾ।

(੨) ਮੈਨੂੰ ਯਾਦ ਹੈ ਕਿ ਇਕ ਸਾਧਾਰਣ ਘਰਾਣੇ ਦੀ ਇਸਤ੍ਰੀ ਆਪਣੀ ਕਿਸ਼ੋਰ ਬੱਚੀ ਨਾਲ ਬਾਗ਼ ਵਿਚ ਸੈਰ ਕਰ ਰਹੀ ਸੀ ਕਿ ਉਨ੍ਹਾਂ ਨੂੰ

ਇਕ ਵਾਕਿਫ, ਅਮੀਰ, ਟੱਬਰ ਨਾਲ ਮਿਲਣਾ ਪਿਆ। ਜਦੋਂ ਮਾਂ ਪੁਤਰੀ ਘਰ ਆਈਆਂ, ਤਦ ਮਾਂ ਨੇ ਧੀ ਨੂੰ ਤਾੜਨਾ ਆਰੰਭ ਦਿਤੀ, ਕਿ ਉਹ ਕਿਉਂ ਮੁਲਾਕਾਤ ਵਿਚ ਘਬਰਾ ਗਈ ਸੀ। ਹਾਲਾਂਕਿ ਸਚਾਈ ਇਹ ਸੀ, ਕਿ ਮਾਂ ਆਪ ਅਮੀਰੀ ਦੇ ਰੋਅਬ ਹੇਠ ਆ ਕੇ ਭੁੰਦਲਾ ਗਈ ਸੀ। ਪ੍ਰੰਤੂ ਉਹ ਇਸ ਆਪਣੀ ਘਾਟ ਨੂੰ ਧੀ ਵਿਚ ਵੇਖ ਰਹੀ ਸੀ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਵੇਂ ਅਸੀਂ ਦੂਜੀਆਂ ਅਸਥੂਲ ਵਸਤਾਂ ਵਾਂਗ ਮਨ ਦੀ ਬਨਾਵਟ ਤੇ ਵਿਚਾਰ ਨਹੀਂ ਕਰ ਸਕਦੇ, ਪਰ ਫਿਰ ਵੀ ਉਪਰਲੀਆਂ ਉਦਾਹਰਣਾਂ ਤੋਂ ਇਹ ਅਨੁਮਾਨ ਜ਼ਰੂਰ ਲਗਾ ਸਕਦੇ ਹਾਂ, ਕਿ ਸਾਡੇ ਮਨ ਦੀਆਂ ਤਿੰਨ ਤਹਿਾਂ ਜ਼ਰੂਰ ਹਨ, ਜਿਨ੍ਹਾਂ ਦੀ ਹੋਂਦ ਸਿੱਧ ਕਰਨ ਲਈ, ਅਸੀਂ ਆਪਣੇ ਨਿੱਤ ਦੇ ਜੀਵਨ ਚੋਂ ਅਣਗਿਣਤ ਉਦਾਹਰਣਾਂ ਲੈ ਸਕਦੇ ਹਾਂ।

★

ਮਨੋ ਭਾਵ (EMOTION)

ਸਾਧਾਰਣ ਮਨੁੱਖ ਮਨੋ-ਭਾਵ ਨੂੰ ਵੀ ਖੁਸ਼ੀ ਜਾਂ ਗ਼ਮੀ ਵਾਂਗ, ਸਾਦਾ ਜਿਹਾ ਅਨੁਭਵ (feeling) ਸਮਝਦੇ ਹਨ, ਪ੍ਰੰਤੂ ਮਨੋ-ਭਾਵ ਇਸ ਤੋਂ ਵਧੇਰੇ ਜਟੱਲ ਜਹੀ ਮਾਨਸਿਕ ਵਸਤੂ ਹਨ ਜੋ ਸਾਧਾਰਣ ਇਹਸਾਸਾਂ ਜਾਂ ਅਨੁਭਵਾਂ ਤੋਂ ਕੁਝ ਵੱਖਰੇ ਕਿਸੇ ਉਭਾਰੂ (Stimulus) ਦਾ ਨਤੀਜਾ ਹੁੰਦੇ ਹਨ ਜੋ (੧) ਕਿਸੇ ਸਰੀਰਕ ਉਕਸਾਹਟ, (੨) ਅੰਤ੍ਰੀਵੀ ਵੇਗ, (੩) ਜਾਂ ਸਾਧਾਰਣ ਅਨੁਭਵਾਂ ਤੋਂ ਉਪਜੇ ਹੁੰਦੇ ਹਨ।

ਸਰੀਰਕ ਉਕਸਾਹਟ (organic sensation)

ਇਹ ਸਿੱਧ ਹੋ ਚੁਕਾ ਹੈ ਕਿ ਸਾਡੇ ਅੰਦਰ ਕਿਸੇ ਬਿਰਤੀ ਪ੍ਰਵਾਹ ਦੇ ਉਪਜਣ ਤੇ ਵਿਸ਼ੇਸ਼ ਐਂਦਰਿਕ ਪਰਵਰਤਨ ਪੈਦਾ ਹੁੰਦਾ ਹੈ, ਭਾਵ ਸਾਡੇ ਅੰਦਰ ਖ਼ਾਸ ਤਰ੍ਹਾਂ ਦੀਆਂ ਸਰੀਰਕ ਤਬਦੀਲੀਆਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਤੋਂ ਅਸੀਂ ਬਿਰਤੀ-ਸ਼ਕਤੀ ਦਾ ਅਨੁਮਾਨ ਲਾ ਸਕਦੇ ਹਾਂ।

ਰੂਸ ਵਿਚ ਪਾਲਵ ਅਤੇ ਅਮਰੀਕਾ ਵਿਚ ਕੈਨੱਨ ਨੇ ਇਸ ਸਬੰਧੀ ਚੋਖੀ ਖੋਜ ਕੀਤੀ ਹੈ। ਪਾਲਵ ਦਸਦਾ ਹੈ, ਕਿ ਜਦੋਂ ਕੁੱਤੇ ਅੰਦਰ ਕ੍ਰੋਧ ਜਾਂ ਡਰ ਦੇ ਮਨੋ-ਭਾਵ ਉਪਜਾਏ ਜਾਣ, ਰਾਲ (Saliva) ਜੋ ਆਮ ਤੌਰ ਤੇ ਖ਼ੁਰਾਕ ਨੂੰ ਵੇਖਣ ਤੇ ਨਿਕਲਿਆ ਕਰਦੀ ਹੈ, ਉੱਕੀ ਹੀ ਰੁਕ ਜਾਂਦੀ ਹੈ। ਕੈਨੱਨ ਨੇ ਭੀ ਇਸੇ ਤਰ੍ਹਾਂ ਦੇ ਤਜਰਬੇ ਕੀਤੇ ਹਨ, ਅਤੇ ਕਈ ਹੋਰ ਮਨਸਿਕ ਮਾਹਿਰਾਂ ਨੇ ਭੀ ਮਾਨਸਿਕ ਅਵਸਥਾ ਦਾ ਸਾਡੀ ਰਾਲ (Saliva) ਤੇ ਅਸਰ ਪੈਂਦਾ ਦਸਿਆ ਹੈ। ਅਸੀਂ ਆਪ ਵੀ ਆਪਣੇ ਨਿਤ ਦੇ ਅਭਿਆਸ ਤੋਂ ਜਾਣਦੇ ਹਾਂ ਕਿ ਪ੍ਰਸੰਨ ਤੇ ਅਮਨ ਭਰਪੂਰ ਅਵਸਥਾ ਵਿਚ ਸਾਡੀ

ਖ਼ੁਰਾਕ ਛੇਤੀ ਹਜ਼ਮ ਹੁੰਦੀ ਹੈ ਅਤੇ ਇਸ ਤੋਂ ਉਲਟ ਦਸ਼ਾ ਵਿਚ ਬਹੁਤੀ ਵਾਰ ਭੁਖ ਹੀ ਉਡ ਜਾਂਦੀ ਹੈ, ਜਾਂ ਬਦ-ਹਜ਼ਮੀ ਆਦਿ ਦੇ ਰੋਗ ਆ ਚੰਬੜਦੇ ਹਨ।

ਇਕ ਜ਼ਰੂਰੀ ਨੁਕਤਾ, ਜਿਸ ਦਾ ਅਸੀਂ "ਮਨ ਤੇ ਸਰੀਰ" ਦੇ ਕਾਂਡ ਵਿਚ ਵੀ ਜ਼ਿਕਰ ਕੀਤਾ ਹੈ, ਇਹ ਹੈ ਕਿ ਕੀ ਇਹ ਸਰੀਰਕ ਪਰਵਰਤਨ ਸਾਡੇ ਮਨੋ-ਭਾਵਾਂ ਨੂੰ ਉਕਸਾਂਦਾ ਹੈ ਜਾਂ ਸਾਡੇ ਮਨੋ-ਭਾਵ ਸਰੀਰਕ ਉਕਸਾਹਟ ਦਾ ਕਾਰਣ ਹਨ? ਜੇਮਜ਼-ਲੈਂਗ ਸਿਧਾਂਤ ਇਸ ਸਬੰਧੀ ਕਹਿੰਦਾ ਹੈ ਕਿ ਮਨੋ-ਭਾਵ ਸਰੀਰਕ ਪਰਵਰਤਨ ਦਾ ਕਾਰਣ ਨਹੀਂ ਸਗੋਂ ਨਤੀਜਾ ਹੁੰਦੇ ਹਨ। ਹਾਲਾਂ ਕਿ ਸਾਧਾਰਣ ਸਮਝ ਵਾਲਾ ਮਨੁੱਖ ਇਸ ਗਲ ਨੂੰ ਇਉਂ ਸੋਚਦਾ ਹੈ, "ਅਸੀਂ ਅਸਫਲਤਾ ਤੇ ਅਫਸੋਸ ਕਰਕੇ ਰੋਂਦੇ ਹਾਂ, ਅਸੀਂ ਸੱਪ ਨੂੰ ਵੇਖਦੇ ਹਾਂ, ਡਰਦੇ ਹਾਂ, ਤੇ ਜਾਨ ਬਚਾ ਕੇ ਭਜ ਜਾਣ ਦਾ ਯਤਨ ਕਰਦੇ ਹਾਂ, ਵਿਰੋਧੀ ਵਲੋਂ ਉਕਸਾਏ ਜਾਣ ਤੇ ਕ੍ਰੋਧ ਵਿਚ ਆਉਂਦੇ ਤੇ ਹਮਲਾ ਕਰਨ ਲਈ ਤਿਆਰ ਹੋ ਜਾਂਦੇ ਹਾਂ, ਭਾਵ ਸਾਡੇ ਮਨੋ-ਭਾਵ ਹੀ ਸਰੀਰਕ ਪ੍ਰਗਿੱਟਾ ਦਾ ਕਾਰਣ ਬਣਦੇ ਹਨ।" ਮੈਗਡੋਗਲ ਵੀ ਜੇਮਜ਼ ਲੈਂਗ ਸਿਧਾਂਤ ਦੀ ਵਿਰੋਧਤਾ ਕਰਦਾ ਹੈ। ਪ੍ਰੰਤੂ ਫਿਰ ਵੀ ਪਹਿਲੋਂ, ਜਾਂ ਪਿਛੋਂ ਸਰੀਰਕ ਪਰਵਰਤਨ ਪੈਦਾ ਹੋਣਾ ਜ਼ਰੂਰੀ ਹੈ। ਜਿਹਾ ਕਿ ਹਮਲਾ ਕਰੂ ਬਿਰਤੀ (Combative) ਜਦੋਂ ਸਾਡੇ ਅੰਦਰ ਉਤਪੰਨ ਹੁੰਦੀ ਹੈ, ਸਾਡੀਆਂ ਸਰੀਰਕ ਹਰਕਤਾਂ ਤੇਜ਼ ਹੋ ਜਾਂਦੀਆਂ ਹਨ ਅਤੇ ਇਹ ਸਾਡੇ ਦਿਲ, ਫੇਫੜੇ, ਪੱਠੇ ਜਾਂ ਦਿਮਾਗ ਦੇ ਅਮਲ ਦੇ ਕਾਰਣ ਹੀ ਹੁੰਦੀਆਂ ਹਨ। ਸਾਡੇ ਲਗ ਭਗ ਸਾਰੇ ਸਰੀਰਕ ਇੰਦਰੇ ਅਗੇ ਤੋਂ ਚੁਸਤ ਹੋ ਜਾਂਦੇ ਹਨ।

ਹਰ ਬਿਰਤੀ ਦੀ ਉਪਜ ਸਾਡੇ ਅੰਦਰ ਇਕੋ ਜਿਹਾ ਸਰੀਰਕ ਅਮਲ ਨਹੀਂ ਪੈਦਾ ਕਰ ਸਕਦੀ, ਜਿਹਾ ਕਿ ਕਬਜ਼ੇ ਅਤੇ ਉਤਸੁਕਤਾ (acquisition and curiosity) ਦੀ ਬਿਰਤੀ ਸਾਡੇ ਅੰਦਰ ਅਜਿਹੇ ਚੁਸਤ ਸਰੀਰਕ ਪਰਵਰਤਨ ਨਹੀਂ ਉਪਜਾਂਦੀ, ਭਾਵੇਂ ਅਸੀਂ ਬਿਲਕੁਲ ਹੀ ਇਸ ਤੋਂ ਇਨਕਾਰ ਨਹੀਂ ਕਰ ਸਕਦੇ।

ਵੇਗ (impulse)

ਮਨੋ-ਭਾਵਕ ਅਮਲ ਸਮੇਂ, ਅਸੀਂ ਅੰਤ੍ਰੀਵੀ ਵੇਗਾਂ ਤੋਂ ਵੀ ਅਜਾਣ ਨਹੀਂ। ਜਦੋਂ ਮੇਰੀ ਹਮਲਾ ਕਰੂ ਬਿਰਤੀ (Combative instinct) ਉਕਸਾਈ ਜਾਂਦੀ ਹੈ, ਮੈਂ ਕ੍ਰੋਧੀ ਅਵਸਥਾ ਤੇ ਹੀ ਸੰਤੁਸ਼ਟ ਨਹੀਂ ਰਹਿ ਸਕਦਾ, ਸਗੋਂ ਮੇਰੇ ਅੰਦਰ ਅਜਿਹੇ ਵੇਗ (impulse) ਉਤਪੰਨ ਹੁੰਦੇ ਹਨ ਕਿ ਮੈਂ ਵਿਰੋਧੀ ਤੇ ਹਮਲਾ ਕਰਨ ਜਾਂ ਰੋਕਣ ਤੇ ਮਜਬੂਰ ਹੋ ਜਾਂਦਾ ਹਾਂ। ਇਨ੍ਹਾਂ ਵੇਗਿਕ ਸ਼ਕਤੀਆਂ (impulsive powers) ਨੂੰ ਹੇਠਲੇ ਨੁਕਤਿਆਂ ਰਾਹੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ।

(ੳ) ਬਿਰਤੀ ਉਕਸਾਊ ਵਸਤੂ ਦੇ ਸੁਭਾਵ ਤੋਂ ਹੀ ਵੇਗਿਕ ਸ਼ਕਤੀ ਪੜਚੋਲੀ ਜਾ ਸਕਦੀ ਹੈ। ਮਾਂ ਦੇ ਮਨ ਵਿਚ ਕ੍ਰੋਧ ਵਧੇਰੇ ਉਤਪੰਨ ਹੋਵੇਗਾ, ਜਦੋਂ ਉਹਦੇ ਆਪਣੇ ਬਚੇ ਤੇ ਕੋਈ ਹਮਲਾ ਕਰੇਗਾ, ਇਸ ਦੇ ਟਾਕਰੇ ਤੇ ਕਿਸੇ ਹੋਰ ਬੱਚੇ ਨੂੰ ਦੁਖ ਵਿਚ ਵੇਖ ਕੇ ਉਹ ਪਹਿਲੇ ਜਿਨੀ ਮਨੋ-ਭਾਵਕ ਉਤੇਜਨਾ ਨਹੀਂ ਅਨੁਭਵ ਕਰ ਸਕੇਗੀ, ਅਤੇ ਇਸੇ ਤਰ੍ਹਾਂ ਪਹਿਲੀ ਹਾਲਤ ਵਿਚ ਅਮਲ ਕਰਨ ਲਈ ਵੇਗ ਵੀ ਵਧੇਰੇ ਸ਼ਕਤੀ-ਸ਼ਾਲੀ ਹੋਣਗੇ।

(ਅ) ਇਹ ਵੇਗ ਕਈ ਵਾਰ ਅਨੁਰੂਪਕ ਅਨੁਭਵਾਂ (correspon-ding feelings) ਤੇ ਵਿਰੋਧੀ ਅਨੁਭਵਾਂ ਦੇ ਟਾਕਰੇ ਕਾਰਨ ਰੁਕ ਵੀ ਜਾਂਦੇ ਹਨ। ਜਿਹਾ ਕਿ ਮਾਂ ਜਦੋਂ ਆਪਣੇ ਬੱਚੇ ਨੂੰ ਕਿਸੇ ਵੈਰੀ ਹਥੋਂ ਦੁਖੀ ਵੇਖਦੀ ਹੈ, ਉਸਦੀ ਹਮਲਾ ਕਰੂ ਬਿਰਤੀ ਉਜਾਗਰ ਹੋ ਜਾਂਦੀ ਹੈ। ਇਸ ਤੋਂ ਪਹਿਲਾਂ ਕਿ ਉਹਦੀ ਵੇਗਿਕ ਸ਼ਕਤੀ ਉਹਨੂੰ ਅਮਲ ਲਈ ਤੱਤਪਰ ਕਰੇ, ਉਹਦੇ ਅਨੁਰੂਪਕ ਅਨੁਭਵ, ਵਿਰੋਧੀ ਅਨੁਭਵਾਂ (ਵੈਰੀ ਦਾ ਡਰ ਆਦਿ) ਨਾਲ ਟਕਰਾਂਦੇ ਹਨ, ਤੇ ਵੇਗ ਰੁਕ ਜਾਂਦਾ ਹੈ, ਅਤੇ ਉਹ ਇਸ ਉਪਰਾਮ ਅਵਸਥਾ ਵਿਚ ਆਪਣੇ ਆਪ ਨੂੰ ਅਸਮਰਥ ਵੇਖਦੀ ਹੈ। ਇਕ ਹੋਰ ਉਦਾਹਰਣ ਰਾਹੀਂ ਇਸ ਨੂੰ ਵਧੇਰੇ ਵਿਆਖਤ ਕਰ ਸਕਦੇ ਹਾਂ।

੧੯੧੭ ਦੀ ਗਲ ਹੈ, ਇਕ ਅੰਗ੍ਰੇਜ਼ ਅਫਸਰ, ਰਣ-ਭੂਮੀ ਵਿਚ, ਇਕ ਸ਼ੱਤਰੂ ਨੂੰ ਵੇਖਦਾ ਹੈ, ਤੇ ਵਾਰ ਕਰਨ ਲਈ ਤਲਵਾਰ ਖਿੱਚਦਾ ਹੈ। ਪ੍ਰੰਤੂ ਵੈਰੀ ਇਕ ਦਮ ਅੰਗ੍ਰੇਜ਼ੀ ਵਿਚ ਕੂਕ ਉਠਦਾ ਹੈ, "For God sake dont do that", ਅਤੇ ਅਫਸਰ ਦਾ ਵਾਰ ਕਰਨ ਦਾ ਵੇਗ, ਡਰ ਦੇ ਅਨੁਭਵਾਂ ਨਾਲ ਟਕਰਾਕੇ ਰੁਕ ਜਾਂਦਾ ਹੈ, ਕਿ ਮਤਾਂ ਛੇਤੀ ਵਿਚ ਅਗ੍ਰੇਜ਼ ਭਰਾ ਨੂੰ ਨਾ ਮਾਰ ਦਿਆਂ।

(ੲ) ਅਸੀਂ ਇਨ੍ਹਾਂ ਵੇਗਾਂ ਨੂੰ ਉਦੋਂ ਹੀ ਪਛਾਣ ਸਕਦੇ ਹਾਂ ਜਦੋਂ ਕਿ ਅਮਲ ਤੋਂ ਅਸਮਰਥ ਹੋ ਕੇ ਇਹ ਵੇਗ ਮੁੜਵੇਂ ਸਾਡੇ ਸੁਚੇਤ ਤੇ ਦਬਾ ਪਾਣ। ਪ੍ਰੰਤੂ ਅਮਲ ਵੇਲੇ ਇਨ੍ਹਾਂ ਦੀ ਪਛਾਣ ਕਠਨ ਹੁੰਦੀ ਹੈ। ਜਦੋਂ ਇਹ ਵੇਗ ਦੋ ਵਿਰੋਧੀ ਅਨੁਭਵਾਂ ਦੇ ਟਕਰਾ ਕਾਰਨ ਰੁਕ ਜਾਂਦੇ ਹਨ, ਅਸੀਂ ਸੁਚੇਤ ਵਿਚ ਇਨ੍ਹਾਂ ਦੀ ਖਿੱਚੋਤਾਣ ਰਾਹੀਂ ਹੋਂਦ ਅਨੁਭਵ ਕਰਦੇ ਹਾਂ।

ਅਨੁਭਵ (Feelings)

ਮਨੋ-ਭਾਵਕ ਅਮਲ ਦੀ ਤੀਬਰਤਾ ਵਿਚ ਅਸੀਂ ਸਾਧਾਰਨ ਅਨੁਭਵਾਂ ਤੋਂ ਬਿਲਕੁਲ ਅਜਾਣ ਹੋ ਜਾਂਦੇ ਹਾਂ। ਜਦੋਂ ਇਹ ਵੇਗ ਜ਼ਬਰਦਸਤ ਹੁੰਦੇ ਹਨ, ਇਹ ਸਾਡੇ ਸੁਚੇਤ ਦੇ ਖੇਤਰ ਨੂੰ ਅਤੀ ਤੰਗ ਕਰ ਦੇਂਦੇ ਹਨ, ਭਾਵ ਅਸੀਂ ਆਪਣੇ ਮਨੋਭਾਵਕ ਆਦਰਸ਼ ਤੋਂ ਬਿਨਾ ਹੋਰ ਨਾ ਕੁਝ ਵੇਖ ਸਕਦੇ ਹਾਂ, ਨਾ ਸੋਚ ਸਕਦੇ ਹਾਂ; ਜਿਹਾ ਕਿ ਜਦੋਂ ਸਾਡੀ ਪ੍ਰਸਿਧਤਾ ਨੂੰ ਧੱਬਾ ਲਾਇਆ ਜਾਵੇ, ਜਾਂ ਸਾਡੇ ਤੇ ਕੋਈ ਇਖਲਾਕੀ ਦੋਸ਼ ਲਾ ਦਿਤਾ ਜਾਵੇ, ਅਸੀਂ ਅਤਿਅੰਤ ਕ੍ਰੋਧ ਵਿਚ ਆ ਜਾਂਦੇ ਹਾਂ, ਉਸ ਵੇਲੇ ਬਿਨਾਂ ਆਪਣੇ ਆਪ ਨੂੰ ਸੁਰੱਖਿਤ ਕਰਣ ਦੇ, ਹੋਰ ਅਸੀਂ ਕੁਝ ਨਹੀਂ ਸੋਚ ਸਕਦੇ। ਕਿਸੇ ਤਰ੍ਹਾਂ ਦੀ ਮਨੋ ਭਾਵਕ ਉਕਸਾਹਟ ਵੀ, ਸਾਡੀ ਭੁਖ, ਨੀਂਦ ਤੇ ਅਮਨ ਵਿਚ ਰੋਕ ਪੈਦਾ ਕਰ ਦੇਂਦੀ ਹੈ। ਹਰ ਸਾਧਾਰਣ ਮਨੁੱਖ ਨੂੰ ਕਈ ਵਾਰ ਇਹ ਤਜਰਬਾ ਹੋਇਆ ਹੁੰਦਾ ਹੈ ਕਿ ਕ੍ਰੋਧ, ਉਦਾਸੀ ਜਾਂ ਉਤਸ਼ਾਹ ਸਮੇਂ ਉਕਤ ਸਾਰੇ ਅਨੁਭਵ ਲਗ ਪਗ ਮਧਮ ਹੋ ਜਾਂਦੇ ਹਨ। ਮਾਂ ਵੇਖਦੀ ਹੈ ਕਿ ਉਹਦਾ ਬੱਚਾ ਸੜਕ ਵਿਚਾਲੇ ਬੈਠਾ, ਮੋਟਰ ਹੇਠ ਆਣ ਲਗਾ ਹੈ, ਉਹ

ਆਪਣੀ ਸਰੀਰਕ ਪ੍ਰਵਾਹ ਕੀਤੇ ਬਿਨਾ ਹੀ, ਸੜਕ ਵਲ ਲਪਕਦੀ ਹੈ। ਉਹਦੀ ਸ਼ਕਤੀ-ਸ਼ਾਲੀ ਵਾਤਸਲ ਬਿਰਤੀ, ਉਹਦੇ ਸੁਚੇਤ-ਖੇਤਰ ਨੂੰ ਅਤਿ ਸੌੜਾ ਕਰ ਦੇਂਦੀ ਹੈ। ਉਹ ਨਾ ਕੁਝ ਵੇਖਦੀ ਹੈ, ਨਾ ਸੋਚਦੀ ਹੈ, ਉਹਦੀ ਨਜ਼ਰਾਂ ਵਿਚ, ਬੱਚਾ ਨਿਟੋਲ ਬੱਚਾ ਹੀ ਰਚਿਆ ਹੁੰਦਾ ਹੈ। ਉਹ ਦੂਜੇ ਪਾਸਿਉਂ ਆ ਰਹੀ ਬੱਸ ਨੂੰ ਵੀ ਵੇਖ ਸੁਣ ਨਹੀਂ ਸਕਦੀ। ਉਸਦੇ ਮਨੋ-ਭਾਵਾਂ ਤੋਂ ਪਰਜੂਲਤ ਵੇਗ, ਅਮਲ ਲਈ ਸੁਤੰਤਰ ਹੁੰਦੇ ਹਨ, ਜੇ ਦੋ ਵਿਰੋਧੀ ਅਨੁਭਵਾਂ ਦੀ ਟੱਕਰ, ਉਨ੍ਹਾਂ ਦੇ ਅਮਲ ਵਿਚ ਰੋਕ ਨਾ ਪੈਦਾ ਕਰ ਦੇਵੇ।

ਹਰ ਬਿਰਤੀ ਨਾਲ, ਉਹਦੇ ਅਨੁਰੂਪਕ ਅਨੁਭਵ ਹੁੰਦੇ ਹਨ, ਤੇ ਕਈ ਵਾਰ ਇਕ ਤੋਂ ਵਧ ਅਨੁਭਵ ਵੀ ਇਕੋ ਬਿਰਤੀ ਨਾਲ ਸੁਯੁੰਕਤ ਹੁੰਦੇ ਹਨ। ਜਿਵੇਂ ਇਕ ਮਨੁਖ ਆਪਣੇ ਕਮਰੇ ਵਿਚ ਇਕੱਲਾ ਬੈਠਾ ਪੁਸਤਕ ਪੜ੍ਹ ਰਿਹਾ ਹੈ। ਅਚਾਨਕ ਨਾਲ ਦੇ ਕਮਰੇ ਵਿਚੋਂ ਇਕ ਭਿਆਨਕ ਤੇ ਅਪਰਚਿਤ ਜਹੀ ਚੀਖ਼ ਸੁਣੀਂਦੀ ਹੈ। ਉਹ ਪੁਸਤਕ ਛੱਡ ਦਿੰਦਾ ਹੈ, ਕਿਉਂਕਿ ਉਹਦੇ ਮਨ ਵਿਚ ਡਰ ਦੇ ਨਾਲ ਨਾਲ ਹੀ ਹੈਰਾਨੀ ਦੇ ਅਨੁਭਵ ਵੀ ਉਤਪੰਨ ਹੋ ਰਹੇ ਹਨ। ਇਹ ਵਿਰੋਧੀ ਅਨੁਭਵ ਇਕ ਮਾਨਸਿਕ ਖਿਚੋਤਾਣ ਪੈਦਾ ਕਰ ਦੇਂਦੇ ਹਨ। ਉਹ ਚਾਹੁੰਦਾ ਹੈ ਕਿ ਨਾਲ ਦੇ ਕਮਰੇ ਵਿਚ ਜਾ ਕੇ ਪਤਾ ਕਰੇ ਕਿ ਆਵਾਜ਼ ਕਿਹੀ ਹੈ, ਪਰ ਡਰ ਦੇ ਅਨੁਭਵ ਉਹਨੂੰ ਆਪਣਾ ਕਮਰਾ ਛੱਡਣ ਤੋਂ ਰੋਕਦੇ ਹਨ। ਜਦ ਤਕ ਉਹਦੇ ਅਨੁਭਵਾਂ ਵਿਚੋਂ ਇਕ ਸ਼ਾਂਤ ਨਹੀਂ ਹੁੰਦਾ, ਉਹਦਾ ਵੇਗ ਉਹਨੂੰ ਅਮਲ ਲਈ ਤਤਪਰ ਨਹੀਂ ਕਰ ਸਕਦਾ।

(ਅ) ਗੱਡੀ ਤੋਂ ਰਹਿ ਜਾਣ ਤੇ ਵੀ ਕ੍ਰੋਧ ਤੇ ਮਜਬੂਰੀ ਦੇ ਦੋ ਵਿਰੋਧੀ ਭਾਵ ਪੈਦਾ ਹੁੰਦੇ ਹਨ।

(ੲ) ਕਿਸੇ ਜਲਸੇ ਤੇ ਪਹਿਲੀ ਤਕਰੀਰ ਵੇਲੇ ਵੀ ਖੁਸ਼ੀ ਤੇ ਡਰ ਦੇ ਵਿਰੋਧੀ ਅਨੁਭਵ ਉਤਪੰਨ ਹੁੰਦੇ ਹਨ।

ਕਈ ਵਾਰ ਜਦੋਂ ਇਕੋ ਸਮੇਂ ਦੋ ਬਿਰਤੀਆਂ ਜਾਗ ਉਠਦੀਆਂ ਹਨ,

ਸੰਮਿਲਤ (blended) ਅਨੁਭਵ ਉਤਪੰਨ ਹੋ ਜਾਂਦੇ ਹਨ। ਜਿਹਾ ਕਿ ਹਮਲਾ ਕਰੂ ਤੇ ਘਿਰਣਾ ਬਿਰਤੀਆਂ ਇਕੋ ਅਵਸਥਾ ਨੂੰ ਵੇਖ ਕੇ ਪ੍ਰਗਟ ਹੁੰਦੀਆਂ ਹਨ, ਕਈ ਸੰਮਿਲਤ ਅਨੁਭਵ ਜਿਹਾ ਕਿ ਨਫਰਤ ਆਦਿ ਪੈਦਾ ਹੋ ਜਾਂਦੇ ਹਨ।

ਮੁਢਲੇ ਅਨੁਭਵ, ਮਨੁਖਾਂ ਅਤੇ ਪਸ਼ੂਆਂ ਵਿਚ ਸਾਂਝੇ ਹੁੰਦੇ ਹਨ, ਪ੍ਰੰਤੂ ਸੰਮਿਲਤ ਨਹੀਂ। ਇਸੇ ਤਰ੍ਹਾਂ ਗੌਣ (Derived) ਅਨੁਭਵ ਸਿਰਫ ਮਨੁਖਾਂ ਵਿਚ ਹੀ ਮਿਲਦੇ ਹਨ। ਮੈਕਡਾਗਲ ਮੁਢਲੇ ਅਨੁਭਵਾਂ ਅਤੇ ਗੌਣ ਅਨੁਭਵਾਂ ਵਿਚ ਇਸ ਤਰ੍ਹਾਂ ਅਭਾਵ ਦਸਦਾ ਹੈ।

ਮੁਢਲੇ ਅਨੁਭਵ, ਕਿਸੇ ਅਵਸਥਾ ਜਾਂ ਵਸਤੂ ਤੋਂ ਉਪਜੇ ਸੁਭਾਵਕ ਆਵੇਸ਼ (Instinctive Responses) ਦੀ ਉਪਜ ਹਨ, ਨਾ ਕਿ ਕਿਸੇ ਅਮਲ ਵਿਚ ਆਏ ਵੇਗ ਦੀ। ਪ੍ਰੰਤੂ ਗੌਣ ਅਨੁਭਵ ਸਿਧੇ ਕਿਸੇ ਮਨੋ ਭਾਵ ਦੀ ਕਿਰਤ ਹਨ। ਉਦਾਹਰਣ ਵਜੋਂ, ਮੈਨੂੰ ਭੁਖ ਲਗਦੀ ਹੈ, ਮੇਰੇ ਅੰਦਰ ਖੁਰਾਕ ਦੀ ਤਲਾਸ਼ ਦਾ ਵੇਗ ਪ੍ਰਬਲ ਹੁੰਦਾ ਹੈ। ਮੈਂ ਇਕ ਹੋਟਲ ਦਾ ਦ੍ਰਿਸ਼ ਮਨ ਵਿਚ ਬਣਾਂਦਾ ਹਾਂ। ਸੋ ਮੈਂ ਆਸਮੰਦ ਅਤੇ ਵਿਸ਼ਵਾਸ਼ ਭਰਪੂਰ ਜਿਹਾ ਹੋ ਜਾਂਦਾ ਹਾਂ। (ਆਸਾ ਅਤੇ ਵਿਸ਼ਵਾਸ਼ ਗੌਣ ਅਨੁਭਵ ਹਨ) ਪ੍ਰੰਤੂ ਜੇ ਮੇਰਾ ਵੇਗ, ਕਿਸੇ ਅਸੰਭਵ ਦ੍ਰਿਸ਼ ਨਾਲ ਸਬੰਧਤ ਹੁੰਦਾ, ਤਦ ਮੇਰੇ ਗੌਣ ਅਨੁਭਵ, ਨਾ-ਉਮੈਦੀ ਅਤੇ ਸ਼ੱਕ ਹੁੰਦੇ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮਨੋਭਾਵ ਸਾਧਾਰਣ ਅਨੁਭਵਾਂ ਤੋਂ ਵੱਖਰੇ ਹੁੰਦੇ ਹਨ। ਇਹ ਸਰੀਰਕ ਉਕਸਾਹਟ, ਵੇਗ ਅਤੇ ਅਨੁਭਵਾਂ ਦਾ ਸੰਗ੍ਰਹਿਕ ਰੂਪ ਹੁੰਦੇ ਹਨ। ਮੁਢਲੇ ਅਨੁਭਵ (Primary Feelings) ਬਿਰਤੀ ਨਾਲ ਸਬੰਧਤ ਹੁੰਦੇ ਹਨ। ਸੰਮਿਲਤ ਅਨੁਭਵ ਦੋ ਜਾਂ ਤਿੰਨ ਰਲੇ ਮਿਲੇ ਅਨੁਭਵਾਂ ਦਾ ਨਾਮ ਹੈ। ਗੌਣ ਅਨੁਭਵ ਉਦੋਂ ਉਪਜਦੇ ਹਨ ਜਦੋਂ ਬਿਰਤੀ ਦੇ ਜਾਗਣ ਉਪਰੰਤ ਸਾਡੇ ਵੇਗ ਕਿਸੇ ਨਾ ਕਿਸੇ ਦ੍ਰਿਸ਼ ਨਾਲ ਸਬੰਧਤ ਹੋ ਜਾਂਦੇ ਹਨ।

★

ਭਾਵਨਾ, ਮਿਜ਼ਾਜ, ਸ੍ਵੈ-ਗਿਲਾਨੀ

ਸ਼ੈਂਡ ਆਪਣੀ ਪੁਸਤਕ "ਆਚਰਨ ਦੀ ਨੀਂਹ" ਵਿਚ ਲਿਖਦਾ ਹੈ, "ਆਚਰਨ ਦੀ ਪ੍ਰਫੁਲਤਾ ਵਿਚ ਸਾਡੀਆਂ ਭਾਵਨਾਂ ਪੂਰਨ ਸਫਲਤਾ ਨਾਲ ਸਾਡੇ ਮਨੋ-ਭਾਵ ਤੇ ਬਿਰਤੀਆਂ ਨੂੰ ਕਾਬੂ ਵਿਚ ਕਰਨ ਦੇ ਯਤਨ ਕਰਦੀਆਂ ਹਨ, ਪਰ ਆਚਰਨਕ ਅਧੋਗਤੀ ਵਿਚ ਸਾਡੇ ਜਜ਼ਬੇ ਤੇ ਮਨੋ-ਭਾਵ ਸਾਡੀ ਸ਼ਖਸੀਅਤ ਨੂੰ ਆਪਣੇ ਕਾਬੂ ਵਿਚ ਕਰਕੇ ਚਲਾਉਂਦੇ ਹਨ।" ਇਹ ਸ਼ਬਦ ਜ਼ਰਾ ਧਿਆਨ ਯੋਗ ਹਨ, ਕਿਉਂਕਿ ਇਹ ਸਾਨੂੰ ਦੋ ਗੱਲਾਂ ਵਿਸ਼ੇਸ਼ ਤੌਰ ਤੇ ਦਰਸਾਉਂਦੇ ਹਨ। (੧) ਜਜ਼ਬਿਆਂ ਨੂੰ ਕਾਬੂ ਕਰਨ ਦੀ ਲੋੜ, ਤੇ (੨) ਆਚਰਨਕ ਬਣਤਰ ਵਿਚ ਭਾਵਨਾ (Sentiment) ਦੀ ਥਾਂ।

ਮਨੋਭਾਵਾਂ ਦਾ ਕਾਬੂ, ਆਚਰਨ ਦੀ ਮਜ਼ਬੂਤੀ ਲਈ ਕਿਤੇ ਬਹੁਤ ਜ਼ਰੂਰੀ ਹੈ। ਅਸੀਂ 'ਬਿਰਤੀਆਂ' ਦੇ ਕਾਂਡ ਵਿਚ ਪਹਿਲੇ ਹੀ ਵਰਨਨ ਕਰ ਚੁਕੇ ਹਾਂ ਕਿ ਮਨੋਭਾਵ ਧੁਰ ਅੰਦਰਲੀਆਂ ਬਿਰਤੀਆਂ ਦੀ ਉਪਜ ਹੁੰਦੇ ਹਨ ਅਤੇ ਸਾਡੀ ਮਾਨਸਿਕ ਉਸਾਰੀ ਵਿਚ ਪੂਰਨ ਭਾਗ ਪਾਉਂਦੇ ਹਨ। ਜਜ਼ਬਿਆਂ ਰਹਿਤ ਮਨੁੱਖ ਬੜਾ ਘਟ ਪ੍ਰਭਾਵ-ਸ਼ਾਲੀ ਹੁੰਦਾ ਹੈ, ਉਹ ਦਿਮਾਗ਼ੀ ਤੌਰ ਤੇ ਚਤੁਰ ਤਾਂ ਹੋ ਸਕਦਾ ਹੈ, ਪ੍ਰੰਤੂ ਉਹ ਆਪਣੇ ਗਿਆਨ ਨੂੰ ਦੂਜਿਆਂ ਤਕ ਪਹੁੰਚਾਣ ਦੇ ਅਸਮਰਥ ਹੀ ਹੁੰਦਾ ਹੈ। ਭਾਵੇਂ ਉਹ ਜੋ ਲਿਖਦਾ ਹੈ, ਮੰਤਕ ਜਾਂ ਦਲੀਲ ਅਨੁਸਾਰ ਠੀਕ ਹੀ ਹੁੰਦਾ ਹੈ, ਪਰ ਉਹ ਸਾਨੂੰ ਬੜਾ ਘਟ ਪ੍ਰਭਾਵਤ ਕਰਦਾ ਹੈ। ਕਿਉਂਕਿ ਉਸਦੀ ਲਿਖਤ ਪਿਛੇ ਕੋਈ ਸ਼ਖਸੀ ਪਹਿਚਾਣ ਜਾਂ ਧੂਹ ਪਾਣ ਵਾਲੀ ਸ਼ਕਤੀ ਨਹੀਂ ਹੁੰਦੀ। ਜੇ ਅਸੀਂ ਇਕੋ ਵਿਸ਼ੇ ਤੇ ਵਖ ਵਖ ਲੇਖਕਾਂ ਵਲੋਂ ਲਿਖੀਆਂ ਪੁਸਤਕਾਂ ਪੜ੍ਹੀਏ, ਤਦ ਹੀ ਇਹ ਘਾਟਾ ਅਨੁਭਵ ਹੁੰਦਾ ਹੈ। ਇਕ ਲਿਖਤ ਤਾਂ ਵਿਦਿਆਰਥੀ ਦੇ ਮਨ ਨੂੰ ਮੋਹ ਲੈਂਦੀ

ਹੈ, ਪਰ ਦੂਜੀ ਸਿਰ ਦਰਦ ਦਾ ਕਾਰਨ ਬਣਦੀ ਹੈ।

ਮਨੋ-ਭਾਵ ਜਾਂ ਜਜ਼ਬੇ ਸ਼ਖਸੀਅਤ ਨੂੰ ਉਜਾਲਾ ਦੇਂਦੇ ਹਨ, ਉਹਦੀ ਬੋਲੀ ਨੂੰ ਸ਼ਕਤੀ-ਸ਼ਾਲੀ ਬਣਾਉਂਦੇ ਤੇ ਉਹਦੇ ਸ਼ਬਦਾਂ ਨੂੰ ਵਧੇਰੇ ਡੂੰਘੇਰੀ ਮਾਰ ਕਰਨ ਜੋਗ ਕਰਦੇ ਹਨ; ਪਰਮਨਾਂ ਲਈ, ਉਸ ਦੀ ਅਪੀਲ ਨੂੰ ਵਧੇਰੇ ਚਮਕਾਂਦੇ ਹਨ। ਪ੍ਰੰਤੂ ਜਜ਼ਬਿਆਂ ਵਿਚ ਇਹ ਸ਼ਕਤੀ ਉਦੋਂ ਹੀ ਆਉਂਦੀ ਹੈ, ਜਦੋਂ ਉਹ ਬੇਲਗਾਮ ਨਾ ਹੋਣ। ਮਜ਼ਬੂਤ ਆਚਰਨ ਦਾ ਮਨੁੱਖ, ਤੁਹਾਡੇ ਜਿਚ ਕੀਤਿਆਂ ਜਿਚ ਨਹੀਂ ਹੋਵੇਗਾ, ਦੁਖ ਵੇਲੇ ਅਡੋ ਰਹੇਗਾ ਅਤੇ ਆਪਣੇ ਜਜ਼ਬਾਤੀ ਵੇਗ ਨੂੰ ਹਰ ਅਵਸਥਾ ਵਿਚ ਹਥੋਂ ਨਹੀਂ ਜਾਣ ਦੇਵੇਗਾ।

ਜੇ ਆਚਰਨ ਦੀ ਮਜ਼ਬੂਤੀ ਦਾ ਨਿਰਭਰ, ਮਨੋ-ਭਾਵਾਂ ਦੇ ਕਾਬੂ ਤੇ ਹੈ, ਤਦ ਸਾਨੂੰ ਸੋਚਣਾ ਪਵੇਗਾ ਕਿ ਇਹ ਕਾਬੂ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹੋ ਪ੍ਰਸ਼ਨ ਸਾਨੂੰ ਅਥਾਹ ਭਾਵਨਾਂ (Sentiment) ਦੀ ਪਛਾਣ ਲਈ ਮਜਬੂਰ ਕਰਦਾ ਹੈ, ਜਿਨ੍ਹਾਂ ਨੂੰ ਸ਼ੈਂਡ ਨੇ, ਜਜ਼ਬਿਆਂ ਨੂੰ ਕਾਬੂ ਰਖਣ ਦੀ ਕੁੰਜੀ ਕਿਹਾ ਹੈ।

ਭਾਵ ਜਾਂ ਭਾਵਨਾ (Sentiment) ਕੀ ਹਨ ?

ਭਾਵਨਾ, ਸਾਡਾ ਕਿਸੇ ਗਲ ਸਬੰਧੀ ਪਕ ਚੁਕਾ ਖ਼ਿਆਲ ਹੁੰਦਾ ਹੈ, ਜਿਸ ਦੇ ਦਵਾਲੇ ਹੀ ਉਸ ਨਾਲ ਸਬੰਧਤ ਮਨੋਭਾਵ ਜਾਂ ਵਲਵਲੇ ਰਹਿੰਦੇ ਹਨ। ਉਦਾਹਰਣ ਵਜੋਂ, ਦੇਸ਼ ਭਗਤੀ ਦੀ ਭਾਵਨਾ ਨੂੰ ਹੀ ਲੈਂਦੇ ਹਾਂ, ਇਸ ਤੋਂ ਭਾਵ ਸਾਡਾ ਦੇਸ਼ ਦੀ ਆਜ਼ਾਦੀ, ਰਖਿਆ, ਖੁਸ਼ਹਾਲੀ, ਤਾਕਤ, ਸਭਯਤਾ, ਸੁੰਦਰਤਾ ਆਦਿ ਖ਼ਿਆਲ ਹਨ, ਅਤੇ ਇਸ ਭਾਵਨਾ ਦਵਾਲੇ ਬਹੁਤ ਸਾਰੇ ਮਨੋ-ਭਾਵ ਇਕੱਠੇ ਰਹਿੰਦੇ ਹਨ, ਜਿਵੇਂ ਡਰ (ਦੇਸ਼ ਤੋਂ ਵਖ ਹੋਣ ਦਾ), ਕ੍ਰੋਧ (ਜੇ ਉਸ ਤੇ ਕੋਈ ਹਮਲਾ ਕਰਦਾ ਹੈ), ਖ਼ੁਸ਼ੀ (ਜੇ ਕੋਈ ਉਹਦੀ ਪ੍ਰਸ਼ੰਸਾ ਕਰਦਾ ਹੈ) ਆਦਿ। ਇਸੇ ਤਰ੍ਹਾਂ, ਮਿਤਰ, ਸਕੂਲ, ਮੰਦਰ ਗੁਰਦੁਆਰੇ ਸਮਾਜ, ਧਰਮ ਆਦਿ ਅਣਗਿਣਤ ਵਸਤਾਂ ਹਨ, ਜਿਨ੍ਹਾਂ ਸਬੰਧੀ ਅਸੀਂ ਵਿਸ਼ੇਸ਼ ਭਾਵਨਾ ਬਣਾ ਲੈਂਦਾ ਹੈ।

ਜਦੋਂ ਅਸੀਂ ਕਿਸੇ ਵਸਤੂ ਵਲ ਪਿਆਰ ਭਾਵਨਾ ਪੈਦਾ ਕਰ ਲੈਂਦੇ

ਹਾਂ, ਤਦ ਲਗ ਪਗ ਸਾਰੇ ਜਜ਼ਬੇ ਇਸ ਭਾਵਨਾ ਦੇ ਹਮਦਰਦ ਹੋ ਜਾਂਦੇ ਹਨ; ਡਰ, ਕ੍ਰੋਧ, ਖ਼ੁਸ਼ੀ, ਅਫ਼ਸੋਸ ਆਦਿ। ਜਦੋਂ ਉਹ ਵਸਤੂ ਖ਼ਤਰੇ ਵਿਚ ਹੁੰਦੀ ਹੈ, ਸਾਡੇ ਅੰਦਰ ਡਰ ਦਾ ਜਜ਼ਬਾ ਉਤਪੰਨ ਹੁੰਦਾ ਹੈ, ਜੇ ਉਸ ਤੇ ਹਮਲਾ ਹੁੰਦਾ ਹੈ, ਤਦ ਅਸੀਂ ਕ੍ਰੋਧ ਵਿਚ ਬਿਹਬਲ ਹੋ ਜਾਂਦੇ ਹਾਂ; ਜਦੋਂ ਉਹ ਸਾਡੀਆਂ ਅੱਖਾਂ ਸਾਹਮਣੇ ਹੁੰਦੀ ਹੈ, ਸਾਡਾ ਰੋਮ ਰੋਮ ਖ਼ੁਸ਼ੀ ਨਾਲ ਭਰ ਜਾਂਦਾ ਹੈ; ਅੱਖੋਂ ਉਹਲੇ ਹੋਣ ਤੇ ਅਫ਼ਸੋਸ ਪ੍ਰਤੀਤ ਹੋਣ ਲਗ ਪੈਂਦਾ ਹੈ। ਭਾਵ ਇਹ ਸਾਰੇ ਜਜ਼ਬੇ ਇਸ ਭਾਵਨਾ ਦੇ ਕੇਂਦਰ ਵਲ ਝੁਕੇ ਰਹਿੰਦੇ ਹਨ। ਪ੍ਰੰਤੂ ਘਿਰਣਾ ਦੀ ਭਾਵਨਾ ਦੀ ਹਾਲਤ ਵਿਚ ਇਹ ਸਾਰੇ ਵਸਤੂ ਨਾਲ ਉਲਟਾ ਸਬੰਧ ਰਖਣਗੇ। ਭਾਵ ਉਸ ਵਸਤੂ ਦੀ ਗ਼ੈਰ ਹਾਜ਼ਰੀ ਵਿਚ ਅਸੀਂ ਖ਼ੁਸ਼ੀ ਅਨੁਭਵ ਕਰਾਂਗੇ, ਉਸ ਦੀ ਹਾਜ਼ਰੀ ਵਿਚ ਅਫ਼ਸੋਸ, ਡਰ ਤੇ ਕ੍ਰੋਧ, ਮਤਾਂ ਉਹ ਸਾਡੇ ਲਈ ਦੁਖ ਦਾ ਕਾਰਨ ਨ ਬਣੇ।

ਇਹ ਭਾਵਨਾਂ ਬਹੁਤਾ ਸਾਡੀ ਵਿਚਾਰ ਤੋਂ ਨਹੀਂ ਬਣੀਆਂ ਹੁੰਦੀਆਂ, ਸਗੋਂ ਉਸ ਵਸਤੂ ਨਾਲ ਲਗਾਤਾਰ ਸਬੰਧ, ਸਾਡੇ ਅੰਦਰ ਉਸ ਸਬੰਧੀ ਖ਼ਾਸ ਖ਼ਿਆਲ ਉਤਪੰਨ ਕਰ ਦੇਂਦੇ ਹਨ। ਉਦਾਹਰਣ ਵਜੋਂ, ਮਾਂ-ਭਗਤੀ, ਬਚਪਨ ਤੋਂ ਹੀ ਮਾਂ ਨਾਲ ਸਬੰਧਤ ਹੋਣ ਕਰਕੇ ਪੈਦਾ ਹੋ ਜਾਂਦੀ ਹੈ ਅਤੇ ਵਡੇਰੀ ਉਮਰ ਵਿਚ ਜਾ ਕੇ, ਵਧੇਰੇ ਪੱਕੀ ਹੋ ਜਾਂਦੀ ਹੈ। ਬੱਚਾ ਬਾਲਪਨ ਤੋਂ ਮਾਂ ਦੇ ਸਹਾਰੇ ਉਸਰਦਾ ਹੈ, ਤੇ ਉਸ ਦੀ ਕਿਰਪਾ ਤੇ ਪਿਆਰ ਦੀ ਸਲਾਹੁਤਾ, ਉਸ ਅੰਦਰ ਪੈਦਾ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇਸ਼ ਪਿਆਰ ਦੀ ਭਾਵਨਾਂ ਵੀ ਉਸ ਵਿਚ ਮੁਢ ਤੋਂ ਰਹਿਣ ਸਹਿਣ ਕਰਕੇ ਉਪਜਦੀ ਹੈ।

ਪ੍ਰੰਤੂ ਜਿਹੜੀ ਭਾਵਨਾ ਸਾਡੇ ਮਾਨਸਿਕ ਜੀਵਨ ਵਿਚ ਅਤਿ ਉਚੇਰਾ ਪਾਰਟ ਅਦਾ ਕਰਦੀ ਹੈ, ਉਹ ਹਉਮੈ (Ego Sentiment) ਹੈ। ਜੋ ਕੁਝ ਅਸੀਂ ਆਪਣੇ ਸਬੰਧੀ ਸੋਚਦੇ ਹਾਂ, ਇਸ ਦਾ ਸਾਡੇ ਆਚਰਨ ਤੇ ਕਾਫ਼ੀ ਭਾਰ ਪੈਂਦਾ ਹੈ। ਇਹ ਇਕ ਖੁਲ੍ਹੀ ਡੁਲ੍ਹੀ ਸਚਾਈ ਹੈ ਕਿ ਔਸਤ ਮਨੁਖ ਬਹੁਤਾ ਆਪਣੇ ਵਿਚ ਹੀ ਜੀਂਵਦਾ ਹੈ। ਭਾਵ ਉਹ ਬਹੁਤਾ ਆਪਣੇ ਸਬੰਧੀ ਸੋਚਦਾ ਹੈ ਤੇ ਬਹੁਤ ਘਟ ਦੂਜਿਆਂ ਸਬੰਧੀ।

ਉਸ ਦੇ ਜੀਵਨ ਤਜਰਬੇ, ਉਸ ਦੀ ਸ੍ਵੈ-ਵਿਚਾਰ ਨੂੰ ਬਹੁਤਾ ਪੱਕਾ ਕਰਦੇ ਹਨ, ਇਹ ਸ੍ਵੈ-ਵਿਚਾਰ ਦਾ ਮੁਢ ਬਾਲਪਨ ਵਿਚ ਹੀ ਵਿਸ਼ੇਸ਼ ਕਰ ਕੇ ਸਤ ਸਾਲ ਦੀ ਆਯੂ ਤੋਂ ਪਹਿਲਾਂ ਹੀ ਬੱਝ ਜਾਂਦਾ ਹੈ। ਉਸ ਦੇ ਪਿਛੋਂ ਦੇ ਜੀਵਨ ਤਜਰਬੇ, ਬਹੁਤਾ ਉਹਦੀ ਸ੍ਵੈ-ਵਿਚਾਰ ਤੋਂ ਹੀ ਪ੍ਰਭਾਵਤ ਹੁੰਦੇ ਰਹਿੰਦੇ ਹਨ, ਅਤੇ ਇਨ੍ਹਾਂ ਦਾ ਪ੍ਰਤਿ ਕਰਮ, ਹਉਮੈ ਭਾਵ ਨੂੰ ਮਜ਼ਬੂਤ ਜਾਂ ਕਮਜ਼ੋਰ ਕਰਦਾ ਰਹਿੰਦਾ ਹੈ। ਜੇ ਉਹ ਸਮਝੇ ਕਿ ਉਹ ਹਰ ਖ਼ਤਰੇ ਨੂੰ ਝੱਲਣ ਦੇ ਸਮਰੱਥ ਹੈ, ਤਦ ਉਹ ਹਰ ਖ਼ਤਰੇ ਨੂੰ ਬੜੀ ਦਲੇਰੀ ਨਾਲ ਕਬੂਲੇਗਾ ਅਤੇ ਸਾਰੇ ਡਰ ਦੇ ਭਾਵ ਉਪਰੇ ਮਿੱਥ ਕੇ ਝੁਟਲਾ ਦੇਵੇਗਾ।

ਕਈ ਮਨੁਖ ਅਜਿਹੀ ਗ਼ਲਤੀ ਕਰ ਬੈਠਦੇ ਹਨ, ਜੋ ਉਹ ਯਤਨ ਕਰਨ ਤੇ ਵੀ, ਆਪਣੇ ਆਪ ਨੂੰ ਮਾਫ਼ ਨਹੀਂ ਕਰ ਸਕਦੇ, ਅਤੇ ਇਸੇ ਖ਼ੁਦੀ ਦੇ ਪ੍ਰਭਾਵ ਹੇਠ ਆਤਮ-ਘਾਤ ਕਰ ਲੈਂਦੇ ਹਨ । ਅਸਲ ਵਿਚ ਖ਼ੁਦੀ ਜਾਂ ਹਉਮੈ ਦੀ ਭਾਵਨਾ ਮਨੁਖ ਦੀਆਂ ਸਾਰੀਆਂ ਰੁਚੀਆਂ ਦੀ ਕੇਂਦਰੀ ਚੂਲ ਹੈ। ਅਤੇ ਇਹ ਸਿਰਫ ਧਰਮ ਭਾਵ ਦੇ ਅਧੀਨ ਹੀ ਹੋ ਸਕਦੀ ਹੈ, ਕਿਉਂਕਿ ਇਸ (ਧਰਮ) ਨੂੰ ਅਸੀਂ ਰੱਬ ਵਲੋਂ ਮੰਨਦੇ ਹਾਂ।

ਝੁਕਾ ਯਾ ਮਿਜ਼ਾਜ (Disposition)

ਝੁਕਾਉ ਤੇ ਭਾਵਨਾ ਵਿਚ ਇਹੋ ਭੇਦ ਹੈ ਕਿ ਝੁਕਾ ਅਸੀਂ ਅਚੇਤ ਹੀ ਦੂਜੇ ਮਨੁਖਾਂ ਜਾਂ ਆਲੇ ਦੁਆਲੇ ਤੋਂ ਸਵੀਕਾਰ ਕਰ ਲੈਂਦੇ ਹਾਂ। ਉਦਾਹਰਣ ਵਜੋਂ ਜੇ ਮਾਪੇ ਪੁਰਾਣੇ ਖ਼ਿਆਲਾਂ ਦੇ ਹੋਣ ਜਾਂ ਪਿਛਾਂਹ-ਖਿੱਚੂ ਸਿਆਸਤ ਦੇ ਧਾਰਨੀ ਹੋਣ, ਤਦ ਬੱਚਾ ਅਚੇਤ ਹੀ ਇਨ੍ਹਾਂ ਖ਼ਿਆਲਾਂ ਨੂੰ ਸਵੀਕਾਰ ਕਰ ਲਵੇਗਾ। ਮਾਪੇ ਜੇ ਕੱਟੜ ਧਾਰਮਕ ਭਾਵਨਾ ਵਾਲੇ ਹੋਣਗੇ, ਬੱਚਾ ਵੀ ਉਨ੍ਹਾਂ ਦੀ ਰਹਿਣੀ-ਬਹਿਣੀ, ਗੱਲ ਬਾਤ, ਉਨ੍ਹਾਂ ਦੇ ਉਸਾਰੇ ਧਾਰਮਕ ਵਾਤਾ ਵਰਨ ਤੋਂ ਅਚੇਤ ਹੀ ਧਾਰਮਕ ਝੁਕਾ ਜਾਂ ਮਿਜ਼ਾਜ ਬਣਾ ਲਵੇਗਾ। ਇਹੋ ਕਾਰਨ ਹੈ ਕਿ ਅਸੀਂ ਅਣ-ਗਿਣਤ ਅਜਿਹੇ ਧਰਮੀ ਤੇ ਨੇਮੀ ਵੇਖਦੇ ਹਾਂ, ਜੋ ਮੰਦਰਾਂ ਗੁਰਦੁਆਰਿਆਂ ਦੇ ਪੱਕੇ ਨੇਮੀ ਹੁੰਦੇ ਹਨ, ਪਰ ਸਿਰਫ ਧਾਰਮਕ ਝੁਕਾ ਸਦਕਾ ਹੀ ਇਹ ਕੁਝ ਹਨ। ਭਾਵ ਕੀ ਭਾਵਨਾ

ਅਤੇ ਝੁਕਾ ਵਿਚ ਬਾਹਲਾ ਭੇਦ ਹੈ। ਇਕ ਅਹਿੰਸਾ ਵਾਦੀ ਭਾਵੇਂ ਅਹਿੰਸਕ ਝੁਕਾ ਕਾਰਨ, ਪਸ਼ੂਆਂ ਵਲ ਆਪ ਕਦੇ ਵੀ ਹਿੰਸਕ ਭਾਵਨਾ ਨਹੀਂ ਕਰੇਗਾ, ਪਰ ਦੂਜਿਆਂ ਨੂੰ ਵੀ ਇਸ ਪਾਸੇ ਵਲ ਤਦ ਹੀ ਪ੍ਰੇਰ ਸਕੇਗਾ, ਜੇ ਉਹਦੇ ਅੰਦਰ ਮਜ਼ਬੂਤ ਅਹਿੰਸਕ ਭਾਵਨਾ ਕੰਮ ਕਰ ਰਹੀ ਹੋਵੇਗੀ। ਬੱਚਿਆਂ ਦੀ ਸੁਚੱਜੀ ਉਸਾਰੀ ਲਈ ਅਜਿਹੇ ਕਈ ਸਹਾਇਕ ਝੁਕਾ ਪੈਦਾ ਕੀਤੇ ਜਾ ਸਕਦੇ ਹਨ। ਪ੍ਰੰਤੂ ਇਸ ਦਾ ਭਾਵ ਇਹ ਨਹੀਂ ਕਿ ਉਹ ਫਿਰ ਕਦੇ ਵੀ ਵਿਰੋਧੀ ਖ਼ਿਆਲਾਂ ਵੱਲ ਨਹੀਂ ਪ੍ਰੇਰਿਆ ਜਾ ਸਕਦਾ, ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਝੁਕਾ ਤੋਂ ਭਾਵ ਕਿਸੇ ਵਸਤੂ ਦਾ ਪੂਰਨ ਸਵੀਕਾਰ ਨਹੀਂ। ਕਿਸੇ ਖ਼ਿਆਲ ਜਾਂ ਝੁਕਾ (Disposition) ਦਾ ਗ੍ਰਹਿਣ ਜਾਂ ਤਿਆਗ, ਉਹ ਆਪਣੀ ਸਿਆਣੀ ਉਮਰ ਵਿਚ ਕਰ ਸਕਦਾ ਹੈ।

ਕਈ ਬੱਚਿਆਂ ਤੇ ਕਿਸ਼ੋਰ ਉਮਰ ਵਿਚ ਜਾ ਕੇ, ਵਿਚਾਰ ਅਤੇ ਦਲੀਲ ਬਹੁਤਾ ਪ੍ਰਭਾਵ ਰਖਦੀ ਹੈ ਤੇ ਕਈਆਂ ਤੇ ਉਹਨਾਂ ਦੇ ਦਿਮਾਗ਼, ਡਰ, ਸ਼ਰਮ ਜਾਂ ਇਹੋ ਜਿਹੇ ਕਿਸੇ ਹੋਰ ਕਾਰਨ ਦੱਬੇ ਹੋਣ ਕਰ ਕੇ, ਇਹ ਘੱਟ ਅਸਰ ਰਖਦੀ ਹੈ। ਉਹਨਾਂ ਨੂੰ ਖੁਲ੍ਹਾ ਡੁਲ੍ਹਾ ਸੋਚਣ ਦੀ ਵਾਦੀ ਹੀ ਨਹੀਂ ਪੈਣ ਦਿੱਤੀ ਜਾਂਦੀ। ਬਾਲਪਨ ਤੋਂ ਹੀ ਮਾਪਿਆਂ, ਟੱਬਰ ਤੇ ਆਲੇ ਦੁਆਲੇ ਦੇ ਪ੍ਰਭਾਵ, ਉਹਨਾਂ ਦੀ ਪੁੰਗਰਣ ਯੋਗ ਜੀਵਨ-ਪਨੀਰੀ ਨੂੰ ਦਬਾਈ ਰਖਦੇ ਹਨ।

ਸੰਖੇਪ ਵਿਚ ਅਸੀਂ ਫਿਰ ਕਹਾਂਗੇ ਕਿ ਕਿਸੇ ਵਸਤੂ ਸਬੰਧੀ ਪੂਰਨ ਸੁਚੇਤ ਅਵਸਥਾ ਵਿਚ ਆਪਣੇ ਖ਼ਿਆਲ ਬਣਾ ਲੈਣ ਦਾ ਨਾਮ "ਭਾਵਨਾ" (Sentiments) ਹੈ, ਜਿਨ੍ਹਾਂ ਦੁਆਲੇ ਸਾਡੇ ਜਜ਼ਬੇ ਇਕੱਠੇ ਰਹਿੰਦੇ ਹਨ, ਅਤੇ ਜੇਹੜੀ ਭਾਵਨਾ ਬਾਕੀ ਸਾਰੀਆਂ ਭਾਵਨਾਵਾਂ ਤੋਂ ਸ਼ਕਤੀ-ਸ਼ਾਲੀ ਤੇ ਮਜ਼ਬੂਤ ਹੈ, ਉਹ "ਖ਼ੁਦੀ ਜਾਂ ਹਉਮੈ" ਹੈ, ਜੋ ਸੂਰਜ ਵਾਂਗ ਸਾਡੇ ਹਰ ਗ੍ਰਹਿ (ਜਜ਼ਬੇ) ਤੇ ਚਮਕਦੀ ਹੈ। ਕਿਸੇ ਵਿਅਕਤੀ ਦੀ ਆਚਰਨਕ ਮਜ਼ਬੂਤੀ, ਉਸ ਦੇ ਜਜ਼ਬਾਤੀ ਕਾਬੂ ਵਿਚ ਹੈ, ਅਤੇ ਇਨ੍ਹਾਂ ਜਜ਼ਬਿਆਂ ਤੇ ਕਾਬੂ ਕਰਨ ਲਈ ਭਾਵਨਾਂ (Sentiments) ਵਧੇਰੇ ਸਹਾਈ ਹੁੰਦੀਆਂ ਹਨ।

ਝੁਕਾ (Disposition) ਅਸਲ ਵਿਚ ਦੂਜੇ ਮਨੁਖਾਂ ਦੀਆਂ ਭਾਵਨਾਵਾਂ ਨੂੰ ਅਚੇਤ ਹੀ ਗ੍ਰਹਿਣ ਕਰਨ ਦਾ ਨਾਂ ਹੈ ਜੋ ਵਿਰੋਧੀ ਭਾਵਨਾ ਦੀ ਸਹਾਇਤਾ ਨਾਲ ਵਟਾਇਆ ਜਾ ਸਕਦਾ ਹੈ।

ਸ੍ਵੈ-ਗਿਲਾਨੀ (Inferiority Complexes)

ਕਈ ਵਾਰ ਬੱਚਿਆਂ ਦੇ ਸੁਭਾਵ ਵਿਚ ਅਜਿਹੀਆਂ ਗੁੰਝਲਾਂ ਜਾਂ ਗੀਢਾਂ ਪੈ ਜਾਂਦੀਆਂ ਹਨ, ਜੋ ਉਨ੍ਹਾਂ ਦੀ ਜੀਵਨ-ਦੌੜ ਵਿਚ ਰੋਕ ਪੈਦਾ ਕਰ ਦੇਂਦੀਆਂ ਹਨ। ਇਹ ਕਈ ਕਾਰਨਾਂ ਕਰ ਕੇ ਪੈਦਾ ਹੋ ਜਾਂਦੀਆਂ ਹਨ। ਜਿਵੇਂ ਕਿਸੇ ਅਤਿ ਭਿਆਨਕ ਜਾਂ ਦਰਦਨਾਕ ਦ੍ਰਿਸ਼ ਨੂੰ ਵੇਖ ਕੇ ਵੀ ਬੱਚਿਆਂ ਨੂੰ ਅਜਿਹਾ ਹੌਲ ਪੈ ਜਾਂਦਾ ਹੈ ਕਿ ਉਹ ਫਿਰ ਹਰ ਅਜਿਹੇ ਦ੍ਰਿਸ਼ ਤੋਂ ਘਬਰਾਂਦੇ ਹਨ, ਜੋ ਪਹਿਲੇ ਦ੍ਰਿਸ਼ ਨਾਲ ਜ਼ਰਾ ਭਰ ਵੀ ਸਬੰਧਤ ਹੋਵੇ। ਉਦਾਹਰਣ ਵਜੋਂ, ਇਕ ਬੱਚਾ ਕਿਸੇ ਭਿਆਨਕ ਕੁੱਤੇ ਤੋਂ ਅਜਿਹਾ ਡਰਦਾ ਹੈ ਕਿ ਉਹਨੂੰ ਫਿਰ ਹਰ ਕੁੱਤਾ ਭਿਆਨਕ ਪ੍ਰਤੀਤ ਹੁੰਦਾ ਹੈ। ਕਿਸੇ ਬੱਚੇ ਨੂੰ ਕੋਈ ਓਪਰਾ ਮਨੁੱਖ ਅਜਿਹਾ ਮਾਰਦਾ ਹੈ ਕਿ ਉਹ ਬੱਚਾ ਸਦਾ ਲਈ ਅਜਿਹੇ ਮਨੁੱਖ ਤੋਂ ਡਰਨ ਲਗ ਪੈਂਦਾ ਹੈ, ਜਿਸ ਨੇ ਪਹਿਲੇ ਮਨੁੱਖ ਜਿਹੀ ਲਾਲ ਪਗੜੀ ਬੱਧੀ ਹੋਵੇ। ਇਹ ਗੁੰਝਲਾਂ ਜੇ ਮਨ ਦੀਆਂ ਡੂੰਘਾਣਾਂ ਵਿਚ ਵਸ ਜਾਣ, ਤਦ ਮਨੁੱਖ ਲਈ ਅਤੀ ਹਾਨੀਕਾਰਕ ਹੁੰਦੀਆਂ ਹਨ।

ਸ੍ਵੈ-ਗਿਲਾਨੀ ਜਾਂ ਨੀਵਤਾ ਭਾਵ (Inferiority Complex)ਦੀ ਗੁੰਝਲ ਸਬੰਧੀ ਅਸੀਂ ਬਹੁਤਾ ਪੜ੍ਹਦੇ ਤੇ ਸੁਣਦੇ ਰਹਿੰਦੇ ਹਾਂ ਤੇ ਅਸੀਂ ਇਥੇ ਇਸ ਸਬੰਧੀ ਕੁਝ ਨਾ ਕੁਝ ਵਰਨਣ ਕਰਾਂਗੇ।

ਹਰ ਮਨੁੱਖ, ਦੂਜੇ ਮਨੁੱਖ ਦੇ, ਹਰ ਪਹਿਲੂ ਵਿਚ ਬਰਾਬਰ ਨਹੀਂ ਹੋ ਸਕਦਾ। ਇਕ ਡਾਕਟਰ, ਆਪਣੇ ਵਕੀਲ ਮਿੱਤਰ ਤੋਂ ਕਾਨੂੰਨੀ ਪਛਾਣ ਤਾਂ ਘਟ ਰਖਦਾ ਹੈ, ਪਰ ਮੈਡੀਕਲ ਸੂਝ ਵਿਚ ਉੱਚਾ ਹੈ, ਭਾਵੇਂ ਰਾਜਨੀਤੀ ਵਿਚ ਪ੍ਰਸਪਰ ਬਰਾਬਰ ਹੀ ਹਨ। ਜੇ ਡਾਕਟਰ, ਕਾਨੂੰਨੀ ਦ੍ਰਿਸ਼ਟੀ-ਕੋਣ ਤੋਂ, ਆਪਣੇ ਆਪ ਨੂੰ ਵਕੀਲ ਤੋਂ ਘਟੀਅਲ ਸਮਝੇ, ਤਦ ਉਹ ਮੁਤਅਲਿਆ

ਕਰਕੇ ਇਸ ਘਾਟ ਨੂੰ ਪੂਰਾ ਕਰ ਸਕਦਾ ਹੈ। ਨਵੀਨਤਾ ਭਾਵ, ਕਈ ਵਾਰ ਮਨੁੱਖ ਨੂੰ ਉੱਨਤੀ ਵਲ ਪ੍ਰੇਰਦਾ ਹੈ। ਪ੍ਰੰਤੂ ਜਦੋਂ ਇਹੋ ਭਾਵ ਗੁੰਝਲ ਬਣ ਜਾਂਦਾ ਹੈ, ਤਦ ਸਾਡੀ ਮਾਨਸਿਕ ਅਵਸਥਾ ਅਜਿਹੀ ਬਣ ਜਾਂਦੀ ਹੈ ਕਿ ਸਾਡਾ ਇਹ ਘਟੀਆ-ਪਨ ਦਾ ਖ਼ਿਆਲ, ਸ੍ਵੈ-ਗਿਲਾਨੀ ਦਾ ਰੂਪ ਧਾਰਨ ਕਰ ਲੈਂਦਾ ਹੈ ਤੇ ਇਸ ਦਾ ਰੋਗੀ ਸਾਰੀ ਆਯੂ ਇਨਸਾਫ਼ ਤੇ ਸਲਾਹੁਤਾ ਦੀ ਭੁਖ ਵਿਚ ਬਿਹਬਲ ਰਹਿੰਦਾ ਹੈ।

ਸ੍ਵੈ-ਗਿਲਾਨੀ ਕਿਉਂ ਉਪਜਦੀ ਹੈ। ਮਾਨਸਿਕ ਖੋਜੀਆਂ ਨੇ ਇਹਦੇ ਅਣਗਣਿਤ ਕਾਰਨ ਦਸੇ ਹਨ।

(੧) ਛੋਟੇ ਬੱਚੇ ਵਿਚ ਜੀਵਣ ਲਈ ਪਰਬਲ ਇਛਾ ਹੁੰਦੀ ਹੈ, ਉਹ ਆਪਣੇ ਆਪ ਨੂੰ ਆਲੇ ਦੁਆਲੇ ਦੇ ਜੀਵਨ ਵਿਚ ਫਿਟ ਕਰਨਾ ਚਾਹੁੰਦਾ ਹੈ, ਪ੍ਰੰਤੂ ਕਈ ਵਾਰ ਉਸ ਦੀ ਜੀਵਨ-ਦੌੜ ਕਿਸੇ ਸਰੀਰਕ ਦੋਸ਼ ਕਰਕੇ ਰੁਕ ਜਾਂਦੀ ਹੈ; ਜਦੋਂ ਉਹ ਦੂਜਿਆਂ ਦੇ ਟਾਕਰੇ ਤੇ ਆਪਣੇ ਆਪ ਨੂੰ ਅਧੂਰਾ ਪ੍ਰਤੀਤ ਕਰਦਾ ਹੈ ਇਕ ਕਮਜ਼ੋਰ ਤੇ ਮਾੜਾ ਬੱਚਾ ਉਹ ਕੁਝ ਕਰਨਾ ਚਾਹੇਗਾ, ਜੋ ਕਿ ਇਕ ਮਜਬੂਤ ਮੁੰਡਾ ਵਧੇਰੇ ਸੌਖ ਨਾਲ ਕਰ ਸਕਦਾ ਹੈ। ਪ੍ਰੰਤੂ ਜਦੋਂ ਉਹ ਆਪਣੇ ਯਤਨਾਂ ਵਿਚ ਅਸਫਲ ਰਹਿੰਦਾ ਹੈ, ਉਸ ਅੰਦਰ ਸ੍ਵੈ-ਗਿਲਾਨੀ ਦਾ ਭਾਵ ਪੈਦਾ ਹੋ ਜਾਂਦਾ ਹੈ, ਜੋ ਦਿਨੋ ਦਿਨ ਮਜ਼ਬੂਤ ਹੁੰਦਾ ਜਾਂਦਾ ਹੈ; ਕਿਉਂਕਿ ਉਸ ਦੀ ਅਯੋਗਤਾ ਦੇ ਕਾਰਨ, ਵਾਤਾ ਵਰਨ ਦੇ ਹਾਲਾਤ ਉਸ ਦੇ ਵਿਰੁਧ ਹੀ ਰਹਿੰਦੇ ਹਨ। ਸੋ ਇਹੋ ਸ੍ਵੈ-ਗਿਲਾਨੀ ਯਾ ਨੀਚਤਾ ਭਾਵ ਉਸ ਲਈ ਇਕ ਭਿਆਨਕ ਮਾਨਸਿਕ ਗੁੰਝਲ ਬਣ ਜਾਂਦੀ ਹੈ।

ਕੁਝ ਕੁ ਹੋਰ ਮਨੋ ਵਿਗਿਆਨਕ ਕਾਰਨ ਵੀ ਇਸ ਗੁੰਝਲ ਦੇ ਕਹੇ ਜਾ ਸਕਦੇ ਹਨ।

(੧) ਮਾਪਿਆਂ ਜਾਂ ਹੋਰ ਸਬੰਧਤ ਮਨੁਖਾਂ ਵਲੋਂ, ਬੱਚੇ ਦਾ, ਉਸ ਦੇ ਦੂਜੇ ਭੈਣਾਂ ਭਰਾਵਾਂ ਜ਼ਾਂ ਹੋਰ ਬੱਚਿਆਂ ਨਾਲ ਟਾਕਰਾ ਕਰਦੇ ਰਹਿਣਾ।

ਬੱਚਾ ਜਦੋਂ ਵੇਖਦਾ ਹੈ ਕਿ ਉਸਦੇ ਮਾਤਾ ਪਿਤਾ ਨਵੇਂ ਆਏ ਕਾਕੇ ਵੱਲ ਬਹੁਤਾ ਧਿਆਨ ਦੇਂਦੇ ਹਨ, ਤਦ ਉਹ ਆਪਣੇ ਆਪ ਨੂੰ ਨਵੇਂ ਬੱਚੇ ਦੀ ਥਾਂ ਤੇ ਲਿਆਉਣ ਲਈ ਕਈ ਯਤਨ ਕਰਦਾ ਹੈ। ਮਾਪਿਆਂ ਦੀ ਉਸ ਵੱਲੋਂ ਅਣ-ਗਹਿਲੀ ਉਸਦੀ ਸ੍ਵੈ-ਪ੍ਰਗਟਾ ਦੀ ਬਿਰਤੀ ਨੂੰ ਧੱਕਾ ਮਾਰਦੀ ਹੈ। ਉਹ ਆਪਣੇ ਆਪ ਨੂੰ ਨੀਵਾਂ ਅਨੁਭਵ ਕਰਨ ਲੱਗ ਪੈਂਦਾ ਹੈ। ਬੱਚੇ ਦੀ ਇਹ ਅਵਸਥਾ ਜੇ ਇਸੇ ਤਰ੍ਹਾਂ ਵਧਦੀ ਜਾਏ ਤਾਂ ਉਹਦੇ ਮਾਨਸਿਕ ਜੀਵਨ ਵਿਚ ਗੁੰਝਲ ਪੈ ਜਾਣ ਦਾ ਡਰ ਹੈ। ਮਾਪਿਆਂ ਨੂੰ ਬੱਚੇ ਦੇ ਇਸ ਅਹਿਸਾਸ ਨੂੰ ਝੁਠਿਆਣ ਦੇ ਯਤਨ ਕਰਨੇ ਚਾਹੀਦੇ ਹਨ। ਵਡੇਰੇ ਬੱਚਿਆਂ ਵਿਚ ਵੀ ਇਹ ਟਾਕਰਾ ਨਿਰਾਦਰ ਭਾਵ ਪੈਦਾ ਕਰ ਦਿੰਦਾ ਹੈ, ਜੋ ਉਸ ਲਈ ਦਿਲ-ਤੋੜਵਾਂ ਤਜਰਬਾ ਹੋ ਸਕਦਾ ਹੈ।

(੨) ਸ੍ਵੈ-ਪ੍ਰਗਿਟਾ ਵਿਚ ਰੁਕਾਵਟ ਪੈਦਾ ਕਰਨੀ

ਹਰ ਬੱਚਾ ਸ੍ਵੈ-ਪ੍ਰਗਿਟਾ ਦੀ ਅਵਸਥਾ 'ਚੋਂ ਲੰਘਦਾ ਹੈ। ਬੱਚਿਆਂ ਵਿਚ ਇਹ ਬਿਰਤੀ ਕਈ ਰੂਪਾਂ ਵਿਚ ਪ੍ਰਗਟ ਹੋ ਸਕਦੀ ਹੈ। ਬੱਚਾ ਬਹੁਤਾ ਬੜਬੋਲਾ ਜਾਂ ਗਪੌੜ ਬਣ ਜਾਵੇਗਾ। ਕਈ ਤਰ੍ਹਾਂ ਦੀਆਂ ਨਾਟਕੀ ਢੰਗ ਦੀਆਂ ਖੇਡਾਂ ਤੇ ਨਕਲਾਂ ਕਰੇਗਾ। ਬੱਚੇ ਦੀ ਸ੍ਵੈ-ਪ੍ਰਗਟਾਊ ਬਿਰਤੀ ਦੀ ਕਦੇ ਵੀ ਵਿਰੋਧਤਾ ਨਹੀਂ ਕਰਨੀ ਚਾਹੀਦੀ। ਪਰ ਇਸ ਦਾ ਇਹ ਭਾਵ ਵੀ ਨਹੀਂ ਕਿ ਉਸ ਦੀ ਇਸ ਬਿਰਤੀ ਨੂੰ ਹਵਾ ਦਿਤੀ ਜਾਵੇ। ਜੇ ਵਿਰੋਧਤਾ ਕੀਤੀ ਜਾਵੇ, ਤਦ ਬੱਚਾ ਆਪਣੇ ਆਪ ਨੂੰ ਬੇ-ਲੋੜਾ ਪ੍ਰਤੀਤ ਕਰੇਗਾ, ਤੇ ਆਪਣੇ ਅੰਦਰ ਨੀਚਤਾ ਭਾਵ ਪੈਦਾ ਕਰ ਲਵੇਗਾ। ਚੰਗਾ ਇਹ ਹੈ ਕਿ ਉਸ ਦੀ ਇਸ ਬਿਰਤੀ ਨੂੰ ਬਿਲਕੁਲ ਹੀ ਨਾ ਖ਼ਿਆਲਿਆ ਜਾਵੇ, ਸਗੋਂ ਮਾਪਿਆਂ ਵਰਗੀ ਸਹਿਨ-ਸ਼ੀਲਤਾ ਨਾਲ ਵੇਖਿਆ ਜਾਵੇ। ਉਹ ਸਹਿਜੇ ਹੀ ਇਹ ਅਵਸਥਾ ਟੱਪ ਜਾਵੇਗਾ।

(੩) ਜੇ ਬੱਚੇ ਦੀਆਂ ਸ੍ਵੈ-ਪ੍ਰਗਟਾਊ ਹਰਕਤਾਂ ਦੀ ਵਿਰੋਧਤਾ ਕੀਤੀ ਜਾਵੇ—

ਕਈ ਵਾਰ ਬੱਚਾ ਜੋ ਵੇਖਦਾ ਹੈ, ਸੁਣਦਾ ਹੈ, ਸਮਝਦਾ ਹੈ; ਭਾਵੇਂ

31508

ਉਹ ਮਾਪਿਆਂ ਸਬੰਧੀ ਹੋਵੇ ਜਾਂ ਕਿਸੇ ਹੋਰ ਪ੍ਰਤਿਸ਼ਟ ਪੁਰਸ਼ ਸਬੰਧੀ; ਉਹ ਆਪਣੇ ਸ਼ਬਦਾਂ ਵਿਚ ਬਿਆਨਦਾ ਹੈ ਤੇ ਚਾਹੁੰਦਾ ਹੈ ਕਿ ਉਸ ਦੀ ਹਰ ਹਰਕਤ ਤੇ ਹਰ ਗਲ ਨੂੰ ਪਿਆਰ ਸਹਿਤ ਧਿਆਨਿਆ ਜਾਏ। ਉਸਦੇ ਇਸ ਹੱਕ ਤੋਂ ਸਾਡਾ ਇਨਕਾਰ ਉਸ ਨੂੰ ਨਿਰ ਸਾਹਸ ਜਿਹਾ ਬਣਾ ਦਿੰਦਾ ਹੈ, ਸਗੋਂ ਉਹ ਆਪਣੇ ਆਪ ਨੂੰ ਬੇਲੋੜਾ ਤੇ ਨਿਰਮੂਲ ਜਿਹਾ ਪ੍ਰਤੀਤ ਕਰਨ ਲਗ ਪੈਂਦਾ ਹੈ। ਸਾਡਾ ਠੀਕ ਵਤੀਰਾ ਇਹ ਹੋਣਾ ਚਾਹੀਦਾ ਹੈ, ਕਿ ਅਸੀਂ ਉਸ ਦੀ ਹਰ ਗਲ ਸੁਣੀਏ ਤੇ ਉਸ ਦੇ ਖ਼ਿਆਲਾਂ ਦੀ ਪ੍ਰਸੰਸਾ ਕਰੀਏ।

(੪) ਪਹਿਲੀ ਸਫ਼ਲਤਾ ਪਿਛੋਂ ਲਗਾ ਤਾਰ ਅਸਫ਼ਲਤਾ—

ਕਈ ਵਾਰ ਬੱਚਾ ਕਿਸੇ ਕੰਮ ਵਿਚ ਸਹਿਜੇ ਹੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ, ਅਤੇ ਆਪਣੇ ਸਬੰਧੀ ਗ਼ਲਤ ਅਤੇ ਅਤਿ ਕਥਨੀ ਦੇ ਭਾਵ ਪੈਦਾ ਕਰ ਲੈਂਦਾ ਹੈ। ਉਹ ਸਮਝਣ ਲਗ ਪੈਂਦਾ ਹੈ, ਕਿ ਉਹਦੇ ਰਾਹ ਵਿਚ ਕੋਈ ਵੀ ਰੋਕ ਪੈਦਾ ਨਹੀਂ ਹੋ ਸਕਦੀ। ਪ੍ਰੰਤੂ ਜਦੋਂ ਇਸ ਦੇ ਉਲਟ ਵਾਪਰਦਾ ਹੈ, ਤਦ ਉਹ ਸਮਝਣ ਲਗ ਪੈਂਦਾ ਹੈ ਕਿ ਉਸ ਵਿਚ ਕੋਈ ਨਾ ਕੋਈ ਊਣਤਾਈ ਜ਼ਰੂਰ ਹੈ। ਇਹੋ ਖ਼ਿਆਲ ਉਹਦੇ ਜੀਵਨ ਵਿਚ ਕਈ ਥਾਂ ਰੋਕ ਪੈਦਾ ਕਰਦਾ ਰਹਿੰਦਾ ਹੈ। ਸਿਆਣੇ ਮਾਪੇ, ਆਪਣੀ ਦਲੇਰ ਅਗਵਾਈ, ਤੇ ਸਲਾਹੁਤਾ ਨਾਲ, ਉਸਨੂੰ ਇਸ ਗੁੰਝਲ ਤੋਂ ਬਚਾ ਸਕਦੇ ਹਨ।

(੫) ਬੱਚੇ ਮੂਹਰੇ, ਉਸਦੀ ਕਾਬਲੀਅਤ ਤੋਂ ਵਧ, ਉਚ ਆਦਰਸ਼ ਰੱਖ ਦੇਣਾ—

ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ, ਕਿ ਮਾਪੇ ਜਾਂ ਉਸਤਾਦ ਬਚੇ ਸਬੰਧੀ ਬਹੁਤੇ ਉਤਕੰਠਿਤ ਹੁੰਦੇ ਹਨ। ਉਹ ਇਸ ਨੂੰ ਅਜਿਹੇ ਆਦਰਸ਼ ਵਲ ਲਿਜਾਣਾ ਚਾਹੁੰਦੇ ਹਨ, ਜੋ ਬੱਚੇ ਦੀ ਸਮਰਥਾ ਤੋਂ ਦੁਰੇਡਾ ਹੁੰਦਾ ਹੈ। ਬੱਚਾ ਜਤਨ ਕਰਦਾ ਹੈ ਕਿ ਉਹ ਉਚ ਤੋਂ ਉਚ ਅਵਸਥਾ ਤੇ, ਜੋ ਇਸ ਲਈ ਨੀਅਤ ਕੀਤੀ ਗਈ ਹੈ, ਪੁਜ ਜਾਵੇ। ਪ੍ਰੰਤੂ ਅਸਫਲਤਾ ਦੀ ਸੂਰਤ ਵਿਚ ਉਸ ਦੀ ਜੀਵਨ-ਹਿੱਸ ਮੱਧਮ ਹੋ ਜਾਂਦੀ ਹੈ। ਜੇ ਮਾਪੇ ਪਹਿਲਾਂ ਹੀ

ਬੱਚੇ ਦੀ ਸਰੀਰਕ ਤੇ ਮਾਨਸਿਕ ਪ੍ਰੀਖਿਆ ਕਰ ਲੈਣ, ਜਾਂ "ਸੂਝ ਪ੍ਰੀਖਿਆ" ਰਾਹੀਂ, ਬਚੇ ਦੀ ਮਾਨਸਿਕ ਪੱਧਰ ਲੱਭ ਲੈਣ, ਤਦ ਇਸ ਕਠਨਤਾ ਤੋਂ ਜ਼ਰੂਰ ਬਚਿਆ ਜਾ ਸਕਦਾ ਹੈ।

ਸ੍ਵੈ-ਗਿਲਾਨੀ ਦਾ ਪ੍ਰਗਿਟਾ–

ਮਿਸਟਰ ਐਡਲਰ ਦੇ ਕਹੇ ਅਨੁਸਾਰ, ਇਹ ਗੁੰਝਲ ਮਨੁਖ ਅੰਦਰ "ਅਤਿ ਪ੍ਰਾਸਚਿਤ" (over compensation) ਦਾ ਭਾਵ ਪੈਦਾ ਕਰ ਦੇਂਦੀ ਹੈ। ਇਹ ਭਾਵ ਵੀ ਮਨੁਖ ਅੰਦਰ ਅਚਿਤ ਹੀ ਕੰਮ ਕਰਦੇ ਹਨ। ਇਹ ਠੀਕ ਹੈ, ਕਿ ਅਸੀਂ ਆਮ ਤੌਰ ਤੇ ਆਪਣੇ ਸ੍ਵੈ-ਗਿਲਾਨੀ ਦੇ ਭਾਵ ਨੂੰ ਲੁਕਾਣ ਲਈ ਪ੍ਰਾਸਚਿਤ ਕਰਦੇ ਹਾਂ। ਅਸੀਂ ਆਪਣੇ ਗੁਆਂਢੀ ਦੇ ਘਰ ਉਗੇ ਫੁਲਾਂ ਨੂੰ ਵੇਖ ਕੇ, ਆਪਣੇ ਘਰ ਵੀ ਰੰਗ ਬਰੰਗੇ ਫੁਲ ਉਗਾਣ ਦੇ ਯਤਨ ਕਰਦੇ ਹਾਂ ਅਤੇ ਜਾਣਦੇ ਹੁੰਦੇ ਹਾਂ ਕਿ ਕੀ ਅਤੇ ਕਿਉਂ ਕਰ ਰਹੇ ਹਾਂ। ਪਰੰਤੂ ਜਦੋਂ ਇਹੋ ਸ੍ਵੈ-ਗਿਲਾਨੀ ਦੇ ਭਾਵ ਸਾਡੇ ਅੰਦਰ ਗੁੰਝਲ ਬਣ ਕੇ ਪ੍ਰਗਟ ਹੁੰਦੇ ਹਨ, ਅਸੀਂ ਆਪਣੀ ਅਤਿਪ੍ਰਾਸਚਿਤ ਦੀ ਦਸ਼ਾ ਤੋਂ ਬਿਲਕੁਲ ਅਨਜਾਣ ਹੁੰਦੇ ਹਾਂ। ਬੱਚਾ ਆਪਣੇ ਵਡੇ ਭਾਈ ਜਾਂ ਭੈਣ ਤੋਂ ਛੁਟਪਣ ਭਾਵ ਲੈ ਕੇ, ਅਜਾਣੇ ਹੀ ਦੂਜਿਆਂ ਨੂੰ ਆਪਣੇ ਵਲ ਖਿੱਚਣ ਲਈ ਕਈ ਤਰ੍ਹਾਂ ਦੀਆਂ ਹਰਕਤਾਂ ਕਰੇਗਾ। ਇਹ ਹਰਕਤਾਂ ਬਹੁਤੀ ਵਾਰੀ ਉਹਦੀਆਂ ਜੀਵਨ ਸਾਥਣਾਂ ਬਣ ਜਾਂਦੀਆਂ ਹਨ। ਉਸ ਦੀ ਇਹ ਅਤਿ ਪ੍ਰਾਸਚਿਤ ਦੀ ਅਵਸਥਾ ਉਦੋਂ ਤਕ ਸਮਾਜੀ ਹਦਾਂ ਅੰਦਰ ਹੀ ਰਹਿੰਦੀ ਹੈ, ਜਦ ਤਕ ਇਸ ਨੂੰ ਦਬਾਇਆ ਜਾਂ ਰੋਕਿਆ ਨਾ ਜਾਏ। ਦਬਾਣ ਤੇ ਇਹੋ ਭਾਵ ਵਿਅੱਕਤੀਗਤ ਲਈ ਹਾਨੀਕਾਰਕ ਬਣ ਜਾਂਦਾ ਹੈ, ਤੇ ਉਹ ਕਈ ਵਿਗਾੜੂ ਅਤੇ ਅਸਮਾਜਕ ਹਰਕਤਾਂ ਰਾਹੀਂ ਇਸ ਦਾ ਪ੍ਰਗਿਟ ਕਰਦਾ ਹੈ। ਇਸ ਤਰ੍ਹਾਂ ਇਕ ਕਿਸ਼ੋਰ ਆਯੂ ਦਾ ਮੁੰਡਾ ਕਈ ਬੁਰੇ ਕੰਮਾਂ (ਚੋਰੀ, ਝੂਠ) ਕਰਕੇ ਆਲੇ ਦੁਆਲੇ ਦਾ ਧਿਆਨ ਆਪਣੀ ਵਲ ਖਿਚਣ ਦਾ ਜਤਨ ਕਰਦਾ ਹੈ ਤੇ ਰੁਕੇ ਵੇਗਾਂ ਨੂੰ ਬਾਹਰ ਕਢਦਾ ਹੈ। ਆਪਣੇ ਸਬੰਧੀ ਕਈ

ਅਸੰਭਵ ਜਾਂ ਹੈਰਾਨੀ ਜਨਕ ਕਹਾਣੀਆਂ ਘੜਕੇ ਸੁਣਾਂਦਾ ਹੈ। ਪ੍ਰੰਤੂ ਇਹ ਗਲ ਯਾਦ ਰੱਖਣੀ ਜ਼ਰੂਰੀ ਹੈ ਕਿ ਇਹ ਸਭ ਹਰਕਤਾਂ ਅਚੇਤ ਹੀ ਹੁੰਦੀਆਂ ਹਨ।

ਕਈ ਵਾਰ ਬੱਚੇ ਦੇ ਅਤਿ ਪ੍ਰਾਸਚਿਤ ਭਾਵ ਰੁਕ ਜਾਣ ਕਰਕੇ, ਬਾਹਰ ਵਲ ਪ੍ਰਗਟ ਹੋਣ ਦੀ ਥਾਂ, ਅੰਦਰ ਵਲ ਦਬਾ ਪਾਂਦੇ ਹਨ। ਭਾਵ ਬੱਚਾ ਇਹਨਾਂ ਨੂੰ ਅਸਮਾਜਕ ਢੰਗਾਂ ਰਾਹੀਂ ਵੀ ਨਹੀਂ ਪ੍ਰਗਟ ਕਰਦਾ, ਤੇ ਬਹੁਤਾ ਸੋਚਨੀਯ ਅਤੇ ਅੰਤਰ ਮੁਖੀ (introvert) ਬਣ ਜਾਂਦਾ ਹੈ। ਉਹ ਬਹੁਤੀ ਵਾਰੀ ਇਕਾਂਤ ਵਾਸੀ ਵਿਆਕੁਲ ਦਬਿਆ ਘੁਟਿਆ ਰਹਿੰਦਾ ਹੈ ਤੇ ਕਈ ਭਿਆਨਕ ਮਾਨਸਿਕ ਤੇ ਸਰੀਰਕ ਰੋਗਾਂ ਵਿਚ ਗ੍ਰਸਿਆ ਜਾਂਦਾ ਹੈ ਨਿਰਸਾਹਸ ਕਚੇ ਇਰਾਦੇ ਵਾਲਾ ਜੀਵਨ ਵਲੋਂ ਅਰੁਚਕ ਜਿਹਾ ਬਣ ਜਾਂਦਾ ਹੈ। ਉਹ ਆਪਣੇ ਹਰ ਕਾਰਜ ਦੇ ਆਰੰਭ ਤੋਂ ਹੀ ਅਸਫਲਤਾ ਦਾ ਡਰ ਅਨੁਭਵ ਕਰਣ ਲਗ ਪੈਂਦਾ ਹੈ, ਅਤੇ ਜੀਵਨ ਭਰ ਉਦਾਸੀ ਉਪਰਾਮਤਾ ਤੇ ਨਾ ਖੁਸ਼ੀ ਉਹਦਾ ਖਹਿੜਾ ਨਹੀਂ ਛੱਡਦੀ।

★

ਮਾਨਸਿਕ ਪੜਚੋਲ

ਸਮਾਜਕ ਮਨੋ ਵਿਗਿਆਨ ਸਾਡੇ ਸਾਹਮਣੇ ਅਜਿਹੇ ਸਿਖਸ਼ਤ ਭਾਈਚਾਰੇ ਦੀ ਤਸਵੀਰ ਰਖਦਾ ਹੈ, ਜੋ ਆਰੰਭਕ ਮਨੁਖੀ ਸੁਭਾਵਾਂ ਤੇ ਆਧੁਨਕ ਭਾਈਚਾਰਕ ਨੇਮਾਂ ਦਾ ਮੇਲ ਹੈ। ਮਾਨਸਿਕ ਪੜਚੋਲ (Psyco-analysis) ਇਸ ਪ੍ਰਸਪਰ ਮੇਲ ਦੀ ਮਹਾਨਤਾ ਦਸਦੀ ਹੈ। ਜਿਨਾਂ ਸਿਖਸ਼ਤ ਸੁਸਾਇਟੀ ਨੂੰ ਮਾਨਸਿਕ ਪੜਚੋਲ ਖਿਚ ਸਕੀ ਹੈ, ਕੋਈ ਹੋਰ ਵਿਗਿਆਨ ਇਸ ਤੋਂ ਦਸਵਾਂ ਹਿੱਸਾ ਭੀ ਨਹੀਂ ਖਿਚ ਸਕਿਆ। ਇਹੋ ਇਕੋ ਸਾਇੰਸ ਹੈ, ਜਿਸ ਨੂੰ ਪੜ੍ਹੀ ਲਿਖੀ ਜਨਤਾ ਵਲੋਂ, ਸਤਿਕਾਰ, ਤੇ ਵਿਰੋਧਤਾ ਦੋਵੇਂ ਵਸਤਾਂ ਸਾਵੇਂ ਜੋਸ਼ ਨਾਲ ਪ੍ਰਾਪਤ ਹੋਈਆਂ। ਜਿਥੇ ਵਿਦਵਾਨਾਂ ਦਾ ਇਕ ਭਾਗ, ਇਹਨੂੰ ਵੀਹਵੀਂ ਸਦੀ ਦੀ ਸਭ ਤੋਂ ਜ਼ਰੂਰੀ ਕਾਢ ਤੇ ਮਾਨਸਿਕ ਰਹੱਸਾਂ ਦਾ ਸੁਚੱਜਾ ਅਨੁਵਾਦ ਮੰਨ ਕੇ ਪੂਜਦਾ ਹੈ, ਉਥੇ ਇਕ ਭਾਗ ਅਜਿਹਾ ਵੀ ਹੈ, ਜੋ ਇਸ ਨੂੰ ਮਨੁੱਖੀ ਦਿਮਾਗ ਵਿਚੋਂ ਉਪਜਿਆ ਬੇਅਰਥ ਸਿਧਾਂਤਾਂ ਦਾ ਸੰਗ੍ਰਹਿ ਕਹਿੰਦਾ ਹੈ।

ਇਸ ਲਈ ਪਹਿਲਾਂ ਇਹ ਦਸਣਾ ਜ਼ਰੂਰੀ ਹੈ ਕਿ ਮਾਨਸਿਕ ਪੜਚੋਲ ਦਾ ਵਿਦਵਾਨ ਤਬਕੇ ਵਿਚ ਕੀ ਭਾਵ ਲਿਆ ਜਾਂਦਾ ਹੈ। ਇਸ ਸਾਇੰਸ ਦੀ ਤਿੰਨ ਤਰ੍ਹਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਪਹਿਲੀ ਇਹ ਕਿ ਇਹ ਹਿਸਟੀਰੀਆ ਆਦਿ ਤੰਤੂ ਵਿਗਾੜ ਤੋਂ ਉਪਜੇ ਮਾਨਸਿਕ ਰੋਗਾਂ ਦਾ ਡਾਕਟਰੀ ਉਪਰਾਲਾ ਹੈ। ਇਹ ਇਹਦਾ ਅਤਿ ਮੌਲਕ ਤੇ ਮਹਿਦੂਦ ਭਾਵ ਹੈ। ਦੂਜੀ ਇਹ ਕਿ ਇਹ ਮਾਨਸਿਕ ਸੁਭਾਵ ਤੇ ਵਿਸ਼ੇਸ਼ ਤੌਰ ਤੇ ਅਚੇਤ ਮਨ ਦੀਆਂ ਡੂੰਘਾਈਆਂ ਦਾ ਪੜਚੋਲਕ ਢੰਗ ਹੈ। ਤੀਜੀ ਇਹ ਕਿ ਕਈ ਵਿਦਵਾਨ, ਡਾਕਟਰ ਫਰਾਇਡ ਦੀ ਅੰਤਹਿਕਰਣ

ਦੀ ਪੜਚੋਲ ਸਬੰਧੀ ਵਿਗਿਆਨਕ ਸਿਧਾਂਤ ਨੂੰ "ਮਾਨਸਿਕ ਪੜਚੋਲ" ਕਹਿੰਦੇ ਹਨ। ਫਰਾਇਡ ਆਪ ਲਿਖਦਾ ਹੈ ਕਿ "ਮਾਨਸਿਕ ਪੜਚੋਲ, ਅੰਤਹਿਕਰਣਕ ਜੀਵਨ ਵਿਚੋਂ ਅਚੇਤ ਦੀ ਖੋਜ ਹੈ।"

ਇਨ੍ਹਾਂ ਵਰਤਮਾਨ ਵਰ੍ਹਿਆਂ ਵਿਚ ਮਾਨਸਿਕ ਪੜਚੋਲੀਆਂ ਨੇ ਮਨੁੱਖੀ ਮਨ ਦੀਆਂ ਡੂੰਘਾਈਆਂ ਨੂੰ ਖੋਜ ਖੋਜ ਕੇ ਜੀਵਨ ਜਾਚ ਸਬੰਧੀ ਅਮੋਲਕ ਰਾਜ਼ ਲਭੇ ਹਨ, ਤੇ ਸਿਧਾਂਤ ਥਾਪੇ ਹਨ ਅਤੇ ਕਈ ਸਮਾਜਕ ਅਮਲਾਂ ਤੇ ਰਸਮਾਂ ਦੀ ਇਤਿਹਾਸਕ ਕੀਮਤ ਲਭਦੇ ਹੋਇਆਂ, ਲੋਕਗੀਤ, ਮਿਥਹਾਸ, ਪ੍ਰੰਪਰਕ ਕਥਾਵਾਂ ਤੇ ਸਾਹਿਤ ਦੇ ਖੇਤਰ ਵਿਚ ਕਾਫੀ ਖੋਜ ਕੀਤੀ ਹੈ।

ਮਾਨਸਿਕ ਪੜਚੋਲ ਨਿਰੋਲ ਕਿਸੇ ਸਿਧਾਂਤ ਦਾ ਨਾਮ ਨਹੀਂ, ਸਗੋਂ ਇਹ ਮਾਨਸਿਕ ਅਮਲ ਹੈ, ਜਿਸ ਨੂੰ ਫਰਾਇਡ ਨੇ ਡਾਕਟਰੀ ਵਾਯੂ-ਮੰਡਲ ਤੋਂ ਬਾਹਰ, ਜਨਤਕ ਪੱਧਰ ਤੇ ਲਿਆਂਦਾ ਹੈ ਤੇ ਭਾਵੇਂ ਇਹਨੂੰ ਹਿਸਟੀਰੀਆ ਆਦਿਕ ਮਾਨਸਿਕ ਰੋਗਾਂ ਦੇ ਉਪਰਾਲੇ ਦਾ ਸਫਲ ਢੰਗ ਸਮਝਿਆ ਜਾਂਦਾ ਹੈ, ਪ੍ਰੰਤੂ ਇਸ ਸਾਇੰਸ ਦਾ ਖੇਤਰ ਬੜਾ ਵਿਸ਼ਾਲ ਤੇ ਡੂੰਘਾ ਹੈ, ਤੇ ਮਨੁੱਖੀ ਮਨ ਦੀਆਂ ਡੂੰਘਾਈਆਂ ਨੂੰ ਖੋਜਣ ਦਾ ਇਕੋ ਇਕ ਵਿਗਿਆਨਕ ਢੰਗ ਹੈ।

ਫਰਾਇਡ ਸਾਡੇ ਅੰਤਹਿਕਰਣ ਨੂੰ ਤਿੰਨ ਵਡੇ ਭਾਗਾਂ ਵਿਚ ਵੰਡਦਾ ਹੈ, ਸੁਚੇਤ, ਉਪਚੇਤ, ਤੇ ਅਚੇਤ। ਸੁਚੇਤ ਮਾਨਸਿਕ ਅਮਲ ਉਹ ਹਨ ਜਿਨ੍ਹਾਂ ਤੋਂ ਅਸੀ ਹਰ ਸਮੇਂ ਜਾਣੂ ਹੁੰਦੇ ਹਾਂ, ਤੇ ਸਾਡੀ ਜਾਗਰਤ ਅਵਸਥਾ ਵਿਚ ਵਰਤੀਂਦੇ ਹਨ। ਉਪਚੇਤ ਮਾਨਸਿਕ ਅਮਲ ਉਹ ਹਨ, ਜੋ ਸਦਾ ਸਾਡੇ ਸੁਚੇਤ ਮਨ ਦੀਆਂ ਬਰੂਹਾਂ ਤੇ ਰਹਿੰਦੇ ਹਨ ਤੇ ਲੋੜ ਸਮੇਂ ਪ੍ਰਗਟ ਹੋ ਸਕਦੇ ਹਨ। ਇਸ ਭਾਗ ਵਿਚ ਸਾਡੇ ਚੇਤੇ ਤੇ ਭੁਲੀਆਂ ਯਾਦਾਂ ਰਹਿੰਦੀਆਂ ਹਨ, ਪ੍ਰੰਤੂ ਅਚੇਤ ਮਾਨਸਿਕ ਅਮਲ ਜਿਨਾਂ ਤੋਂ ਅਸੀਂ ਜਾਣੂ ਨਹੀਂ ਹੁੰਦੇ ਸਾਧਾਰਣ ਹਾਲਤ ਵਿਚ ਸੁਚੇਤ ਨਹੀਂ ਹੁੰਦੇ। ਇਨ੍ਹਾਂ ਤਿੰਨਾਂ ਭਾਗਾਂ ਨੂੰ ਚਿਤਰ ਰਾਹੀਂ ਅੰਤਹਿਕਰਣ ਦੀਆਂ ਭਿੰਨ ਭਿੰਨ ਫਰਜ਼ੀ ਤਹਿਾਂ ਵਿਚ ਪ੍ਰਗਟ ਕੀਤਾ ਜਾ

ਸਕਦਾ ਹੈ; ਸੁਚੇਤ ਤੋਂ ਹੇਠਲੀ ਤਹਿ ਉਪਚੇਤ ਦੀ ਤੇ ਉਦੂੰ ਹੇਠਾਂ ਅਚੇਤ ਦੀ।

ਸਾਡਾ ਮਨ ਬਾਹਰਲੇ ਪ੍ਰਭਾਵਾਂ ਜਾਂ ਅੰਤਰੀਵੀ ਉਭਾਰਾਂ ਰਾਹੀਂ ਪ੍ਰਭਾਵਤ ਹੋਕੇ ਅਮਲ ਲਈ ਤਤਪਰ ਰਹਿੰਦਾ ਹੈ। ਸਾਰੇ ਮਾਨਸਿਕ ਅਮਲ ਪਹਿਲਾਂ ਅਚੇਤ ਤੋਂ ਉਠਦੇ ਹਨ ਜਿਨ੍ਹਾਂ ਵਿਚੋਂ ਕੁਝ ਸਜੀਵ ਹੋ ਕੇ ਸੁਚੇਤ ਵਿਚ ਆ ਦਾਖ਼ਲ ਹੁੰਦੇ ਹਨ,ਕੁਝ ਮਸਾਂ ਉਪਚੇਤ ਤਕ ਪੁਜਦੇ ਹਨ, ਪ੍ਰੰਤੂ ਕਈ ਖ਼ਿਆਲ ਅਚੇਤ ਦੀ ਡੂੰਘ ਵਿਚ ਹੀ ਦਬੇ ਰਹਿੰਦੇ ਹਨ। ਕਿਸੇ ਖ਼ਿਆਲ ਦੀ ਉਪਜੀਵਕਾ ਦਾ ਨਿਰਭਰ ਇਸ ਗਲ ਤੇ ਹੈ ਕਿ ਉਸ ਦੇ ਵਿਰੁਧ ਮਨ ਵਲੋਂ ਕਿੰਨੀ ਵਿਰੋਧਤਾ ਕੀਤੀ ਜਾਂਦੀ ਹੈ। ਮਨ ਆਪਣੇ ਅਚੇਤ ਭਾਗ ਵਿਚ ਹਰ ਤਰ੍ਹਾਂ ਦੇ ਖ਼ਿਆਲਾਂ ਦਾ ਪ੍ਰਵੇਸ਼ ਬੇ ਰੋਕ ਟੋਕ ਜਾਰੀ ਰੱਖਦਾ ਹੈ ਪ੍ਰੰਤੂ ਉਪਚੇਤ ਤੇ ਸੁਚੇਤ ਭਾਗ ਵਿਚ ਪ੍ਰਵੇਸ਼ ਖੁਲ੍ਹਾ ਨਹੀਂ। ਫਰਾਇਡ ਮਨ ਦੀ ਉਸ ਕਲਾ ਨੂੰ ਜੋ ਖ਼ਿਆਲਾਂ ਤੇ ਕੰਟ੍ਰੋਲ ਦਾ ਕੰਮ ਕਰਦੀ ਹੈ, ਸੈਂਸਰ ਦਾ ਨਾਮ ਦੇਂਦਾ ਹੈ। ਇਸ ਸੈਂਸਰ ਦਾ ਕੰਮ ਅਣਜਚੇ ਤੇ ਅਣਚਾਹੇ ਖ਼ਿਆਲਾਂ ਨੂੰ ਅਚੇਤ ਦੀ ਡੂੰਘ ਚੋਂ ਉਪਚੇਤ ਜਾਂ ਸੁਚੇਤ ਦੀ ਹੱਦ ਅੰਦਰ ਪ੍ਰਵੇਸ਼ ਕਰਨੋਂ ਰੋਕਣਾ ਹੈ। ਕਈ ਵਾਰ ਬਾਲਪਨ ਦੀ ਅਵਸਥਾ ਵਿਚ ਬੱਚੇ ਦੇ ਅੰਤਰੀਵ ਜਜ਼ਬੇ ਸੁਸਾਇਟੀ ਦੇ ਨਿਯਮਾਂ ਨਾਲ ਟੱਕਰ ਖਾਂਦੇ ਹਨ ਤੇ ਬੱਚਾ ਮਜਬੂਰ ਹੋ ਕੇ ਭਾਈਚਾਰਕ ਨੇਮਾਂ ਨੂੰ ਮੰਨਦਾ ਤੇ ਠੁਕਰਾਏ ਖ਼ਿਆਲਾਂ ਨੂੰ ਅਚੇਤ ਦੀ ਡੂੰਘ ਵਿਚ ਦਬਾ ਰੱਖਦਾ ਹੈ।

ਕੀ ਅਚੇਤ ਮਨ ਵਿਚੋਂ ਉਪਜੇ ਖ਼ਿਆਲਾਂ ਨੂੰ ਕਠਨ ਸੈਂਸਰ ਤੋਂ ਲੰਘਣਾ ਪੈਂਦਾ ਹੈ? ਫਰਾਇਡ ਲਿਖਦਾ ਹੈ, "ਕਿਉਂਕਿ ਅਚੇਤ ਮਨ ਵਿਚਲੇ ਖ਼ਿਆਲ, ਭਾਵ ਜਾਂ ਜਜ਼ਬੇ, ਠੁਕਰਾਏ ਹੋਣ ਦੇ ਬਾਵਜੂਦ ਵੀ ਬੜੇ ਚੁਸਤ ਹੁੰਦੇ ਹਨ, ਅਤੇ ਸਦਾ ਸੁਚੇਤ ਦੀਆਂ ਹਦਾਂ ਟੱਪਣ ਵਿਚ ਰਹਿੰਦੇ ਹਨ, ਸੈਂਸਰ, ਹਉਮੈਂ (Ego) ਦੀ ਸਖ਼ਤ ਇਹਤਿਆਤ ਦੇ ਹੁੰਦੇ ਹੋਏ ਭੀ, ਇਹ ਸਫਲ ਹੋ ਜਾਂਦੇ ਹਨ, ਅਤੇ ਵਿਸ਼ੇਸ਼ ਕਰਕੇ ਸੁਪਨਿਆਂ ਜਾਂ ਜਾਗ੍ਰਤ-ਸੁਪਨਿਆਂ ਰਾਹੀਂ ਪ੍ਰਗਟ ਹੁੰਦੇ ਰਹਿੰਦੇ ਹਨ।

ਜਜ਼ਬਾਤੀ ਵੇਗ, ਬਾਹਰਲੀ ਦੁਨੀਆਂ ਤੋਂ ਨਹੀਂ ਸਗੋਂ ਅੰਤ੍ਰੀਵ

ਜਥੇਬੰਦੀ ਤੋਂ ਉਠਦੇ ਹਨ। ਬਾਹਰਲੇ ਪ੍ਰਭਾਵ ਸੌਖੇ ਹੀ ਟਾਲੇ ਜਾ ਸਕਦੇ ਹਨ, ਪ੍ਰੰਤੂ ਅੰਤ੍ਰੀਵੀ ਜਜ਼ਬੇ ਅਸਾਧਾਰਣ ਤੇ ਦ੍ਰਿੜ੍ਹ ਤਾਕਤ ਨਾਲ ਬਾਹਰ ਤੋਂ ਨਹੀਂ, ਸਗੋਂ ਅੰਦਰੋਂ ਹੱਲਾ ਕਰਦੇ ਹਨ। ਇਸ ਲਈ ਇਨ੍ਹਾਂ ਤੋਂ ਬਚਾਉ ਕਠਨ ਹੋ ਜਾਂਦਾ ਹੈ। ਸੋ ਅਜਿਹਾ ਦ੍ਰਿੜ੍ਹ ਲਗਾਤਾਤਰ ਭਿਆਨਕ ਜਜ਼ਬਿਆਂ ਦਾ ਦਬਾਉ ਅਚੇਤ ਤੋਂ ਉਪਰ ਵਲ ਉਪਚੇਤ ਵਲ ਲਗਾ ਰਹਿੰਦਾ ਹੈ। ਪਰ ਨਾਲ ਹੀ ਮਨ ਦੇ ਸੈਂਸਰ ਮਹਿਕਮੇਂ ਵਲੋਂ ਵੀ ਸਦਾ ਇਸੇ ਦ੍ਰਿੜ੍ਹਤਾ ਨਾਲ, ਹੇਠਾਂ ਵਲ ਇਨ੍ਹਾਂ ਭਾਵਾਂ ਨੂੰ ਦਬਾਣ ਦਾ ਯਤਨ ਜਾਰੀ ਰਹਿੰਦਾ ਹੈ। ਜੇ ਇਨ੍ਹਾਂ ਅਚੇਤ ਰੀਝਾਂ ਨੂੰ ਕਿਸੇ ਢੰਗ ਨਾਲ ਸੰਤੁਸ਼ਟ ਨਾ ਕੀਤਾ ਜਾਵੇ, ਤਦ ਕਈ ਭਿਆਨਕ ਮਾਨਸਿਕ ਰੋਗਾਂ ਦੀ ਉਪਜ ਅਵੱਸ਼ ਹੈ।

ਅਚੇਤ ਮਨ ਅਸਲ ਵਿਚ ਜਜ਼ਬਿਆਂ ਤੇ ਕਲਪਨਾਵਾਂ ਦਾ ਇਕੱਠ ਹੈ, ਇਹ ਨਿਰੇ ਦਬਾਏ, ਠੁਕਰਾਏ, ਖ਼ਿਆਲ ਹੀ ਨਹੀਂ, ਸਗੋਂ ਵਿਰਾਸੀਆਂ ਰੁਚੀਆਂ ਤੇ ਝੁਕਾਉ ਜੋ ਸਾਨੂੰ ਅਣਗਿਣਤ ਨਸਲਾਂ ਚੋਂ ਵਿਰਸੇ ਵਿਚ ਮਿਲੇ ਹਨ, ਰਖਦਾ ਹੈ। ਫਰਾਇਡ ਸਾਨੂੰ ਇਹ ਨਹੀਂ ਦਸਦਾ, ਕਿ ਵਿਰਾਸੀ ਰੁਚੀਆਂ ਕਿੰਨੀਆਂ ਹਨ? ਪਰ ਉਹ ਇਨ੍ਹਾਂ ਮੁਢਲੇ ਜਜ਼ਬਿਆਂ ਨੂੰ ਦੋ ਵਡੇ ਭਾਗਾਂ ਵਿਚ ਵੰਡਦਾ ਹੈ। ਪਹਿਲੇ ਹਉਮੈ ਤੋਂ ਉਪਜੇ ਜਜ਼ਬੇ, ਦੂਜੇ ਲਿੰਗਕ ਜਜ਼ਬੇ। ਮਾਨਸਿਕ ਪੜਚੋਲ ਦੂਜੇ ਭਾਗ ਨਾਲ ਵਧੇਰੇ ਸਬੰਧਤ ਹੈ। ਕਿਉਂਕਿ ਫਰਾਇਡ ਦੇ ਖ਼ਿਆਲਾਂ ਅਨੁਸਾਰ, ਮਾਨਸਿਕ ਪੀੜਾਂ ਤੇ ਬੋਝਾਂ ਦਾ ਨਿਰੋਲ ਲਿੰਗਕ ਜਜ਼ਬਿਆਂ ਨਾਲ ਸਬੰਧ ਹੈ।

ਮਾਨਸਿਕ ਪੜਚੋਲ ਦੀ ਇਸ ਖੋਜ ਨੇ ਵਿਦਵਾਨ ਤਬਕੇ ਵਿਚ ਚੰਗੀ ਹਿਲ ਜੁਲ ਪੈਦਾ ਕੀਤੀ, ਕਿਉਂਕਿ ਫਰਾਇਡ ਦੇ ਲਿੰਗ ਸਬੰਧੀ ਸਿਧਾਂਤ, ਪ੍ਰਚਲਤ ਖ਼ਿਆਲਾਂ ਦੇ ਬਿਲਕੁਲ ਵਿਰੋਧੀ ਹਨ, ਤੇ ਮਨੁੱਖੀ ਅੰਤਹਿਕਰਣ ਦੀ ਅਖੌਤੀ ਪਵਿੱਤ੍ਰਤਾ ਤੇ ਭਾਰੀ ਸੱਟ ਸਨ। ਲਿੰਗ ਸਬੰਧੀ ਫਰਾਇਡ ਲਿਖਦਾ ਹੈ, ਇਹ ਸਚ ਨਹੀਂ ਕਿ ਕਾਮ ਜਜ਼ਬੇ ਕਿਸੇ ਸ਼ੈਤਾਨ ਵਾਂਗ ਜੁਆਨੀ ਸਮੇਂ ਹੀ ਮਨੁੱਖ ਵਿਚ ਆ ਦਾਖ਼ਲ ਹੁੰਦੇ ਹਨ। ਸਗੋਂ ਇਹ ਜਜ਼ਬੇ ਮਨੁੱਖੀ ਬੱਚੇ ਨੂੰ ਵਿਰਾਸਤ ਵਿਚ ਹੀ ਮਿਲਦੇ ਹਨ। ਇਹੋ ਜੁਆਨੀ ਸਮੇਂ ਪੂਰਨ ਮਨੁੱਖੀ

ਸਮਰੱਥਾ ਵਿਚ ਪ੍ਰਗਟ ਹੁੰਦੇ ਹਨ। ਪ੍ਰੰਤੂ ਬੱਚੇ ਦੀ ਲਿੰਗ ਕਾਮਨਾ, ਜੁਆਨ ਮਨੁੱਖ ਵਾਂਗ, ਲਿੰਗਕ ਅੰਗਾਂ ਵਿਚ ਇਕੱਤਰ ਨਹੀਂ ਹੁੰਦੀ, ਸਗੋਂ ਬੱਚਾ ਇਸੇ ਇੱਛਾ ਨੂੰ ਚੂੰਘ ਕੇ, ਮੂੰਹ ਚੁਮ ਕੇ, ਜਾਂ ਦੰਦੀ ਵੱਢ ਕੇ ਸੰਤੁਸ਼ਟ ਕਰਦਾ ਹੈ। ਬੱਚੇ ਛੋਤੀ ਹੀ ਖ਼ਾਲੀ ਨਿਪਲ ਚੂੰਘਣ ਤੇ ਹੀ ਕਿਉਂ ਗਿਝ ਜਾਂਦੇ ਹਨ ? ਕਿਉਂਕਿ ਇਹ ਚੂੰਘਣ, ਬਿਨਾ ਕਿਸੇ ਖੁਰਾਕ ਦੇ ਹੀ ਬੱਚੇ ਨੂੰ ਲਿੰਗਕ ਰਸ ਦੇਂਦਾ ਹੈ, ਜੋ ਉਸਦੀ ਅੰਤ੍ਰੀਵ ਲਿੰਗ ਕਾਮਨਾ ਨੂੰ ਸੰਤੁਸ਼ਟ ਕਰਦਾ ਹੈ। ਇਸੇ ਤਰ੍ਹਾਂ ਕਈ ਵਾਰ ਬੱਚੇ ਦੀਆਂ ਅੰਗੂਠਾ ਚੂੰਘਣ, ਖਿਡਾਉਣਿਆਂ ਆਦਿ ਨੂੰ ਦੰਦੀ ਕੱਢਣ ਦੀਆਂ ਆਦਤਾਂ, ਲਿੰਗ-ਅਸੰਤੁਸ਼ਟਤਾ ਦੀਆਂ ਸੂਚਕ ਹਨ।

ਬੱਚੇ ਦੇ ਕਿਸੇ ਸੁਭਾਵ ਨੂੰ ਤੋੜਨਾ, ਜਾਂ ਉਸ ਦੇ ਮਾਨਸਿਕ ਵੇਗਾਂ ਤੇ ਅੰਤ੍ਰੀਵ ਅਚੇਤ ਰੀਝਾਂ ਨੂੰ ਬਿਨਾ ਸੰਤੁਸ਼ਟਤਾ ਦੇਣ ਜਾਂ ਉਸਦੇ ਬਦਲੇ ਵਿਚ ਕੋਈ ਹੋਰ ਸੁਭਾਵ ਪੈਦਾ ਕਰਣ ਦੇ, ਦਬਾਣ, ਉਸਦੇ ਦਿਲ ਵਿਚ ਪਰਾਜਿਤ ਭਾਵ ਪੈਦਾ ਕਰਦਾ ਹੈ, ਜਿਸ ਤੋਂ ਘਿਰਣਾ ਤੇ ਕ੍ਰੋਧ ਦਾ ਅਹਿਸਾਸ ਵਧ ਜਾਂਦਾ ਹੈ। ਬੱਚੇ ਦੇ ਵਲਵਲੇ ਤੇ ਮਨੋਵੇਗ ਦ੍ਰਿੜ੍ਹ ਤੇ ਬੇਕਾਬੂ ਹੁੰਦੇ ਹਨ। ਉਹ ਜ਼ਿੱਦ ਵਿਚ ਚੀਕਦਾ, ਮੁਕੀਆਂ ਵੱਟਦਾ, ਲੱਤਾਂ ਮਾਰਦਾ, ਤੇ ਸਾਹ ਰੋਕ ਲੈਂਦਾ ਹੈ। ਆਖ਼ਰ ਇਹੋ ਭਾਵ ਰੋਗ ਦੀ ਸ਼ਕਲ ਵਿਚ ਪ੍ਰਗਟ ਹੁੰਦਾ ਹੈ।

ਪਰਾਜਿਤ ਭਾਵ (Frustration) ਬੱਚੇ ਨੂੰ ਚਿੜਚਿੜਾ ਬਣਾ ਦਿੰਦਾ ਹੈ ਤੇ ਕ੍ਰੋਧ, ਜੋ ਆਪਣੇ ਆਪ ਵਿਚ ਬਿਲਕੁਲ ਸਾਧਾਰਣ ਨਿਹਕਲੰਕ ਹੈ, ਬੇਫਾਇਦਾ ਵਰਤਿਆ ਜਾਂਦਾ ਹੈ। ਇੰਜ ਬੱਚੇ ਦੀ ਜੀਵਨ ਸ਼ਕਤੀ ਕਮਜ਼ੋਰ ਹੁੰਦੀ ਜਾਂਦੀ ਹੈ, ਤੇ ਉਸਦਾ ਵਾਧਾ, ਪੂਰਨਤਾ ਤੋਂ ਪਹਿਲਾਂ ਹੀ ਰੁਕ ਜਾਂਦਾ ਹੈ।

"ਲਿੰਗ ਵਿਕਾਸ਼" ਦੀ ਪਹਿਲੀ ਅਵਸਥਾ, ਬੱਚੇ ਵਿਚ ਸ੍ਵੈ ਪਿਆਰ (Self Love) ਦੀ ਸ਼ਕਲ ਵਿਚ ਪ੍ਰਗਟ ਹੁੰਦੀ ਹੈ। ਬੱਚਾ ਆਪਣੇ ਕਾਮ-ਵੇਗਾਂ ਦੀ ਸੰਤੁਸ਼ਟਤਾ ਆਪਣੇ ਸਰੀਰ ਵਿਚੋਂ ਲਭਦਾ ਹੈ, ਭਾਵ ਆਪਣੇ ਲਿੰਗਕ-ਅੰਗਾਂ (Sexual organs) ਨਾਲ ਵਧੇਰੇ ਪ੍ਰਚਿਤ ਹੁੰਦਾ ਹੈ। ਸਭ

ਤੋਂ ਪਹਿਲਾਂ ਜਿਸ ਲਿੰਗਕ ਅੰਗ ਤੇ ਕਾਮ ਪ੍ਰਗਿਟਤਾ ਦਾ ਪ੍ਰਭਾਵ ਪੈਂਦਾ ਹੈ, ਉਹ ਮੂੰਹ ਤੇ ਵਿਸ਼ੇਸ਼ ਕਰਕੇ ਬੁਲ੍ਹ ਹੀ ਹੁੰਦੇ ਹਨ, ਕਿਉਂਕਿ ਇਨ੍ਹਾਂ ਦਾ ਖੁਰਾਕ ਅਤੇ ਚੁੰਘਣ ਨਾਲ ਡੂੰਘਾ ਸਬੰਧ ਹੈ। ਮਾਪੇ ਕਾਮ ਦੀ ਇਸ ਪਹਿਲੀ ਪ੍ਰਗਿਟਤਾ ਵਲ ਬਹੁਤਾ ਗਹੁ ਨਹੀਂ ਕਰਦੇ ਹਾਲਾਂਕਿ ਕਾਮ-ਵੇਗ ਦਾ ਚੁੰਮਣ ਨਾਲ ਚੋਖਾ ਸਬੰਧ ਹੈ।

ਲਿੰਗ ਵਿਕਾਸ਼ ਦੀ ਦੂਜੀ ਅਵਸਥਾ ਵਿਚ ਬੱਚਾ ਆਪਣੇ ਸਰੀਰ ਨੂੰ ਵਧੇਰੇ ਪਛਾਣਦਾ ਤੇ ਨਿਜੀ ਪਿਆਰ ਦਾ ਖੁਲ੍ਹਾ ਡੁਲ੍ਹਾ ਇਜ਼ਹਾਰ ਕਰਦਾ ਹੈ। ਇਸ ਅਵਸਥਾ ਨੂੰ ਫਰਾਇਡ ਸੁਚੇਤ ਸ੍ਵੈ-ਪਿਆਰ ਕਹਿੰਦਾ ਹੈ। ਬੱਚਾ ਆਪਣੇ ਲਿੰਗਕ ਅੰਗਾਂ (ਇੰਦਰੀ ਆਦਿ) ਨੂੰ ਪਛਾਣਦਾ ਤੇ ਬਹੁਤਾ ਇਹਨਾਂ ਨਾਲ ਪਰਚਿਆ ਰਹਿੰਦਾ ਹੈ।

ਬਹੁਤੇ ਮਾਪੇ ਬੱਚੇ ਵਿਚ ਭਿੰਨ ਭਿੰਨ ਸ਼ਕਲਾਂ ਵਿਚ ਕਾਮ ਪ੍ਰਗਿਟਤਾ ਵੇਖ ਕੇ ਘਬਰਾ ਜਾਂਦੇ ਹਨ, ਤੇ ਇਸ ਨੂੰ ਆਚਾਰਹੀਨ ਜਾਣ, ਕਈ ਤਰ੍ਹਾਂ ਦੀਆਂ ਰੁਕਾਵਟਾਂ ਪਾਉਂਦੇ ਹਨ। ਉਸ ਨੂੰ ਦਬਕਦੇ ਤੇ ਉਠੀਆਂ ਰੁਚੀਆਂ ਨੂੰ ਦਬਾਉਂਦੇ ਹਨ ਜਿਸ ਦਾ ਭੈੜਾ ਅਸਰ ਬੱਚੇ ਦੇ ਇਹਸਾਬੀ ਦਸਤੂਰ ਤੇ ਪੈਂਦਾ ਹੈ। ਫਰਾਇਡ ਬੱਚੇ ਦੀ ਇਸ ਅਵਸਥਾ ਨੂੰ ਬੜਾ ਗਹੁ ਯੋਗ ਸਮਝਦਾ ਹੈ। ਕਿਉਂਕਿ ਇਸ ਅਵਸਥਾ ਵਿਚ ਬੱਚੇ ਦੇ ਸੁਭਾਵ ਦੀ ਬਣਤਰ ਆਰੰਭ ਹੁੰਦੀ ਹੈ। ਸਗੋਂ ਬੱਚੇ ਦੀ ਯੁਵਕ ਅਵਸਥਾ ਦੀਆਂ ਸੁਭਾਵਕ ਗੁੰਝਲਾਂ ਦਾ ਹਲ, ਇਸੇ ਅਵਸਥਾ ਦੀਆਂ ਘਟਨਾਵਾਂ ਵਿਚੋਂ ਲੱਭਦਾ ਹੈ।

ਬੱਚੇ ਦੀ ਯੁਵਕ ਅਵਸਥਾ ਉਸ ਦੇ ਬਚਪਨ ਦੀਆਂ ਲਿੰਗਕ ਰੁਚੀਆਂ ਦਾ ਦੁਹਰਾ ਹੀ ਨਹੀਂ ਸਗੋਂ ਇਸੇ ਅਵਸਥਾ ਵਿਚ ਉਹ ਏਂਦਰਜ ਉੱਨਤੀ (sexual development) ਵਲ ਕਦਮ ਵਧਾ ਰਿਹਾ ਹੁੰਦਾ ਹੈ। ਉਹਦੀ ਲਿੰਗ-ਸ਼ਕਤੀ ਜੱਨਨੇਂਦਰਜ (genital organ) ਵਿਚ ਇਕੱਤਰ ਹੋ ਜਾਂਦੀ ਹੈ, ਅੰਤ ਅਚੇਤ ਹੀ ਉਸ ਦਾ ਝੁਕਾਉ ਜੀਵ ਉਤਪਤੀ ਵਲ ਹੋ ਜਾਂਦਾ ਹੈ। ਹੁਣ ਤਕ ਉਹਨੇ ਆਪਣੀਆਂ ਲਿੰਗਕ ਰੁਚੀਆਂ ਨੂੰ ਸੰਤੁਸ਼ਟ ਕਰਨ ਲਈ ਆਪਣੇ ਸਰੀਰ ਨੂੰ ਹੀ ਕੇਂਦਰ ਰਖਿਆ ਸੀ ਹੁਣ ਉਹ ਅਵੱਸ਼

ਹੀ ਲਿੰਗ ਭੁਖ ਤੋਂ ਉਕਸਾਕੇ ਬਾਹਰਲੀ ਦੁਨੀਆਂ ਵਲ ਝਾਤਦਾ ਹੈ। ਸੁਭਾਵਕ ਹੀ ਉਹਦੀ ਨਜ਼ਰ ਆਪਣੇ ਵਾਤਾਵਰਨ, ਤੇ ਖ਼ਾਸ ਕਰਕੇ ਆਪਣੇ ਮਾਤਾ ਪਿਤਾ ਤੇ ਪੈਂਦੀ ਹੈ। ਭਾਈ ਚਾਰਕ ਨੇਮਾਂ ਅਨੁਸਾਰ ਇਹ ਉਹਦੇ ਪੂਜਯ ਮਾਤਾ ਪਿਤਾ ਹਨ, ਜਿਨ੍ਹਾਂ ਵਲ ਬੁਰੀ ਕਲਪਨਾਂ ਵੀ ਅੱਤੀ ਭਿਆਨਕ ਹੈ। ਫਰਾਇਡ ਦੇ ਕਹੇ ਅਨੁਸਾਰ ਇਥੋਂ ਹੀ ਯੂਡੀਪਸ ਜਟੱਲਤਾ। (œdipus complex) ਸ਼ੁਰੂ ਹੋਂਦੀ ਹੈ। ਅਰਥਾਤ ਬੱਚੇ ਦੀ ਉਹ ਅਚੇਤ ਰੀਝ ਜਿਸ ਦੁਆਰਾ ਉਹਦੇ ਆਪਣੇ ਮਾਤਾ ਪਿਤਾ ਵਲ ਈਰਖਾ ਭਾਵ ਪੈਦਾ ਹੋ ਜਾਂਦੇ ਹਨ। ਕਈ ਵਾਰ ਉਹਦੇ ਅਚੇਤ ਮਨ ਵਿਚ ਆਪਣੀ ਮਾਤਾ (ਜੇ ਲੜਕੀ ਹੋਏ ਤਦ ਪਿਤਾ) ਸਬੰਧੀ ਆਚਾਰਹੀਨ ਖ਼ਿਆਲ ਉਠਦੇ ਹਨ, ਜਿਨ੍ਹਾਂ ਤੋਂ ਸੁਚੇਤ ਮਨ ਬਿਲਕੁਲ ਅਨਜਾਣ ਹੀ ਹੁੰਦਾ ਹੈ। ਪਰ ਜਦੋਂ ਇਹ ਆਰੰਭਕ ਅਸਭ੍ਯ ਕਾਮ ਜਜ਼ਬੇ ਸੁਵਨੇ ਰਾਹੀਂ ਅਮਲ ਦੀ ਸ਼ਕਲ ਧਾਰਨ ਕਰ ਲੈਂਦੇ ਹਨ ਉਹ ਹੈਰਾਨ ਰਹਿ ਜਾਂਦਾ ਹੈ। ਫਰਾਇਡ ਨੇ ਇਸ ਅਵਸਥਾ ਦਾ ਨਾਮ ਯੂਡੀਪਸ ਜਟਲਤਾ ਕਿਉਂ ਰਖਿਆ ? ਉਹ ਇਸ ਨਾਮ ਨਾਲ ਸਬੰਧਤ ਇਤਿਹਾਸਕ ਕਥਾ ਵਲ ਇਸ਼ਾਰਾ ਕਰਦਾ ਹੈ। ਯੂਡੀਪਸ ਪੁਰਾਤਨ ਯੂਨਾਨ ਦਾ ਬਾਦਸ਼ਾਹ ਸੀ। ਇਹਦੇ ਜਨਮ ਤੇ ਨਜੂਮੀਆਂ ਨੇ ਇਸ ਦੇ ਪਿਤਾ ਲਾਯੁਸ ਨੂੰ ਦਸਿਆ ਕਿ ਇਹ ਸ਼ਹਿਜ਼ਾਦਾ ਵਡਾ ਹੋਕੇ ਪਿਤਾ ਨੂੰ ਮਾਰ, ਮਾਂ ਨਾਲ ਸ਼ਾਦੀ ਕਰੇਗਾ। ਪਿਤਾ ਨੇ ਉਹਨੂੰ ਜੰਗਲ ਵਿਚ ਸੁਟਵਾ ਦਿਤਾ। ਕਿਸੇ ਆਜੜੀ ਨੇ ਪਾਲ ਕੇ ਵਡਾ ਕੀਤਾ। ਪਰ ਭਾਵੀ ਪ੍ਰਬਲ ਸੀ। ਸ਼ਹਿਜ਼ਾਦੇ ਨੇ ਵਡਾ ਹੋਕੇ, ਇਕ ਵਾਰ ਸ਼ਿਕਾਰ ਵਿਚ ਆਪਣੇ ਹੀ ਪਿਤਾ ਨੂੰ ਮਾਰ ਦਿਤਾ ਤੇ ਨਾ ਵਾਕਫ਼ੀ ਵਿਚ ਹੀ ਆਪਣੀ ਮਾਂ ਨਾਲ ਸ਼ਾਦੀ ਕਰ ਲਈ। ਪ੍ਰੰਤੂ ਜਦੋਂ ਦੋਹਾਂ ਨੂੰ ਇਸ ਉਪਦਰਵ ਦਾ ਗਿਆਨ ਹੋਇਆ ਤਦ ਪ੍ਰਾਸ਼ਚਿਤ ਲਈ ਰਾਣੀ ਨੇ ਆਤਮ ਘਾਤ ਕਰ ਲਿਆ ਤੇ ਯੂਡੀਪਸ ਨੇ ਆਪਣੇ ਆਪ ਨੂੰ ਅੰਨ੍ਹਾ ਕਰ ਲਿਆ।

ਫਰਾਇਡ ਇਸ ਯੂਡੀਪਸ ਜਟੱਲਤਾ ਨੂੰ ਆਪਣੇ ਸਿਧਾਂਤ ਦੀ ਬੁਨਿਆਦ ਕਹਿੰਦਾ ਹੈ। ਡਾਕਟਰ ਅਰਨਸਟ ਜੋਨ ਦਾ ਖ਼ਿਆਲ ਹੈ, ਕਿ ਇਹ

ਮਾਨਸਿਕ ਪੜਚੋਲ ਦੀ ਅੱਤੀ ਜ਼ਰੂਰੀ ਤੇ ਹੈਰਾਨੀ ਜਨਕ ਕਾਢ ਹੈ ਤੇ ਮਾਨਸਿਕ ਪੜਚੋਲ ਦੇ ਹੋਰ ਸਭ ਸਿਧਾਂਤ ਇਸੇ ਦੇ ਪ੍ਰਭਾਵ ਥਲੇ ਹਨ । ਇਸ ਸਿਧਾਂਤ ਦੀ ਸਚਾਈ ਤੇ ਹੀ ਫਰਾਇਡ ਦੀ ਮਾਨਸਿਕ ਪੜਚੋਲ ਦੀ ਜ਼ਿੰਦਗੀ ਦਾ ਨਿਰਭਰ ਹੈ ।

ਪ੍ਰੰਤੂ ਇਹ ਯੂਡੀਸਨ ਜਟੱਲਤਾ ਕਿਉਂ ਉਠਦੀ ਹੈ । ਫਰਾਇਡ ਕਹਿੰਦਾ ਹੈ, ਜਿਸ ਉਮਰ ਵਿਚ ਬੱਚਾ ਪੂਰਨ ਮਨੁੱਖ (full man) ਦੀ ਪਦਵੀ ਤੇ ਪੁਜ ਜਾਂਦਾ ਹੈ। ਉਸ ਵਿਚ ਲਿੰਗ ਉਕਸਾਹਟ ਪੂਰੇ ਜੋਬਨ ਤੇ ਹੁੰਦੀ ਹੈ। ਉਹ ਮਾਤਾ ਪਿਤਾ ਦੇ ਪ੍ਰਸਪਰ ਸਬੰਧ ਨੂੰ ਸਮਝਦਾ ਹੈ ਅਤੇ ਅਨੁਭਵ ਕਰਦਾ ਹੈ, ਕਿ ਉਹਦੇ ਮਾਤਾ ਪਿਤਾ ਕੋਈ ਜੀਵਨ ਰਹੱਸ, ਕੋਈ ਵਿਸ਼ੇਸ਼ਤਾ ਰਖਦੇ ਹਨ, ਜਿਹਦੇ ਬਿਨਾਂ ਉਹ ਆਪਣੇ ਆਪ ਨੂੰ ਅਧੂਰਾ ਸਮਝਣ ਲਗ ਪੈਂਦਾ ਹੈ। ਫਰਾਇਡ ਦੇ ਇਸ ਸਿਧਾਂਤ ਨੇ ਪੜ੍ਹੇ ਲਿਖੇ ਸੰਸਾਰ ਵਿਚ ਜ਼ਬਰਦਸਤ ਅੰਦੋਲਨ ਪੈਦਾ ਕੀਤਾ। ਫਰਾਇਡ ਦੇ ਖ਼ਿਆਲ ਅਨੁਸਾਰ ਮਨੁੱਖ ਜਾਤੀ ਦੇ ਸਾਰੇ ਜਜ਼ਬਿਆਂ ਦੀ ਨੀਂਹ ਲਿੰਗ-ਉਤਸਕਤਾ ਹੈ ਤੇ ਵਰਤ-ਮਾਨ ਸਭਿਅਤਾ ਇਹਨੂੰ ਭਾਵੇਂ ਮਨੁੱਖ ਦਿਮਾਗ਼ ਦੀ ਅਖੌਤੀ ਪਵਿਤਰਤਾ ਦੀ ਹਤਕ ਸਮਝਦੀ ਹੈ।

ਫਰਾਇਡ ਦੀ ਇਸ ਕਾਢ ਨੇ ਨਿਰਾ ਸੰਸਾਰ ਨੂੰ ਹੀ ਨਹੀਂ ਚਕ੍ਰਿਤ ਕੀਤਾ, ਸਗੋਂ ਇਸ ਨੇ, ਉਸ ਦੇ ਆਪਣੇ ਕਈ ਪੁਰਾਣੇ ਕਿਆਸ ਉਲਟਾ ਦਿਤੇ ਤੇ ਜਿਥੇ ਉਹ ਹਿਸਟਰੀਆ ਆਦਿ ਮਾਨਸਿਕ ਰੋਗਾਂ ਦਾ ਕਾਰਨ, ਮਨੁੱਖ ਦੇ ਦਬੇ ਜਜ਼ਬੇ ਤੇ ਠੁਕਰਾਈਆਂ ਰੀਝਾਂ ਮੰਨਦਾ ਸੀ, ਹੁਣ ਇਸ ਵਿਚ ਉਸ ਨੂੰ ਸੁਧਾਈ ਦੀ ਲੋੜ ਪਈ। ਉਹ ਲਿਖਦਾ ਹੈ, "ਮਾਨਸਿਕ ਰੋਗਾਂ ਦਾ ਕਾਰਨ ਨਿਰੋਲ ਮਨੋ ਭਾਵਕ ਉਤੇਜਨਾ ਨਹੀਂ, ਸਗੋਂ ਲਿੰਗ ਜਜ਼ਬੇ ਹਨ ਜੋ ਲਿੰਗਕ-ਖਿਚੋਤਾਣ ਤੋਂ ਭਿਆਨਕ ਰੂਪ ਵਿਚ ਪ੍ਰਗਟ ਹੁੰਦੇ ਹਨ।" ਫਰਾਇਡ ਦੀ ਅਣਥੱਕ ਘਾਲ ਨੇ ਉਸ ਦੇ ਖ਼ਿਆਲਾਂ ਨੂੰ ਪਕਾ ਦਿਤਾ ਹੈ। ਉਸ ਨੂੰ ਯਕੀਨ ਹੋ ਗਿਆ ਕਿ ਮਨੁੱਖ ਦੀਆਂ ਵਰਤਮਾਨ ਮਾਨਸਿਕ ਪੀੜਾਂ ਤੇ ਬੋਝਾਂ ਦਾ ਕਾਰਨ ਰੋਗੀ ਦੇ ਬੀਤੇ ਜੀਵਨ

ਵਿਚੋਂ ਲਭਿਆ ਜਾ ਸਕਦਾ ਹੈ। ਰੋਗੀ ਦੇ ਬੀਤੇ ਜੀਵਨ ਦੀਆਂ ਕਈ ਘਟਨਾਵਾਂ, ਸੁਚੇਤ ਮਨ ਤੋਂ ਠੁਕਰਾਈਆਂ ਹੋਣ ਕਰਕੇ, ਅਚੇਤ ਦੀ ਡੂੰਘ ਵਿਚ ਦੱਬੀਆਂ ਰਹਿੰਦੀਆਂ ਹਨ, ਜੋ ਰੋਗੀ ਦੀਆਂ ਮਾਨਸਿਕ ਪੀੜਾਂ ਦਾ ਕਾਰਨ ਬਣਦੀਆਂ ਹਨ। ਇਸ ਲਈ ਰੋਗੀ ਦੀਆਂ ਇਨ੍ਹਾਂ ਬੀਤ ਚੁਕੀਆਂ ਘਟਨਾਵਾਂ ਦੀਆਂ ਯਾਦਾਂ ਨੂੰ ਮੁੜ ਮੁੜ ਸੁਚੇਤ ਵਿਚ ਲਿਆਉਣ ਲਈ ਕੋਈ ਨਾ ਕੋਈ ਢੰਗ ਲੱਭਣਾ ਜ਼ਰੂਰੀ ਸੀ। ਕਿਉਂਕਿ ਜਦ ਤਕ ਇਨ੍ਹਾਂ ਨੂੰ ਅਚੇਤ ਤੋਂ ਬਾਹਰ ਨਾ ਕੱਢਿਆ ਜਾਏ, ਇਹ ਸਾਰੇ ਮਾਨਸਿਕ ਦਸਤੂਰ ਨੂੰ ਵਿਗਾੜਨ ਦਾ ਕਾਰਨ ਬਣਦੀਆਂ ਹਨ।

ਇਨ੍ਹਾਂ ਭੁਲੀਆਂ ਯਾਦਾਂ ਨੂੰ ਮੁੜ ਸੁਚੇਤ ਵਿਚ ਲਿਆਉਣ ਲਈ ਫਰਾਇਡ ਨੇ ਕਈ ਢੰਗ ਵਰਤੇ। ਪਹਿਲਾਂ ਪਹਿਲ ਉਸ ਨੇ ਰੋਗੀ ਨੂੰ ਪ੍ਰਸ਼ਨ ਕਰਨੇ ਸ਼ੁਰੂ ਕੀਤੇ, ਕਿ ਇਕਾਗਰ ਮਨ ਹੋ ਕੇ, ਉਹਨਾਂ ਭੁਲੀਆਂ ਯਾਦਾਂ ਨੂੰ ਇਕਤ੍ਰ ਕਰੇ, ਜੋ ਉਸ ਦੇ ਰੋਗ ਦਾ ਕਾਰਨ ਬਣ ਸਕਦੀਆਂ ਹਨ। ਪਰ ਇਹ ਢੰਗ ਸਫਲ ਨਾ ਹੋ ਸਕਿਆ, ਕਿਉਂਕਿ ਰੋਗੀ ਕਈ ਵਾਰ ਆਪਣੇ ਅਤਿ ਲੁਕੇ ਤੇ ਨਿੱਜੀ ਭੇਦ ਨਹੀਂ ਸੀ ਦੱਸਦਾ ਤੇ ਫਰਾਇਡ ਨੂੰ ਉਹਦੀ ਦ੍ਰਿੜ੍ਹਤਾ ਦੇ ਸਾਹਮਣੇ ਹਾਰਨਾ ਪੈਂਦਾ ਸੀ। ਇਸ ਲਈ ਉਹਨੇ ਆਪਣੀ ਪੜਚੋਲ ਦਾ ਢੰਗ ਬਦਲ ਦਿਤਾ। ਹੁਣ ਰੋਗੀ ਨੂੰ ਇਕਾਗਰ ਮਨ ਹੋਣ ਦੀ ਥਾਂ ਕਿਹਾ ਗਿਆ ਕਿ ਉਹ ਆਪਣੇ ਮਨ ਨੂੰ ਬਾਹਰਲੇ ਖਿਆਲਾਂ ਤੋਂ ਬਿਲਕੁਲ ਖ਼ਾਲੀ ਕਰ ਦੇਵੇ, ਤੇ ਫਿਰ ਜੋ ਖਿਆਲ ਉਹਦੇ ਮਨ ਵਿਚ ਉਠਣ, ਨਿੱਝਕ ਬਲ ਦੇਵੇ। ਇਹ ਢੰਗ ਭਾਵੇਂ ਲੰਮਾ ਤੇ ਕਠਨ ਸੀ, ਪਰ ਫਰਾਇਡ ਨੂੰ ਕੁਝ ਕੁ ਸਫਲਤਾ ਜ਼ਰੂਰ ਹੋਈ। ਪ੍ਰੰਤੂ ਪੂਰਨ ਕਮਯਾਬੀ ਨਾ ਹੋ ਸਕੀ, ਕਿਉਂਕਿ ਮਨੁੱਖੀ ਮਨ ਅਤਿ ਚੰਚਲ ਹੋਣ ਕਰਕੇ ਬੇ ਕਾਬੂ ਹੋ ਜਾਂਦਾ ਤੇ ਕਈ ਜ਼ਰੂਰੀ ਖਿਆਲਾਂ ਨੂੰ ਅਯੋਗ ਜਾਣਕੇ ਦਬਾ ਦਿੰਦਾ।

ਸਿਆਣਪ ਤੇ ਚਾਲਾਕੀ ਨਾਲ ਜੇ ਪੜਚੋਲ ਦਾ ਇਹ ਢੰਗ ਵਰਤਿਆ ਜਾਵੇ, ਤਦ ਮਾਨਸਿਕ ਪੜਚੋਲੀਏ ਨੂੰ ਪੜਚੋਲ ਲਈ ਕਾਫ਼ੀ ਸਾਮਾਨ ਮਿਲ ਜਾਂਦਾ ਹੈ, ਜਿਸ ਦੇ ਆਧਾਰ ਤੇ ਅਗੋ ਪੜਚੋਲ ਤੁਰਦੀ ਹੈ। ਪ੍ਰੰਤੂ ਇਹ ਕੰਮ

ਇੰਨਾਂ ਸੋਖਾ ਨਹੀਂ ਜੋ ਹਰ ਸਿਆਣਾ ਆਦਮੀ ਸਫਲ ਹੋ ਸਕੇ ਕਿਉਂ ਕਿ ਮਸਾਲਾ ਜੋ ਪੜਚੋਲਕ-ਉਸਾਰੀ ਲਈ ਪੜਚੋਲੀਏ ਨੂੰ ਮਿਲਦਾ ਹੈ ਅਤੀ ਜਟਿਲ (complex) ਤੇ ਪੇਚੀਦਾ ਖ਼ਿਆਲਾਂ ਦਾ ਬੇਸੂਤਾ ਜੋੜ ਹੁੰਦਾ ਹੈ।

ਸਾਡੇ ਅਚੇਤ ਮਾਨਸਿਕ ਅਮਲ, ਸੁਚੇਤ ਅਮਲ ਵਾਂਗ ਨਹੀਂ ਹੁੰਦੇ। ਇਹ ਆਪਣੇ ਆਪ ਨੂੰ ਬੇਸ਼ਬਦ ਪ੍ਰਤਿਬਿੰਬ ਅਤੇ ਸੰਕੇਤਕ ਢੰਗਾਂ ਰਾਹੀਂ ਪ੍ਰਗਟ ਕਰਦੇ ਹਨ। ਇਸ (ਅਚੇਤ) ਵਿਚ "ਸਰਸ, ਨਰਸ" ਦੇ ਫੈਸਲੇ ਦੀ ਤਾਕਤ ਨਹੀਂ ਹੁੰਦੀ। ਇਸ ਦਾ ਕੰਮ ਨਿਰਾ ਅਣ-ਗਿਣਤ ਰੀਝਾਂ ਤੇ ਜਜ਼ਬਿਆਂ ਨੂੰ, ਜੋ ਸੁਖ ਦੁਖ ਸਬੰਧਤ ਨੇਮਾਂ ਅਨੁਸਾਰ ਉਠਦੇ ਤੇ ਦਬਦੇ ਰਹਿੰਦੇ ਹਨ, ਸੁਚੇਤ ਮਨ ਦੀ ਹੱਦ ਅੰਦਰ ਸੁਟਣਾ ਹੈ, ਅਰਥਾਤ ਇਸ ਦਾ ਮੰਤਵ ਸੁਖਾਂ ਦੀ ਖੋਜ ਅਤੇ ਦੁਖਾਂ ਦੀ ਨਿਵਿਰਤੀ ਕਰਨਾ ਹੁੰਦਾ ਹੈ।

ਸੁਪਨ ਪੜਚੋਲ–

ਅਚੇਤ ਮਨ ਦੇ ਸੋਚ ਅਮਲ ਸੁਪਨ ਪੜਚੋਲ ਰਾਹੀਂ ਲੱਭੇ ਜਾ ਸਕਦੇ ਹਨ। ਮਾਨਸਿਕ ਪੜਚੋਲ ਦੇ ਮੁਢਲੇ ਦਿਨਾਂ ਵਿਚ ਹੀ ਫਰਾਇਡ ਨੇ ਜਾਚ ਲਿਆ ਸੀ ਕਿ ਸੁਪਨੇ ਅਚੇਤ ਮਨ ਵਿਚੋਂ ਸਪਲਾਈ ਕੀਤੇ ਖ਼ਿਆਲਾਂ ਤੇ ਹੀ ਨਿਰਭਰ ਰਖਦੇ ਹਨ। ਸੋ ਉਸ ਨੇ ਇਹਨਾਂ ਦਾ ਆਰੰਭ ਤੇ ਅਰਥ ਲੱਭਣਾ ਸ਼ੁਰੂ ਕੀਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਸੁਪਨ ਪੜਚੋਲ ਮਾਨਸਿਕ ਪੜਚੋਲ ਦਾ ਅਤਿ ਕੇਂਦਰੀ ਵਿਸ਼ਾ ਬਣ ਗਈ। ਫਰਾਇਡ ਲਈ ਇਸ ਵਿਸ਼ੇ ਦੀ ਪੜਚੋਲ ਹੋਰ ਤਰ੍ਹਾਂ ਵੀ ਜ਼ਰੂਰੀ ਸੀ, ਕਿਉਂਕਿ ਜੇ ਇਹ ਸਿਧ ਕਰ ਲਿਆ ਜਾਵੇ ਕਿ ਸੁਪਨੇ ਸਾਡੇ ਜੀਵਨ ਲਈ ਕੁਝ ਅਰਥ ਰਖਦੇ ਹਨ ਤੇ ਇਹ ਅਚੇਤ ਮਨ ਦੇ ਕਰਤਵਾਂ ਤੋਂ ਪੈਦਾ ਹੁੰਦੇ ਹਨ, ਤਦ ਮਾਨਸਿਕ ਪੜਚੋਲ ਹਰ ਸਾਧਾਰਨ ਮਨੁਖ ਲਈ ਦਿਲਚਸਪੀ ਦਾ ਕਾਰਨ ਬਣ ਸਕਦੀ ਹੈ।

ਫਰਾਇਡ ਨੇ ਇਸ ਗੱਲ ਨੂੰ ਸਿੱਧ ਕੀਤਾ। ਉਹਦੇ ਖ਼ਿਆਲਾਂ ਅਨੁਸਾਰ ਸੁਪਨ ਪੜਚੋਲ, ਮਨੁਖ ਮਨ ਦੇ ਅਦ੍ਰਿਸ਼ਟ ਸੋਮੇਂ ਨੂੰ ਪ੍ਰਗਟ ਕਰਨ ਦਾ ਸਫਲ ਹਥਿਆਰ ਹੈ, ਜਿਸ ਰਾਹੀਂ ਅਸੀਂ ਮਨੁਖੀ ਸੁਭਾ ਦੇ ਸੋਮੇਂ ਨੂੰ

ਕਾਬੂ ਕਰ ਕੇ, ਉਹਦੇ ਵਹਿਣ ਨੂੰ ਸਿੱਧਾ ਰਖ ਸਕਦੇ ਹਾਂ। ਸਾਡੇ ਸੁਪਨੇ ਸੰਕੇਤਾਂ ਤੇ ਪੇਚੀਦਾ ਕਲਪਨਾਵਾਂ ਦਾ ਪ੍ਰਤਿਬਿੰਬਕ ਰੂਪ ਹੁੰਦੇ ਹਨ ਤੇ ਛੇਤੀ ਹੀ ਸਾਡੀ ਯਾਦੋਂ ਲਹਿ ਜਾਂਦੇ ਹਨ। ਇਹ ਸੱਚ ਹੈ ਕਿ ਕਈ ਸੁਪਨੇ ਸਾਨੂੰ ਵਰ੍ਹਿਆਂ ਤੀਕ ਨਹੀਂ ਭੁਲਦੇ, ਪਰ ਸਾਧਾਰਣ ਨੇਮ ਅਨੁਸਾਰ, ਸੁਪਨੇ ਸਾਡੇ ਪੂਰਨ ਸੁਚੇਤ ਹੋਣ ਤੋਂ ਪਹਿਲਾਂ ਹੀ ਗੁਆਚ ਜਾਂਦੇ ਹਨ, ਤੇ ਕਈ ਵਾਰ ਬੜੇ ਯਤਨਾਂ ਪਿਛੋਂ ਵੀ ਨਹੀਂ ਮੁੜਦੇ। ਅਸੀਂ ਸਿਰਫ ਐਨਾਂ ਹੀ ਜਾਣਦੇ ਹਾਂ ਕਿ ਕੋਈ ਸੁਪਨਾ ਆਇਆ ਸੀ।

ਪਹਿਲਾਂ ਵਿਗਿਆਨਕਾਂ ਦਾ ਖ਼ਿਆਲ ਸੀ ਕਿ ਸੁਪਨੇ ਬਾਹਰਲੇ ਪ੍ਰਭਾਵਾਂ ਦੀ ਨੀਂਦ ਵਿਚ ਛੇੜ ਛਾੜ ਹਨ, ਪਰ ਫਰਾਇਡ ਨੇ ਦਸਿਆ ਕਿ ਸੁਪਨੇ ਨਿਰੋਲ ਅਚੇਤ ਮਨ ਦੀਆਂ ਕਲਪਨਾਵਾਂ ਦੇ ਰਚੇਤ ਹਨ ਤੇ ਨੀਂਦ ਦੇ ਸਹਾਇਕ ਹਨ।

ਬੱਚਿਆਂ ਅਤੇ ਜੁਆਨ ਮਨੁੱਖਾਂ ਦੇ ਸੁਪਨਿਆਂ ਵਿਚ ਵੀ ਚੋਖਾ ਭੇਦ ਹੈ। ਬੱਚਿਆਂ ਦੇ ਸੁਪਨੇ ਸਾਧਾਰਣ ਤੇ ਸਮਝੇ ਜਾਂਦੇ ਹਨ। ਇਕ ਬੱਚੇ ਨੂੰ ਰੋਟੀ ਨਾਲ ਖੀਰ ਦੀ ਪਲੇਟ ਦਿੱਤੀ ਜਾਂਦੀ ਹੈ, ਜੋ ਥੋੜ੍ਹੀ ਹੋਣ ਕਰਕੇ ਬੱਚੇ ਨੂੰ ਸੰਤੁਸ਼ਟ ਨਹੀਂ ਕਰ ਸਕਦੀ। ਰਜਵੀਂ ਖੀਰ ਖਾਣ ਲਈ ਰੀਝ ਪਰਬਲ ਹੁੰਦੀ ਹੈ ਜੋ ਸੁਪਨਿਆਂ ਰਾਹੀਂ ਹੀ ਪੂਰਨ ਹੁੰਦੀ ਹੈ॥ ਜੁਆਨ ਮਨੁੱਖਾਂ ਦੇ ਸੁਪਨੇ ਬੜੇ ਪੇਚੀਦਾ ਹੁੰਦੇ ਹਨ, ਤੇ ਸੌਖੇ ਨਹੀਂ ਸਮਝੇ ਜਾ ਸਕਦੇ।

ਫਰਾਇਡ ਦਾ ਖ਼ਿਆਲ ਹੈ ਕਿ ਹਰ ਸੁਪਨਾ ਅਸਲ ਵਿਚ ਸਾਡੀਆਂ ਅਪੂਰਨ ਰੀਝਾਂ ਦੀ ਸੰਪੂਰਨਤਾ ਲਈ ਯਤਨ ਹੈ। ਭਾਵੇਂ ਸਾਰੇ ਨਹੀਂ, ਪਰ ਬਹੁਤੇ ਲਿੰਗਕ ਰੀਝਾਂ ਦਾ ਹੀ ਪ੍ਰਗਟਾ ਹੁੰਦੇ ਹਨ। ਸੁਪਨਿਆਂ ਦੀ ਬਣਤਰ ਵਿਚ "ਮੂਲ ਸੂਤਰ" ਅਚੇਤ ਮਨ ਤੋਂ ਉਠੀਆਂ ਅਪੂਰਨ ਰੀਝਾਂ ਤੇ ਕਲਪਨਾਵਾਂ ਹਨ, ਜਿਨਾਂ ਨੂੰ ਮਨ ਦਾ ਸੈਂਸਰ ਭਾਗ, ਨੀਂਦ ਵਿਚ ਵੀ ਸੁਚੇਤ ਦੀ ਹੱਦ ਅੰਦਰ ਦਾਖ਼ਲ ਨਹੀਂ ਹੋਣ ਦਿੰਦਾ, ਇਸ ਲਈ ਅਚੇਤ ਮਨ ਇਹਨਾਂ ਦੇ ਰੂਪ ਬਦਲਾ, ਨਵੇਂ ਸਿਰੇ ਢਾਲਕੇ, ਉਪਹਾਰ ਜੋਗ ਬਣਾ ਦਿੰਦਾ ਹੈ, ਜੋ ਵਚਿਤਰ ਤੇ ਵਿਗੜੇ ਰੂਪਾਂ ਵਿਚ ਹੋਣ ਕਰਕੇ

ਸਾਡੀ ਸਮਝ ਤੋਂ ਪਰੇ ਹੁੰਦੇ ਹਨ।

ਸੁਪਨ ਪੜਚੋਲ ਦੀ ਮਹਤੱਤਾ ਇਹ ਹੈ ਕਿ ਜਿਥੇ ਇਹ ਉਹਨਾਂ ਪ੍ਰਵਾਹਕ (Current) ਖ਼ਿਆਲਾਂ ਨੂੰ ਜੋ ਅਚੇਤ ਲਈ ਦੁਖਦਾਈ ਹੁੰਦੇ ਹਨ, ਪ੍ਰਗਟ ਕਰਦੀ ਹੈ, ਉਥੇ ਬਾਲ ਅਵਸਥਾ ਦੀਆਂ ਉਹਨਾਂ ਘਟਨਾਵਾਂ ਨੂੰ ਵੀ ਜੋ ਇਨ੍ਹਾਂ ਖ਼ਿਆਲਾਂ ਨਾਲ ਸਬੰਧਤ ਹੁੰਦੀਆਂ ਹਨ, ਦੁਹਰਾਂਦੀ ਹੈ। ਇਸੇ ਲਈ ਫਰਾਇਡ ਸੁਪਨਿਆਂ ਨੂੰ "ਅਚੇਤ ਵਲ ਸ਼ਾਹਰਾਹ (Royal road to unconscious) ਦਾ ਨਾਮ ਦਿੰਦਾ ਹੈ।"

★

ਸੁਪਨ ਪੜਚੋਲ

ਪ੍ਰੋ: ਬਰਗਸਨ ਆਪਣੇ ਪ੍ਰਸਿਧ ਲੇਖ "ਸੁਪਨੇ" ਵਿਚ ਇਕ ਥਾਂ ਤੇ ਲਿਖਦਾ ਹੈ—

"ਸੁਫ਼ਨਾ ਕੀ ਹੈ ? ਮੈਂ ਇਕ ਅਜੇਹੀ ਵਸਤੂ ਨੂੰ ਵੇਖਦਾਂ ਹਾਂ, ਜਿਸ ਦੀ ਹੋਂਦ ਮਾਦੀ ਦੁਨੀਆਂ ਵਿਚ ਨਹੀਂ ਹੁੰਦੀ। ਮੈਂ ਵੇਖਦਾ ਹਾਂ, ਗਲ ਬਾਤ ਕਰਦਾ ਹਾਂ, ਉਤਰ ਲੈਂਦਾ ਹਾਂ ਪਰ ਅਸਲ ਵਿਚ ਉਥੇ ਹੁੰਦਾ ਕੁਝ ਨਹੀਂ, ਤੇ ਨਾਹੀਂ ਮੈਂ ਗਲ ਬਾਤ ਕੀਤੀ ਹੁੰਦੀ ਹੈ। ਇਹ ਸਭ ਕੁਝ ਇਵੇਂ ਹੀ ਵਾਪਰਦਾ ਹੈ, ਜਿਵੇਂ ਸਭ ਕੁਝ ਅਸਲੋਂ ਹੀ ਵਾਪਰ ਰਿਹਾ ਹੁੰਦਾ ਹੈ। ਪਰ ਜਾਗਣ ਉਪ੍ਰੰਤ ਸਭ ਕੁਝ ਉਡੰਤ ਹੋ ਜਾਂਦਾ ਹੈ।" ਇਹ ਸਭ ਕੁਝ ਹੁੰਦਾ ਕਿਵੇਂ ਹੈ ? ਕੀ ਸੁਪਨੇ ਨਿਰੋਲ ਨਿਰਾਰਥਕ ਹੁੰਦੇ ਹਨ ? ਕੀ ਇਹ ਸਾਡੇ ਜਾਗ੍ਰਤ-ਜੀਵਨ ਨਾਲੋਂ ਬਿਲਕੁਲ ਅਸਬੰਧਤ ਹੁੰਦੇ ਹਨ ?

ਹਰ ਮਨੁੱਖ ਲਈ ਇਹ ਪ੍ਰਸ਼ਨ ਦਿਲਚਸਪੀ ਰਖਦੇ ਹਨ, ਕਿਉਂਕਿ ਹਰ ਇਕ ਨੂੰ ਸੁਪਨ-ਅਭਿਆਸ ਚੋਂ ਰੋਜ਼ ਲੰਘਣਾ ਪੈਂਦਾ ਹੈ। ਕਈ ਵਾਰ ਸੁਪਨਿਆਂ ਵਿਚ ਵੀ ਅਸੀਂ ਆਪਣੀ ਹੋਂਦ ਨੂੰ ਅਜਿਹਾ ਹੀ ਸਾਬਤ ਰਖਦੇ ਹਾਂ ਕਿ ਜਾਗਣ ਉਪਰੰਤ ਅਸੀਂ ਉਸ ਉਲਝੀ ਹੋਈ ਸੁਪਨ-ਤਾਣੀ ਨੂੰ ਸੁਲਝਾਣਾ ਆਰੰਭ ਸਕਦੇ ਹਾਂ। ਪਰ ਬਹੁਤੀ ਵਾਰ ਇਹ ਸੁਪਨੇ ਜਾਗਣ ਤੋਂ ਛੇਤੀ ਹੀ ਬਾਹਦ ਭੁਲ ਜਾਂਦੇ ਹਨ ਤੇ ਇਹਨਾਂ ਸੁਪਨ-ਘਟਨਾਵਾਂ ਦਾ ਸਾਡੇ ਸੁਚੇਤ ਮਨ ਤੇ ਨਿਰਾ ਝਾਉਲਾ ਹੀ ਰਹਿ ਜਾਂਦਾ ਹੈ, ਜੋ ਛੇਤੀ ਹੀ ਸਾਡੇ ਸੁਚੇਤ ਮਨ ਦੀ ਸਲੇਟ ਤੋਂ ਵੀ ਮਿਟ ਜਾਂਦਾ ਹੈ। ਪਰ ਇਹ ਸਭ ਕੁਝ ਕਿਉਂ ਹੁੰਦਾ ਹੈ ? ਕੀ ਇਸ ਲਈ ਨਹੀਂ ਕਿ ਸੁਪਨੇ ਆਮ ਤੌਰ ਤੇ ਗੁੰਝਲਦਾਰ ਅਤੇ ਊਟ ਪਟਾਂਗ (Grotesque) ਜਿਹੇ ਹੁੰਦੇ ਹਨ, ਜਿਨ੍ਹਾਂ ਦੀ ਪੜਚੋਲ

ਤੇ ਸਮਾਂ ਵਿਅਰਥ ਹੀ ਗੁਆਣਾ ਸਮਝਿਆ ਜਾਂਦਾ ਹੈ। ਇਹ ਨਿਤਵਰਤੀ ਦੇ ਜੀਵਨ ਨਾਲ ਅਸਬੰਧਤ ਜਿਹੇ ਭਾਸਦੇ ਹਨ, ਜਿਸ ਕਰਕੇ ਅਸੀਂ ਉਨ੍ਹਾਂ ਤੇ ਮਗਜ਼ਮਾਰੀ ਕਰਨੀ ਵਿਅਰਥ ਸਮਝਦੇ ਹਾਂ। ਕੀ ਸੁਪਨਿਆਂ ਸਬੰਧੀ ਸਾਡਾ ਇਹ ਵਤੀਰਾ ਜਾਇਜ਼ ਹੈ ? ਕੀ ਸੁਪਨੇ ਸਚ ਮੁਚ ਇਨੇ ਹੀ ਨਿਰਾਰਥਕ ਹੁੰਦੇ ਹਨ ?

ਇਹਨਾਂ ਪ੍ਰਸ਼ਨਾਂ ਦੇ ਉਤਰ ਦੇਣ ਤੋਂ ਪਹਿਲਾਂ ਅਸੀਂ "ਡਾਕਟਰ ਹੋਲਡਿੰਗ" ਦਾ ਸੁਪਨਿਆਂ ਸਬੰਧੀ ਖ਼ਿਆਲ ਦਸਣਾ ਜ਼ਰੂਰੀ ਸਮਝਦੇ ਹਾਂ। ਉਹ ਕਹਿੰਦਾ ਹੈ, "ਸੁਪਨੇ ਅਚੇਤ ਤੇ ਸੁਚੇਤ ਅਵਸਥਾ ਦੇ ਵਿਚਾਲੇ ਦੀ ਇਕ ਦਸ਼ਾ ਹੈ" ਭਾਵੇਂ ਆਮ ਤੌਰ ਤੇ ਅਸੀਂ ਜਾਗ੍ਰਤ ਤੇ ਅਜਾਗ੍ਰਤ ਅਵਸਥਾ ਨੂੰ ਇਕ ਦੂਜੇ ਦੇ ਬਿਲਕੁਲ ਵਿਰੋਧੀ ਖ਼ਿਆਲ ਕਰ ਲੈਂਦੇ ਹਾਂ, ਪ੍ਰੰਤੂ ਇਨ੍ਹਾਂ ਦੋਹਾਂ ਵਿਚਾਲੇ ਕਿੰਨੀਆਂ ਹੀ ਭਿੰਨ ਭਿੰਨ ਅਵਸਥਾਵਾਂ ਹਨ। ਅਸੀਂ ਕਈ ਵਾਰ ਸੁਪਨ-ਰਹਿਤ ਨੀਂਦ ਮਾਣੀ ਹੋਵੇਗੀ; ਜਿਸ ਵਿਚ ਸੌਣ ਵਾਲਾ ਇਨ੍ਹਾਂ ਗੰਭੀਰ ਤੇ ਡੂੰਘੀ ਅਵਸਥਾ ਵਿਚ ਹੁੰਦਾ ਹੈ, ਕਿ ਉਸ ਪੂਰਨ ਤੌਰ ਤੇ ਅਚੇਤ ਸਮਝਿਆ ਜਾ ਸਕਦਾ ਹੈ। ਕਈ ਵਾਰ ਸਾਨੂੰ ਜਾਗਣ ਤੋਂ ਕੁਝ ਹੀ ਪਹਿਲਾਂ ਸੁਪਨੇ ਆ ਰਹੇ ਹੁੰਦੇ ਹਨ। ਮੁੱਦਾ ਕੀ, ਪੂਰਨ ਅਚੇਤ ਅਵਸਥਾ ਦਾ ਸਮਾਂ ਜੇ ਹੁੰਦਾ ਵੀ ਹੈ, ਤਾਂ ਅਤਿ ਥੋੜਾ ਜਿਹਾ।

ਸੁਪਨਿਆਂ ਸਬੰਧੀ ਦੋ ਪ੍ਰਾਚੀਨ ਅਨੁਮਾਨ ਜੋ ਇਕ ਦੂਜੇ ਦੇ ਵਿਰੋਧੀ ਹਨ, ਇਹ ਹਨ :

ਪਹਿਲਾ ਨਿਰੋਲ ਪ੍ਰਮਾਣਿਕ ਅਨੁਮਾਨ ਹੈ, ਜਿਸ ਵਿਚ ਇਹ ਮੰਨਿਆ ਜਾਂਦਾ ਹੈ, ਕਿ ਸੌਣ ਵੇਲੇ ਰੂਹ ਆਪਣੇ ਸਰੀਰਕ ਬੰਦੀਖ਼ਾਨੇ ਚੋਂ ਆਜ਼ਾਦ ਹੋ ਕੇ ਇਸ ਮਾਦੀ ਪ੍ਰਭਾਵ ਤੋਂ ਬਹੁਤ ਦੂਰ ਨਿਰੋਲ ਆਤਮਕ, "ਤਾਰਾਮਯ" ਮੰਡਲਾਂ ਵਿਚ ਫਿਰਦੀ ਹੈ। ਜਿਸ ਦੀ ਰਹਿ ਗਈ ਯਾਦ ਨੂੰ ਹੀ ਅਸੀਂ ਸੁਪਨਿਆਂ ਦਾ ਨਾਮ ਦੇਂਦੇ ਹਾਂ। ਇਸ ਅਨੁਮਾਨ ਦੁਆਰਾ ਰੂਹ ਦੀ ਨਿਰੋਲ ਅੰਧ-ਵਿਸ਼ਵਾਸ਼ ਵਿਚ ਹੀ ਵਖਰੀ ਤੇ ਉਚੀ ਜਹੀ ਹੋਂਦ ਮਨ ਲਈ ਹੈ। ਤੇ ਇਸ ਦਾ ਭੌਤਕ ਸਰੀਰ ਨਾਲ ਸਬੰਧ ਨਿਰਾ ਇਕ ਘੱਟਨਾ

(Accidental) ਸਮਝਿਆ ਜਾਂਦਾ ਹੈ, ਜੋ (ਸਰੀਰ) ਇਸ ਰੂਹ ਦੇ ਰਾਹ ਦਾ ਰੋੜਾ ਜਿਹਾ ਬਣਿਆ ਹੋਇਆ ਹੈ। ਇਹ ਅਨੁਮਾਨ ਅਤਿ ਪ੍ਰਾਚੀਨ ਤੇ ਵਗਿਆਨ ਜੁਗ ਤੋਂ ਪਹਿਲਾਂ ਦਾ ਹੈ। ਬਾਈਬਲ ਦੇ ਕਈ ਸੁਪਨ ਸਬੰਧਤ ਸਿਧਾਂਤ ਇਸੇ ਨਾਲ ਸਬੰਧਤ ਹਨ। ਇਨ੍ਹਾਂ ਨੂੰ ਜ਼ਰਾ ਨਵੀਨ ਪਹਿਰਾਵਾ ਪਹਿਨਾ ਕੇ ਤੇ ਵਗਿਆਨਕ ਮਨੁੱਖ ਲਈ ਉਪਹਾਰ ਜੋਗ ਬਣਾ ਕੇ ਵਰਤਮਾਨ ਥਿਓਸਾਫਿਸਟ ਨੇ ਪ੍ਰਚਾਰਿਆ ਹੈ।

ਦੂਜਾ ਅਨੁਮਾਨ ਪਦਾਰਥਿਕ ਹੈ, ਜੋ ਸੁਪਨਿਆਂ ਨੂੰ ਆਤਮਕ ਚਰਿੱਤ੍ਰ ਕਹਿਣ ਦੀ ਥਾਂ, ਨਿਰੋਲ ਸਰੀਰਕ ਤੇ ਬਾਹਰਲੇ ਪ੍ਰਭਾਵਾਂ ਤੋਂ ਉਪਜਿਆ ਮੰਨਦਾ ਹੈ। ਇਸ ਅਨੁਮਾਨ ਅਨੁਸਾਰ ਸੁਪਨੇ ਨਿਰੋਲ ਨਿਰਾਰਥਕ ਹਨ, ਜੋ ਸਿਰਫ ਸਾਡੀਆਂ ਪੀੜਤ ਜਾਂ ਦਬਾਈਆਂ ਖ਼ਾਹਿਸ਼ਾਂ ਦਾ ਸੰਕੇਤਕ ਰੂਪ ਹਨ।

ਅਸੀਂ ਇਨ੍ਹਾਂ ਦੋਹਾਂ ਅਨੁਮਾਨਾਂ ਤੇ ਬਹੁਤੀ ਵਿਚਾਰ ਨ ਕਰਦੇ ਹੋਏ ਆਪਣੇ ਲੇਖ ਨੂੰ ਇਸੇ ਸਿਧਾਂਤ ਤੋਂ ਆਰੰਭ ਕਰਦੇ ਹਾਂ ਕਿ ਸੁਪਨੇ ਅਸਲ ਵਿਚ, ਮਨੁੱਖ ਦੇ ਨਿਜੀ ਮਾਨਸਿਕ ਜੀਵਨ ਦੇ ਉਭਾਰ (Projection) ਹਨ ਤੇ ਭਾਵੇਂ ਇਨ੍ਹਾਂ ਨੂੰ ਨਿਰੋਲ ਬਾਹਰ ਦੀ ਉਪਜ ਕਹਿਣਾ ਅਨੁਚਿਤ ਹੋਵੇਗਾ, ਤਾਂ ਵੀ ਇਹ ਪ੍ਰਤੱਖ ਹੈ, ਕਿ ਦਿਮਾਗ਼ੀ ਅਤੇ ਤੰਤੂ ਸਿਸਟਮ ਦਵਾ ਇਨ੍ਹਾਂ ਦੀ ਉਪਜ ਵਿਚ ਅਤਿ ਜ਼ਰੂਰੀ ਭਾਗ ਹੈ। ਇਹੋ ਨਹੀਂ ਸਗੋਂ ਕਈ ਸੁਪਨਿਆਂ ਦਾ ਕੱਚਾ ਮਸਾਲਾ ਜਾਗ੍ਰਤ ਜੀਵਨ ਤੋਂ ਹੀ ਪ੍ਰਾਪਤ ਕੀਤਾ ਜਾਂਦਾ ਹੈ।। ਸੁਪਨ-ਦ੍ਰਿਸ਼ ਭਾਵੇਂ ਮੋੜੇ ਤੋੜੇ ਓਪਰੇ ਰੰਗ ਵਿਚ ਹੁੰਦੇ ਹਨ, ਪਰ ਬਹੁਤੇ ਅਸਲੀ ਜੀਵਨ-ਅਭਿਆਸ ਚੋਂ ਹੀ ਚੁਰਾਏ ਗਏ ਹੁੰਦੇ ਹਨ। ਸੁਪਨੇ ਵਿਚ ਆਏ ਮਨੁੱਖਾਂ ਜਾਂ ਅਸਥਾਨਾਂ ਨੂੰ ਜਿਨ੍ਹਾਂ ਸਬੰਧੀ ਸਾਡਾ ਖ਼ਿਆਲ ਹੁੰਦਾ ਹੈ ਕਿ ਇਹ ਸਾਡੀਆਂ ਪਹਿਲੀਆਂ ਝਾਕੀਆਂ ਹਨ, ਅਸੀਂ ਕਈ ਵਾਰ ਜਾਗ੍ਰਤ ਜੀਵਨ ਚੋਂ ਪਛਾਣ ਸਕਦੇ ਹਾਂ।

ਭਾਵੇਂ ਸੁਤਿਆਂ ਅਸੀਂ ਆਪਣੇ ਆਪ ਨੂੰ ਪੂਰਾ ਅਚੇਤ ਸਮਝਦੇ ਹਾਂ ਪਰ ਉਸ ਸਮੇਂ ਭੀ ਸਾਡਾ ਸੁਚੇਤ ਮਨ ਅਰਧ ਚੇਤੰਨ ਅਵਸਥਾ ਵਿਚ ਹੁੰਦਾ

ਹੈ, ਤੇ ਮਨ ਦਾ ਅਚੇਤ ਭਾਗ ਤਾਂ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੁੰਦਾ ਹੈ। ਸਾਡੇ ਗਿਆਨ ਇੰਦਰੇ (Senses) ਵੀ ਪੂਰਨ ਅਚੇਤ ਨਹੀਂ ਹੁੰਦੇ, ਕਿਉਂਕਿ ਸੁਪਨ ਅਵਸਥਾ ਵਿਚ ਵੀ ਇਨ੍ਹਾਂ ਦੀ ਕੁਝ ਨਾ ਕੁਝ ਅਨੁਭਵਤਾ ਹੁੰਦੀ ਰਹਿੰਦੀ ਹੈ। ਭਾਵੇਂ ਇਨ੍ਹਾਂ ਦੀ ਕ੍ਰਿਤ-ਯੋਗਤਾ ਅਜਾਗ੍ਰਤ ਅਵਸਥਾ ਵਿਚ ਅਤਿ ਮੱਧਮ ਹੁੰਦੀ ਹੈ, ਪਰ ਫਿਰ ਵੀ ਇਨ੍ਹਾਂ ਦੀ ਕ੍ਰਿਪਾ ਨਾਲ ਅਸੀਂ ਬਾਹਰਲੀ ਦੁਨੀਆਂ ਨਾਲ ਥੋੜਾ ਬਹੁਤਾ ਸਬੰਧਤ ਰਹਿੰਦੇ ਹਾਂ। ਇਹ ਸਚਾਈ ਪ੍ਰੋ: ਬਰਗਸਨ ਦੀਆਂ ਹੇਠਲੀਆਂ ਸਤਰਾਂ ਦੁਆਰਾ ਸਿਧ ਹੁੰਦੀ ਹੈ।

"ਅੱਖਾਂ ਭਾਵੇਂ ਬੰਦ ਹੋਣ, ਰੌਸ਼ਨੀ ਨੂੰ ਅੰਧੇਰੇ ਵਿਚੋਂ ਨਿਖੇੜ ਸਕਦੀਆਂ ਹਨ ਅਤੇ ਕਿਸੇ ਹਦ ਤਕ ਰੌਸ਼ਨੀ ਦੇ ਵਖ ਵਖ ਰੰਗਾਂ ਨੂੰ ਵੀ। ਇਹ ਰੌਸ਼ਨੀ ਦੀ ਉਤੇਜਨਾ ਜੋ ਬੰਦ ਝਿਮਣੀਆਂ ਰਾਹੀਂ ਸਾਨੂੰ ਪ੍ਰਭਾਵਤ ਕਰ ਸਕਦੀ ਹੈ, ਸਾਡੇ ਕਈ ਸੁਪਨਿਆਂ ਦੀ ਨੀਂਹ ਹੈ। ਉਦਾਹਰਣ ਵਜੋਂ ਜੇ ਕਮਰੇ ਵਿਚ ਇਕ ਤੇਜ਼ ਬੱਤੀ ਜਲ ਰਹੀ ਹੋਵੇ, ਤਾਂ ਸੌਣ ਵਾਲੇ ਨੂੰ ਜੇ ਉਸ ਦੀ ਨੀਂਦ ਅਤਿ ਡੂੰਘੀ ਨਾ ਹੋਵੇ, ਕਿਸੇ ਸੜ ਰਹੀ ਇਮਾਰਤ ਦਾ ਸੁਪਨ-ਦ੍ਰਿਸ਼ ਦਿਖਾ ਸਕਦੀ ਹੈ।

ਤਕਣ ਸ਼ਕਤੀ (Visual sense) ਤੋਂ ਛੁਟ, ਛੁਹਣ, ਸੁੰਘਣ, ਜਾਂ ਚਖਣ ਸ਼ਕਤੀਆਂ ਆਦਿ ਵੀ ਸੁਪਨ ਅਵਸਥਾ ਵਿਚ (ਜਾਂ ਆਮ ਤੌਰ ਤੇ ਅਜਾਗ੍ਰਤ ਸਮੇਂ) ਕਿਸੇ ਹੱਦ ਤਕ ਸੁਚੇਤ ਹੁੰਦੀਆਂ ਹਨ। ਕਈ ਵਾਰ ਸੁਤਿਆਂ ਸੁਤਿਆਂ, ਚਾਣਚੱਕ ਉਪਰ ਦਾ ਕਪੜਾ ਜਾਂ ਰਜ਼ਾਈ ਹੇਠਾਂ ਖਿਸਕ ਜਾਂਦੀ ਹੈ ਤੇ ਅਸੀਂ ਸਰਦੀ ਅਨੁਭਵ ਕਰਦੇ ਹਾਂ। ਪਰ ਸੁਪਨੇ ਵਿਚ ਸਾਨੂੰ ਇਹ ਅਨੁਭਵਤਾ ਇਸ ਤਰ੍ਹਾਂ ਵੀ ਹੋ ਸਕਦੀ ਹੈ ਜਿਵੇਂ ਅਸੀਂ ਠੰਢੇ ਪਾਣੀ ਵਿਚ ਨਹਾ ਰਹੇ ਹੋਈਏ, ਬਰਫ ਵਿਚ ਡਿਗੇ ਹੋਈਏ, ਜਾਂ ਕਿਸੇ ਉਤਰੀ ਧੁਰੇ ਦੀ ਸੈਰ ਕਰ ਰਹੇ ਹੋਵੀਏ।

ਇਹ ਕਿਉਂ ? ਇਸ ਲਈ ਕਿ ਸਾਰੇ ਅਰਧ ਸੁਚੇਤ ਗਿਆਨ ਇੰਦਰੇ ਬਾਹਰਲਾ ਪ੍ਰਭਾਵ (ਸਰਦੀ) ਅਨੁਭਵ ਕਰਦੇ ਹਨ ਤੇ ਇਸੇ ਅਨੁਭਵਤਾ ਨਾਲ ਸਬੰਧਤ ਇਕ ਕਲਪਤ ਕਹਾਣੀ ਸਾਡਾ ਅਚੇਤ ਮਨ

ਘੜ ਕੇ ਲਿਆ ਰਖਦਾ ਹੈ। ਇਸ ਤਰ੍ਹਾਂ ਕਰਨ ਦੇ ਉਹਦੇ ਦੋ ਭਾਵ ਹੋ ਸਕਦੇ ਹਨ। ਇਕ ਤਾਂ ਬਾਹਰ-ਮੁਖੀ ਵਾਪਰੀ ਸਰੀਰਕ ਘਟਨਾ ਨੂੰ ਨਵੀਂ ਤਰ੍ਹਾਂ ਉਪਹਾਰ ਯੋਗ ਬਣਾ ਕੇ ਸਾਨੂੰ ਪ੍ਰਚਾ ਜਾਂਦਾ ਹੈ, ਦੂਜਾ ਇਹ ਕਿ ਅਸੀਂ ਆਪਣੀ ਮਿਠੀ ਨਿੰਦਰਾ ਅਵਸਥਾ ਨੂੰ ਛਡ ਕੇ ਜਾਗ੍ਰਤ ਅਵਸਥਾ ਵਿਚ ਆਉਣੋਂ ਬਚ ਜਾਂਦੇ ਹਾਂ। ਪ੍ਰੋ: ਹੋਫਡਿੰਗ ਸਾਨੂੰ ਇਕ ਅਜਿਹੇ ਮਨੁੱਖ ਦੀ ਉਦਾਹਰਣ ਦੇਂਦਾ ਹੈ, ਜੋ ਸੁਪਨੇ ਵਿਚ "ਇਟਨਾ" ਪਰਬਤ ਦੇ ਜੁਆਲਾ-ਮੁਖੀ ਤੇ ਫਿਰ ਰਿਹਾ ਸੀ। ਪਰ ਗਲ ਵਿਚੋਂ ਇਨੀ ਹੀ ਸੀ ਕਿ ਸੁਤਿਆਂ ਸੁਤਿਆਂ ਗਰਮ ਪਾਣੀ ਦੀ ਬੋਤਲ ਉਸਦੇ ਪੈਰਾਂ ਨਾਲ ਛੁਹ ਰਹੀ ਸੀ।

ਕਈ ਵਾਰ ਬੜੀਆਂ ਜਟੱਲ ਤੇ ਪੇਚੀਦਾ ਘਟਨਾਵਾਂ ਵੀ ਸੁਪਨ ਅਵਸਥਾ ਵਿਚ ਬੜੀਆਂ ਸਾਦਾ ਉਦਾਹਰਣਾਂ ਰਾਹੀਂ ਵਿਆਖਤ ਹੁੰਦੀਆਂ ਹਨ। ਆਮ ਤੌਰ ਤੇ ਇਹ ਸੁਪਨ-ਨਾਟਕ (Dramatisation of Dream) ਸੁਤੇ ਮਨੁਖ ਦੇ ਆਪਣੇ ਕਲਪਨਾ-ਉਪਜਾਊ ਵਸੀਲਿਆਂ ਤੇ ਨਿਰਭਰ ਹੁੰਦੇ ਹਨ। ਇਕ ਬਚੇ ਦੀ ਜਾਂ ਅਸਿਖਸ਼ਤ ਮਨੁਖ ਦੀ ਕਲਪਨਾ, ਇਕ ਸਿਖਸ਼ਤ ਤੇ ਤਜਰਬੇਕਾਰ ਮਨੁਖ ਦੀ ਕਲਪਨਾ ਦੇ ਟਾਕਰੇ ਤੇ, ਬੜਾ ਘਟੀਆ, ਸਾਦਾ, ਤੇ ਸਾਧਾਰਣ ਜਿਹਾ ਸੁਪਨ-ਨਾਟਕ ਪੇਸ਼ ਕਰੇਗੀ। ਸੁਪਨ ਅਵਸਥਾ ਵਿਚ ਪਿਆ ਮਨੁੱਖ, ਆਪਣੇ ਅਧ ਸੁਤੇ ਗਿਆਨ ਇੰਦਰਿਆਂ ਤੇ ਹੀ ਨਿਰਭਰ ਰਖਦਾ ਹੈ ਅਤੇ ਜਿਹੜੇ ਨਵੇਂ ਨਵੇਂ ਰੂਪ ਜਾਂ ਕਲਪਤ ਖ਼ਿਆਲ, "ਅਚੇਤ ਮਨ ਦੀ ਬਾਂਦੀ ਕਲਪਨਾ-ਸ਼ਕਤੀ" ਉਹਦੇ ਸਾਹਮਣੇ ਰਖਦੀ ਹੈ, ਉਨ੍ਹਾਂ ਨੂੰ ਉਹ ਆਪਣੀ ਦਲੀਲ ਸ਼ਕਤੀ ਰਾਹੀਂ ਪਰਖ ਨਹੀਂ ਸਕਦਾ। ਕਿਉਂਕਿ ਅਚੇਤ ਮਨ ਦੀ ਦੁਨੀਆਂ ਵਿਚ ਦਲੀਲ ਦੀ ਥਾਂ, ਨਿਰੋਲ ਜਜ਼ਬਿਆਂ ਦਾ ਹੀ ਰਾਜ ਹੁੰਦਾ ਹੈ। ਅਚੇਤ ਮਨ ਦਾ ਸਾਰਾ ਰਾਜ ਪ੍ਰਬੰਧ ਮਨੋ-ਭਾਵਾਂ ਤੇ ਹੀ ਨਿਰਭਰ ਹੁੰਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਸੁਪਨ ਅਵਸਥਾ, ਜਾਗ੍ਰਤ ਅਵਸਥਾ ਤੋਂ ਇਹਨਾਂ ਗੱਲਾਂ ਵਿਚ ਭੇਦ ਰਖਦੀ ਹੈ।

੧. ਇਹ ਅਵਸਥਾ ਕਈ ਵਾਰ, ਅਰਧ-ਚੇਤੰਨ ਗਿਆਨ ਇੰਦਰਿਆਂ ਰਾਹੀਂ ਹੀ ਵਿਆਪਦੀ ਹੈ।

੨. ਇਸ ਅਵਸਥਾ ਵਿਚ ਨਿਰੋਲ ਕਲਪਨਾਂ ਜਾਂ ਜਜ਼ਬਿਆਂ ਦਾ ਹੀ ਰਾਜ ਹੁੰਦਾ ਹੈ। ਭਾਵ ਬਾ-ਤਰਤੀਬ ਖ਼ਿਆਲ, ਜਾਂ ਦਲੀਲ ਦਾ ਅਭਾਵ ਹੁੰਦਾ ਹੈ।

ਸੁਪਨ ਅਵਸਥਾ ਵਿਚ ਭਾਵੇਂ ਅਸੀਂ ਪੂਰੀ ਤਰ੍ਹਾਂ ਸੁਚੇਤ ਨਹੀਂ ਹੁੰਦੇ, ਫਿਰ ਵੀ ਅਸੀਂ ਇਸ ਸਬੰਧੀ, ਥੋੜ੍ਹਾ ਬਹੁਤਾ ਜਾਣ ਸਕਦੇ ਹਾਂ। ਸੁਪਨਿਆਂ ਦੇ ਤਿਖੇ ਵੇਗ ਵਿਚ ਮਨੁੱਖ ਆਪਣੇ ਜਜ਼ਬਿਆਂ ਦੇ ਅਧੀਨ ਹੋਣ ਕਰਕੇ, ਨਿਰਣਾ ਸ਼ਕਤੀ, ਜਾਂ ਇਛਾ ਸ਼ਕਤੀ ਤੋਂ ਬਿਲਕੁਲ ਹੀ ਕੋਰਾ ਹੁੰਦਾ ਹੈ। ਇਸ ਲਈ ਆਪਣੇ ਗਿਆਨ ਵਿਚ ਕੋਈ ਵਾਧਾ ਨਹੀਂ ਕਰ ਸਕਦਾ, ਜਿਵੇਂ ਕਿ ਜਾਗ੍ਰਤ ਅਵਸਥਾ ਵਿਚ ਕਰਦਾ ਹੈ। ਸਗੋਂ ਸੁਪਨ-ਕਲਾ ਜੋ ਵੀ ਚਿਤਰ ਉਹਦੇ ਸਾਹਮਣੇ ਲਿਆਂਦੀ ਹੈ ਬਿਨਾ ਕਿਸੇ ਸ਼ੱਕ ਦੇ ਉਸ ਨੂੰ ਸਵੀਕਾਰਨੇ ਪੈਂਦੇ ਹਨ।

ਉਪਰੋਕਤ ਵਿਆਖਿਆ ਵਿਚ ਅਸੀਂ ਇਹੋ ਸਿੱਧ ਕਰਣ ਦਾ ਜਤਨ ਕੀਤਾ ਹੈ, ਕਿ ਕਈ ਸੁਪਨੇ ਨਿਰੋਲ ਬਾਹਰਲੇ ਪ੍ਰਭਾਵਾਂ ਦੀ ਉਪਜ ਹਨ, ਕਿਉਂਕਿ ਭਾਵੇਂ ਅਸੀਂ ਨਿੰਦਰਾ ਅਵਸਥਾ ਵਿਚ ਆਪਣੇ ਆਪ ਨੂੰ ਬਾਹਰਲੇ ਪ੍ਰਭਾਵਾਂ ਤੋਂ ਬਿਲਕੁਲ ਅਛੋਹ ਸਮਝਣ ਦੀ ਗ਼ਲਤੀ ਕਰਦੇ ਹਾਂ, ਪਰ ਅਸਲੋਂ ਸਾਡਾ ਅਰੱਧ ਚੇਤਨ ਗਿਆਨ ਇੰਦਰਿਆਂ (Restricted operation of senses) ਰਾਹੀਂ ਹਾਲੇ ਵੀ ਬਾਹਰਲੀ ਦੁਨੀਆਂ ਨਾਲ ਅਨਿਖੜਵਾਂ ਸਬੰਧ ਹੁੰਦਾ ਹੈ। ਪਰ ਇਸ ਤੋਂ ਇਹ ਸਮਝ ਲੈਣਾ ਕਿ ਸੁਪਨੇ ਨਿਰਾਰਥਕ ਤੇ ਬੇ-ਫਾਇਦਾ ਹੁੰਦੇ ਹਨ, ਗ਼ਲਤ ਹੋਵੇਗਾ ਕਿਉਂਕਿ ਸੁਪਨਿਆਂ ਦੀ ਅਤਿ ਨਵੀਨ ਪੜਚੋਲ ਮਨੁੱਖੀ ਜੀਵਨ ਨਾਲ ਅਤਿ ਡੂੰਘਾ ਸਬੰਧ ਪ੍ਰਗਟਾਂਦੀ ਹੈ।

ਸੁਪਨਿਆਂ ਦੀ ਇਸ ਪ੍ਰਕਾਰ ਦੀ ਪੜਚੋਲ ਕਰਨ ਲਈ ਸਾਨੂੰ ਮਨੁੱਖੀ ਜਜ਼ਬਿਆਂ ਦਾ ਵਿਸ਼ਾਲ ਗਿਆਨ ਹੋਣਾ ਚਾਹੀਦਾ ਹੈ। ਇਸ ਖੋਜ ਅਨੁਸਾਰ ਜਦੋਂ ਅਸੀਂ ਸੁਪਨੇ ਲੈ ਰਹੇ ਹੁੰਦੇ ਹਾਂ, ਅਸੀਂ ਅਚੇਤ ਹੀ ਉਹਨਾਂ ਖਾਹਿਸ਼ਾਂ ਜਾਂ ਝੁਕਾਵਾਂ ਨੂੰ ਜੋ ਸਾਡੇ ਮਨ ਦੀ ਹਠਲੀ ਤਹਿ ਵਿਚ ਸਾਡੀ ਵਿਚਾਰ (Rational mind) ਦੇ ਦਬਾਉ ਥਲੇ ਪਏ ਹੁੰਦੇ ਹਨ, ਪ੍ਰਕਾਸ਼ ਕਰਦੇ

ਹਾਂ। ਕਿਉਂਕਿ ਜਾਗਰਤ ਅਵਸਥਾ ਵਿਚ ਕਈ ਵਾਰ ਅਸੀਂ ਕਈ ਖ਼ਿਆਲਾਂ ਨੂੰ ਮਜ਼ਹਬ, ਸਮਾਜ, ਇਖ਼ਲਾਕ ਜਾਂ ਕਾਨੂੰਨ ਵਿਰੁਧ ਜਾਣ ਕੇ ਜਾਂ ਆਪਣੀ ਸਮਰਥਾ ਤੋਂ ਬਾਹਰ ਸਮਝਕੇ ਦਬਾ ਦਿੰਦੇ ਹਾਂ, ਉਹ ਦਬੇ ਖ਼ਿਆਲ ਹੀ ਮੌਕਾ ਤਾੜ ਕੇ ਰਾਤ ਨੂੰ ਸੁਪਨ-ਅਵਸਥਾ ਵਿਚੋਂ ਪ੍ਰਗਟ ਹੁੰਦੇ ਹਨ। ਇਸ ਤਰ੍ਹਾਂ ਅਸੀਂ ਜਾਗ੍ਰਤ ਅਵਸਥਾ ਵਿਚ ਢੇਰ ਅਭਾਵ ਦੇਖ ਰਹੇ ਹੁੰਦੇ ਹਾਂ, ਇਕ ਸੂਖਮ ਤੇ ਅਣਪਛਾਤਾ ਜਿਹਾ ਸਬੰਧ ਟਿਕਿਆ ਹੁੰਦਾ ਹੈ। ਸੋ ਅਸੀਂ ਕਹਿ ਸਕਦੇ ਹਾਂ, ਕਿ ਸੁਪਨਿਆਂ ਦੀ ਹੋਂਦ ਸਾਡੀ ਜਾਗ੍ਰਤ ਅਵਸਥਾ ਦਾ ਨਤੀਜਾ ਹੁੰਦਾ ਹੈ ਤੇ ਇਸੇ waking life ਤੇ ਨਿਰਭਰ ਰੱਖਦਾ ਹੈ।

ਡਾ: ਫਰਾਇਡ ਦੇ ਸ਼ਬਦਾਂ ਵਿਚ, ਸੁਪਨੇ ਉਹਨਾਂ ਖ਼ਾਹਿਸ਼ਾਂ ਦੀ ਸੰਤੁਸ਼ਟਤਾ ਲਈ ਇਕ ਢੰਗ ਹੁੰਦੇ ਹਨ, ਜੋ ਜਾਗ੍ਰਤ ਅਵਸਥਾ ਵਿਚ ਦਬੀਆਂ ਘੁਟੀਆਂ ਰਹਿੰਦੀਆਂ ਹਨ। ਸੁਪਨੇ ਉਹ ਕੁਝ ਦੇਂਦੇ ਹਨ, ਜੋ ਦਿਨ ਸਾਥੋਂ ਰੋਕ ਰੱਖਦਾ ਹੈ, ਇਸ ਲਈ ਸੁਪਨੇ ਹੋਰ ਕੁਝ ਨਹੀਂ, ਸਿਰਫ ਉਹਨਾਂ ਅਪੂਰਨ ਖ਼ਾਹਿਸ਼ਾਂ ਦਾ ਪੂਰਾ ਹੋਣਾ ਹੈ, ਜੋ ਸਾਡੇ ਮਨ ਦਾ ਸੈਂਸਰ (Rational mind) ਜਾਗ੍ਰਤ ਸਮੇਂ ਦਬਾਈ ਰੱਖਦਾ ਹੈ। ਬਾਲ ਸੁਪਨਿਆਂ ਵਿਚੋਂ ਸਾਨੂੰ ਇਹੋ ਜਹੀਆਂ ਉਦਾਹਰਣਾਂ ਆਮ ਲਭਦੀਆਂ ਹਨ। ਅਸੀਂ ਇਕ ਬੱਚੇ ਨੂੰ ਬਾਗ ਵਿਚ ਘੋਗਿਆਂ ਨਾਲ ਖੇਡਣ ਤੋਂ ਰੋਕਦੇ ਹਾਂ ਤੇ ਉਹਨੂੰ ਝਿੜਕਦੇ, ਝੰਬਦੇ ਹਾਂ। ਰਾਤ ਨੂੰ ਜਦੋਂ ਉਹ ਸੌਂਦਾ ਹੈ, ਉਹਨੂੰ ਸੁਪਨਾਂ ਆਉਂਦਾ ਹੈ, ਕਿ ਉਹ ਬਾਗ ਵਿਚ ਖੇਡ ਰਿਹਾ ਹੈ ਤੇ ਆਪਣੀ ਨਿੱਕੀ ਜਹੀ ਝੋਲ ਵਿਚ ਅਣ-ਗਿਣਤ ਘੋਘੇ ਇਕੱਤਰ ਕਰ ਰਿਹਾ ਹੈ। ਜਾਂ ਉਹ ਆਪਣੀ ਖੇਡ ਵਿਚ ਮਸਤ ਹੁੰਦਾ ਹੈ ਤੇ ਅਸੀਂ ਉਸ ਨੂੰ ਹੋੜਕੇ ਆਪਣੇ ਨਾਲ ਸੈਰ ਕਰਨ ਲਿਜਾਂਦੇ ਹਾਂ। ਰਾਤ ਨੂੰ ਉਹ ਸੁਪਨਿਆਂ ਵਿਚ ਆਪਣੀ ਖੇਡਣ ਦੀ ਅਪੂਰਣ ਉਤਾਂਘ ਪੂਰੀ ਕਰ ਰਿਹਾ ਹੋਵੇਗਾ, ਤੇ ਆਪਣੇ ਖ਼ਿਡਾਉਣਿਆਂ ਨਾਲ ਮਸਤ ਖੇਡ ਰਿਹਾ ਹੋਵੇਗਾ। ਸੁਪਨ ਮੰਡਲ ਵਿਚ ਉਹ ਅਜੇਹੀ ਦੁਨੀਆਂ ਵਿਚ ਪੁਜ ਜਾਂਦਾ ਹੈ, ਜਿਥੋਂ ਉਹਨੂੰ ਖੇਡਣ ਤੇ ਰੋਕਣ ਵਾਲਾ ਕੋਈ ਨਹੀਂ।

ਕਈ ਉਦਾਹਰਣਾਂ ਸਾਨੂੰ ਦਸਦੀਆਂ ਹਨ ਕਿ ਖ਼ਾਹਿਸ਼ਾਂ ਜਿਨ੍ਹਾਂ ਲਈ ਸੁਪਨ-ਤਾਣੀ ਤਣੀ ਜਾਂਦੀ ਹੈ, ਅਤਿ ਸਾਦਾ ਹੁੰਦੀਆਂ ਹਨ ਪਰ ਸੁਪਨੇ ਜੋ ਇਨ੍ਹਾਂ ਖਾਹਿਸ਼ਾਂ ਦਾ ਹੀ ਪ੍ਰਗਟ ਰੂਪ ਹੁੰਦੇ ਹਨ, ਬੜੇ ਪੇਚੀਦਾ ਤੇ ਜਟੱਲ ਬਣਕੇ ਆਉਂਦੇ ਹਨ । ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਸਾਡੇ ਅਚੇਤ ਮਨ ਦਾ ਮੁਖ ਮੰਤਵ ਉਹਨਾਂ ਖਾਹਿਸ਼ਾਂ ਨੂੰ ਜੋ ਸੁਚੇਤ ਵਲੋਂ ਦੁਰਕਾਰੀਆਂ ਹੁੰਦੀਆਂ ਹਨ, ਲੁਕ ਕੇ ਵਖ ਵਖ ਰੂਪਾਂ ਵਿਚ ਹੀ ਪ੍ਰਗਟ ਕਰਨਾ ਹੈ । ਇਸ ਲਈ ਸੁਪਨ ਪੜਚੋਲ ਕਰਨ ਵੇਲੇ ਸਾਨੂੰ ਬਹੁਤ ਹੀ ਹੁਸ਼ਿਆਰ ਰਹਿਣਾ ਜ਼ਰੂਰੀ ਹੈ । ਨਹੀਂ ਤਾਂ ਸਾਡੇ ਲਈ ਗ਼ਲਤ ਪੜਚੋਲ ਕਰਨੀ ਅਸੰਭਵ ਨਹੀਂ ।

ਇਕ ਮਨੁੱਖ ਨੂੰ ਆਪਣੇ ਬੀਮਾਰ ਬੱਚੇ ਦੀ ਕਈ ਦਿਨ ਅਤੇ ਰਾਤ ਸੇਵਾ ਕਰਨੀ ਪੈਂਦੀ ਹੈ । ਪਰ ਆਖ਼ਰ ਉਹ ਮਰ ਜਾਂਦਾ ਹੈ । ਪਿਤਾ ਪੁਤਰ ਕੋਲ ਇਕ ਬੁੱਢਾ ਨੌਕਰ ਬਿਠਾ ਕੇ ਆਪ ਨਾਲ ਦੇ ਕਮਰੇ ਵਿਚ ਆਰਾਮ ਲਈ ਚਲਾ ਜਾਂਦਾ ਹੈ । ਇਸ ਸਮੇਂ ਨਾਲ ਲਗਦੇ ਕਮਰੇ ਵਿਚ, ਮੁਰਦਾ, ਜਗਦੀਆਂ ਬਤੀਆਂ ਦੇ ਘੇਰੇ ਵਿਚ, ਬੁਢੇ ਨੌਕਰ ਦੀ ਰਖਵਾਲੀ ਵਿਚ ਪਿਆ ਹੈ । ਸੌਂ ਜਾਣ ਤੇ ਪਿਤਾ ਨੂੰ ਸੁਪਨਾ ਆਉਂਦਾ ਹੈ, ਕਿ ਉਹਦਾ ਪੁਤਰ ਉਹਦੇ ਬਿਸਤਰੇ ਕੋਲ ਖੜੋਤਾ, ਸ਼ਿਕਵਿਆਂ ਭਰੇ ਲਹਿਜੇ ਵਿਚ ਕਹਿ ਰਿਹਾ ਹੈ, "ਪਿਤਾ ਜੀ, ਤੁਸੀਂ ਵੇਖ ਨਹੀਂ ਰਹੇ ਕਿ ਮੈਂ ਸੜ ਰਿਹਾ ਹਾਂ ।"

ਜਾਗਣ ਤੇ ਪਿਤਾ ਵੇਖਦਾ ਹੈ, ਕਿ ਵਾਕਈ ਮੁਰਦਾ ਪੁਤਰ ਦੇ ਬਿਸਤਰੇ ਨੂੰ ਅੱਗ ਲੱਗੀ ਹੋਈ ਹੈ ਤੇ ਬੁੱਢਾ ਨੌਕਰ ਆਰਾਮ ਨਾਲ ਕੋਲ ਸੌਂ ਰਿਹਾ ਹੈ ।

ਇਸ ਸੁਪਨੇ ਨੂੰ ਹੋਂਦ ਵਿਚ ਲਿਆਣ ਵਾਲੇ ਮੁਢਲੇ ਦੋ ਖ਼ਿਆਲ ਸਨ । (੧) ਪਿਤਾ ਦੇ ਦਿਲ ਵਿਚ ਅਚੇਤ ਹੀ ਇਹ ਡਰ ਪੈਦਾ ਹੋ ਗਿਆ ਸੀ, ਕਿ ਮੁਰਦਾ ਪੁੱਤਰ ਦੀ ਰਖਵਾਲੀ ਲਈ ਬੁੱਢਾ ਨੌਕਰ ਯੋਗ ਨਹੀਂ । ਭਾਵ ਉਹ ਆਪਣਾ ਕੰਮ ਠੀਕ ਤਰ੍ਹਾਂ ਨਿਭਾ ਨਹੀਂ ਸਕੇਗਾ । (੨) ਉਹਦੇ ਦਿਲ ਵਿਚ ਪੁਤਰ ਨੂੰ ਜੀਂਵਦਾ ਵੇਖਣ ਦੀ ਤੀਬਰ ਇੱਛਾ ਸੀ, ਜੇ ਇਹ ਨਾ ਹੁੰਦੀ, ਤਦ ਸੁਪਨੇ ਵਿਚ ਜੀਉਂਦਾ ਪੁਤਰ ਪ੍ਰਵੇਸ਼ ਨਾ ਕਰਦਾ, ਸਗੋਂ ਅੱਗ

ਸਬੰਧੀ ਹੀ ਕੋਈ ਸੁਪਨ ਚਿੱਤਰ ਉਸਰਦਾ ਕਿਉਂਕਿ ਪਿਤਾ ਦੇ ਦਿਲ ਵਿਚ ਇਹ ਸ਼ੱਕ ਪਹਿਲਾਂ ਹੀ ਸੀ।

ਸਾਨੂੰ ਸੁਪਨ ਪੜਚੋਲ ਕਰਨ ਲਗਿਆਂ ਉਨ੍ਹਾਂ ਬੁਨਿਆਦੀ ਜਜ਼ਬਿਆਂ ਦਾ ਧਿਆਨ ਰੱਖਣਾ ਜ਼ਰੂਰੀ ਹੈ, ਜਿਨ੍ਹਾਂ ਦਾ ਇਨ੍ਹਾਂ ਸੁਪਨ ਦ੍ਰਿਸ਼ਾਂ ਨਾਲ ਡੂੰਘਾ ਸਬੰਧ ਹੁੰਦਾ ਹੈ। ਜਦੋਂ ਅਸੀਂ ਪਛਾਣ ਲਈਏ, ਕਿ ਇਹਨਾਂ ਜਜ਼ਬਿਆਂ ਦਾ ਸਮੁਚੇ ਮਨੁੱਖੀ ਜੀਵਨ ਤੇ ਕਿਤਨਾ ਡੂੰਘਾ ਤੇ ਸ਼ਕਤੀ ਸ਼ਾਲੀ ਪ੍ਰਭਾਵ ਹੈ ਤੇ ਨਾਮ ਮਾਤਰ ਰੋਕ ਜੋ ਅਸੀਂ ਇਹਨਾਂ ਵਿਰੁਧ ਵਰਤਦੇ ਹਾਂ, ਨਿਰੋਲ ਉਨ੍ਹਾਂ ਕੁਝਕੁ ਸਮਾਜਕ ਰੋਕਾਂ ਜਾਂ ਬੰਧਨਾਂ (Taboos) ਕਰਕੇ ਹੈ, ਜੋ ਸਾਡੇ ਸਮਾਜਕ ਜੀਵਨ ਲਈ ਜ਼ਰੂਰੀ ਨੀਯਤ ਕੀਤੇ ਗਏ ਹਨ, ਤਦ ਇਹ ਸੁੱਪਨ ਤਾਣੀ ਸਹਿਜੇ ਹੀ ਸੁਲਝਾਈ ਜਾ ਸਕਦੀ ਹੈ। ਜਦੋਂ ਅਸੀਂ ਨਿਰੋਲ ਆਪਣੇ ਆਪ ਵਿਚ ਹੋਈਏ, ਜਾਂ ਸੁੱਪਨ ਅਵਸਥਾ ਵਿਚ, ਸਾਡੇ ਪ੍ਰਤਿ ਨਿਕਟ ਵਰਤੀ ਤੇ ਨਿਜੀ ਖਾਹਿਸ਼ਾਂ ਤੇ ਜਜ਼ਬਿਆਂ ਨੂੰ ਉਸਰਣ ਪਲਰਣ ਦੀ ਪੂਰੀ ਖੁਲ੍ਹ ਹੁੰਦੀ ਹੈ। ਸਾਡੀ ਵਿਚਾਰ (Rational mind) ਰੂਪੀ ਸੈਂਸਰ ਦੀ ਕਰੜਾਈ ਘਟ ਜਾਂਦੀ ਹੈ, ਤੇ ਅਸੀਂ ਪੂਰੀ ਤਰ੍ਹਾਂ ਆਪਣੇ ਜਜ਼ਬਿਆਂ ਦੇ ਅਧੀਨ ਹੋ ਜਾਂਦੇ ਹਾਂ। ਜਿਥੇ ਜਾਗਰਤ ਵਿਚ ਸਾਡਾ ਮਨ ਸਮਾਜਕ ਹਦਾਂ ਵਿਚ ਘਿਰਿਆ ਹੁੰਦਾ ਹੈ, ਉਥੇ ਸੁਪਨਿਆਂ ਵਿਚ ਅਸੀਂ ਨਾ ਸਿਰਫ ਆਪਣੀਆਂ ਅਤਿ ਪ੍ਰਾਚੀਨ ਖਾਹਿਸ਼ਾਂ ਨੂੰ ਜੋ ਕਦੀ ਦੀਆਂ ਸਾਡੇ ਅਚੇਤ ਵਿਚ ਸੁਤੀਆਂ ਹੁੰਦੀਆਂ ਹਨ, ਪ੍ਰਕਾਸ਼ਮਾਨ ਕਰਦੇ ਹਾਂ, ਸਗੋਂ ਆਪਣੀ ਵਾਸਤਵਤਾ ਨੂੰ ਵੀ ਬੜੇ ਉਨਰੀਕ ਢੰਗਾਂ ਨਾਲ ਪ੍ਰਗਟ ਕਰਦੇ ਹਾਂ। ਇਸ ਲਈ ਪੜਚੋਲ ਸਮੇਂ ਜਦ ਤਕ ਉਨ੍ਹਾਂ ਮੁਢਲੀਆਂ ਘਟਨਾਵਾਂ ਜਾਂ ਝੁਕਾਵਾਂ ਨੂੰ ਜੋ ਕਿਸੇ ਸੁਪੱਨ ਦ੍ਰਿਸ਼ ਦੀਆਂ ਜ਼ਿਮੇਂਵਾਰ ਹੁੰਦੀਆਂ ਹਨ, ਨਾ ਖੋਜਿਆ ਜਾਵੇ, ਸਾਡੀ ਪੜਚੋਲ ਬਿਲਕੁਲ ਅਧੂਰੀ ਰਹਿ ਜਾਵੇਗੀ। ਸਾਡਾ ਸੁਚੇਤ ਮਨ ਇਨ੍ਹਾਂ ਸੁਭਾਵਕ ਹਰਕਤਾਂ (instinctive motives) ਦੀ ਸਮਾਜਕ ਨੇਮਾਂ ਅਨੁਸਾਰ ਵਿਆਖਿਆ ਕਰਨ ਦਾ ਇੱਨਾਂ ਆਦੀ ਹੈ, ਕਿ ਸੰਭਵ ਹੈ, ਅਸੀਂ ਸੁਪਨ ਬਣਤਰ ਨੂੰ ਹੀ ਬਿਲਕੁਲ ਗ਼ਲਤ ਸਮਝੀਏ।

ਪਰ ਜਦੋਂ ਅਸੀਂ ਇਕ ਵਾਰ ਇਹ ਸਮਝ ਲਈਏ, ਕਿ ਸੁਪਨੇ ਨਿਰੋਲ ਸ੍ਵੈ ਪ੍ਰਗਟਤਾ ਲਈ ਇਕ 'ਅਨੁਪਾਨ' ਦਾ ਕੰਮ ਕਰਦੇ ਹਨ, ਤਦ ਸਾਡੇ ਲਈ ਇਹ ਕਠਨ ਕੰਮ ਵੀ ਸਹਿਲ ਹੋ ਜਾਵੇਗਾ। ਫਰਾਇਡ ਲਿਖਦਾ ਹੈ, ਸੁਪਨੇ ਅਸਲ ਵਿਚ ਦਬੀਆਂ ਘੁਟੀਆਂ ਖਾਹਿਸ਼ਾਂ ਲਈ ਸਸਤਾਉਣ ਦਾ ਕੰਮ ਦਿੰਦੇ ਹਨ। ਸੁਤਿਆਂ ਅਸੀਂ ਨਿਰੋਲ ਸੁਪਨਿਆਂ ਰਾਹੀਂ ਬਾਹਰਲੇ ਪ੍ਰਭਾਵਾਂ ਨੂੰ ਨੀਂਦ ਵਿਚ ਦਖਲ ਦੇਣੋਂ ਰੋਕ ਸਕਦੇ ਹਾਂ। ਜਿਹੜੇ ਸੁਪਨੇ ਜਾਗ੍ਰਤ ਸਮੇਂ ਤੋਂ ਕੁਝ ਹੀ ਪਹਿਲਾਂ, ਬਾਹਰਲੇ ਪ੍ਰਭਾਵਾਂ ਤੋਂ ਬਣਦੇ ਹਨ, ਉਨ੍ਹਾਂ ਦਾ ਮੁਖ ਮੰਤਵ ਨਿਰੋਲ ਸਾਡੀ ਮਿਠੀ ਨੀਂਦ ਨੂੰ ਹੋਰ ਲਮਕਾਣਾ ਹੁੰਦਾ ਹੈ, ਕਈ ਵਾਰ ਸੁਤਿਆਂ ਸੁਤਿਆਂ ਹੀ ਪਿਆਸ ਲਗ ਜਾਂਦੀ ਹੈ ਤੇ ਅਸੀਂ ਜਾਗਣ ਦੀ ਥਾਂ ਸੁਪਨੇ ਵਿਚ ਹੀ ਪਾਣੀ ਪੀ ਰਹੇ ਹਾਂ। ਸੋ ਪ੍ਰਚਲਤ ਖ਼ਿਆਲ ਦੇ ਉਲਟ ਸੁਪਨੇ ਅਸਲ ਵਿਚ ਸਾਡੀ ਨੀਂਦ ਨੂੰ ਛੁਟਿਆਣ ਦੀ ਥਾਂ, ਲਮਕਾਣ ਦਾ ਕੰਮ ਕਰਦੇ ਹਨ।

ਸੁਪਨਿਆਂ ਤੇ ਨਿਰੋਲ ਸੁਪਨਿਆਂ ਵਿਚ ਹੀ ਅਸੀਂ ਆਪਣੇ ਅਸਲੇ ਨੂੰ ਛੁਹਣ ਦਾ ਜਤਨ ਕਰਦੇ ਹਾਂ, ਤੇ ਉਸ 'ਗ਼ੈਰ ਕੁਦਰਤੀ ਸ਼ਖ਼ਸੀਅਤ' ਤੋਂ ਜੋ ਸਮਾਜ ਤੇ ਆਲੇ ਦੁਆਲੇ ਨੇ ਸਾਡੇ ਲਈ ਉਸਾਰੀ ਹੈ, ਛੁਟਕਾਰਾ ਪਾਂਦੇ ਹਾਂ। ਇਸ ਲਈ ਜਿਉਂ ਜਿਉਂ ਸੁਪਨਿਆਂ ਸਬੰਧੀ ਸਾਡੀ ਖੋਜ ਵਧੇਰੇ ਸ਼ਾਹ ਰਾਹ ਤੇ ਪੈਂਦੀ ਜਾਵੇਗੀ, ਅਸੀਂ ਸੁਪਨਿਆਂ ਦੀ ਮਹੱਤਤਾ ਨੂੰ ਸਮਝਦੇ ਹੋਏ, ਨਾ ਸਿਰਫ ਆਪਣੇ ਅਸਲੇ ਨੂੰ ਹੀ ਸਗੋਂ ਇਸ ਆਪਣੀ ਜਾਗ੍ਰਤ ਅਵਸਥਾ ਨੂੰ ਵੀ ਪੂਰਨ ਤੌਰ ਤੇ ਪੜਚੋਲ ਸਕਾਂਗੇ।

★

ਮਨੋ-ਵਿਗਿਆਨ ਦਾ ਆਦਰਸ਼

ਵਰਤਮਾਨ ਮਨੋ-ਵਿਗਿਆਨ ਬਹੁਤਾ ਇੰਦਰੀ ਚੇਤੰਤਾ (Sense impressions) ਨਾਲ ਸਬੰਧ ਰਖਦਾ ਹੈ, ਭਾਵ ਅਸੀਂ ਆਪਣੇ ਇੰਦਰਿਆਂ ਰਾਹੀਂ ਬਾਹਰਲੀ ਦੁਨੀਆਂ ਦਾ ਵਿਸ਼ਾਲ ਗਿਆਨ ਕਿਵੇਂ ਪ੍ਰਾਪਤ ਕਰਦੇ ਹਾਂ। ਇਹ ਸੋਚਣ ਦੇ ਯਤਨ ਕਰਦਾ ਹੈ, ਕਿ ਕਿਵੇਂ ਇਨ੍ਹਾਂ ਬਾਹਰਲੀਆਂ ਵਸਤਾਂ ਤੇ ਪ੍ਰਭਾਵਾਂ ਦਾ ਮਨ ਨਾਲ ਸਬੰਧ ਜੁੜਦਾ ਹੈ। ਇਹ ਲਭਦਾ ਹੈ, ਕਿ ਇਨ੍ਹਾਂ ਬਾਹਰਲੀਆਂ ਵਸਤਾਂ ਦੇ ਸਬੰਧ ਕਾਰਨ, ਜਦੋਂ ਕਿ ਮਨ ਇਨ੍ਹਾਂ ਦੇ ਪ੍ਰਭਾਵ ਕਬੂਲਦਾ ਹੈ, ਮਨ ਅੰਦਰ ਕਿਹੋ ਜਹੇ ਅਮਲ ਹੁੰਦੇ ਹਨ। ਸਾਡੇ ਮਾਨਸਿਕ ਜੀਵਨ ਦੇ ਪਿਛਖੇਤਰ, ਬਿਰਤੀਆਂ (Instincts), ਉਨ੍ਹਾਂ ਦੇ ਸੁਭਾਵ, ਅਮਲ, ਤੇ ਵਿਸ਼ੇਸ਼ਤਾਈਆਂ, ਮਨੋ-ਭਾਵ (Emotions), ਜੋ ਸਾਡੀਆਂ ਗ੍ਰੰਥੀਆਂ (Glands) ਰਾਹੀਂ ਪ੍ਰਭਾਵਤ ਹੋ, ਸਾਡੀਆਂ ਰੁਚੀਆਂ ਤੇ ਮਿਜਾਜ਼ਾਂ (Temperament) ਨੂੰ ਉਸਾਰਣ ਵਿਚ ਚੋਖਾ ਭਾਗ ਵੰਡਾਂਦੇ ਹਨ, ਨੂੰ ਬਿਆਨ ਕਰਦਾ ਹੈ। ਇਹ ਦਸਦਾ ਹੈ ਕਿ ਸਾਡੇ ਸੋਚਣ, ਮਹਿਸੂਸਣ ਜਾਂ ਅਮਲ ਕਰਨ ਦੇ ਅਡ ਅਡ ਢੰਗਾਂ ਦਾ ਕਾਰਨ ਨਿਰੋਲ ਸਾਡਾ ਆਲਾ ਦੁਆਲਾ ਹੀ ਨਹੀਂ, ਸਗੋਂ ਵਿਰਾਸਤ ਵੀ ਹੈ।

ਪ੍ਰੰਤੂ ਜੇ ਇਹ ਕਹੀਏ ਕਿ ਮਨੋ-ਵਗਿਆਨ ਦਾ ਮੁਖ ਮੰਤਵ, ਮਨੁਖੀ ਜਾਂ ਪਸ਼ੂ-ਮਨ ਅਮਲਾਂ ਦੀ ਵਿਆਖਿਆ ਹੀ ਕਰਨਾ ਹੈ, ਤਦ ਇਹ ਪੂਰਨ ਸਚਾਈ ਨਹੀਂ ਹੋਵੇਗੀ। ਇਸ ਸਾਇੰਸ ਦਾ ਬੜਾ ਵਿਸ਼ਾਲ ਤੇ ਅਮਲੀ ਮੰਤਵ ਹੈ, ਜਿਸ ਨੂੰ ਮਨੁਖ ਨਸਲ ਤੇ ਲਾਗੂ ਕਰਨਾ ਪਰਮ ਧਰਮ ਕਿਹਾ ਜਾ ਸਕਦਾ ਹੈ। ਇਸ ਕਿਚ ਸ਼ੱਕ ਨਹੀਂ, ਕਿ ਆਉਂਦੀ ਦੁਨੀਆਂ ਵਿਚ ਮਨੋ-ਵਿਗਿਆਨ

ਨੇ ਅਤਿ ਜ਼ਰੂਰੀ ਪਾਰਟ ਅਦਾ ਕਰਨਾ ਹੈ । ਮਨੁੱਖੀ ਆਸ਼ਾਵਾਂ ਤੇ ਸਕੀਮਾਂ ਦਾ ਨਿਰਭਰ ਬਹੁਤਾ ਔਸਤ ਮਨੁਖ਼ ਦਾ ਆਪਣੇ ਆਲੇ ਦੁਆਲੇ ਨੂੰ ਸਮਝਣ, ਤੇ ਉਸ ਨਾਲ ਇਕ ਸੁਰ ਹੋਣ ਵਿਚ ਹੈ । ਜਿਨਾਂ ਉਹ ਆਪਣੀਆਂ ਉਸਾਰੀਆਂ ਰੁਕਾਵਟਾਂ ਤੇ ਬੰਧਨਾਂ ਤੋਂ ਸੁਰਖਰੂ ਹੁੰਦਾ ਜਾਵੇਗਾ ਉਨ੍ਹਾਂ ਹੀ ਉਹ ਸੰਸਾਰ ਨੂੰ ਜੰਗ ਰਹਿਤ ਬਣਾ ਕੇ ਅਨਿਆਏ ਤੋਂ ਪਾਕ ਕਰ ਸਕੇਗਾ । ਜਿਵੇਂ ਡਾਕਟਰੀ ਵਿਦਿਆ ਦਾ ਮੰਤਵ ਇਸਤ੍ਰੀ-ਮਰਦ ਦੇ ਸਰੀਰਕ ਰੋਗਾਂ ਦੀ ਪੁਣ ਛਾਣ ਕਰਦਿਆਂ ਹੋਇਆਂ, ਸਮਾਜ ਅਤੇ ਕੌਮ ਨੂੰ ਉਸਾਰਨਾ ਹੈ ਤੇ ਇਸ ਦਾ ਕੰਮ ਮਨੁੱਖੀ ਸਰੀਰ ਤਕ ਹੀ ਮਹਿਦੂਦ ਨਹੀਂ ਸਗੋਂ ਆਲੇ ਦੁਆਲੇ ਨੂੰ ਵੀ ਜੋ ਸਾਡੀ ਸਰੀਰਕ ਉਸਾਰੀ ਦਾ ਬਹੁਤਾ ਜ਼ਿਮੇਂਵਾਰ ਹੈ, ਪੜਚੋਲਨਾ ਹੈ । ਇਸੇ ਤਰ੍ਹਾਂ ਮਨੋ-ਵਗਿਆਨ ਸਾਡੀ ਮਾਨਸਿਕ ਅਰੋਗਤਾ ਨਾਲ ਸਬੰਧ ਰਖਦਾ ਹੈ, ਜਿਸ ਦੀ ਪੂਰੇ ਸਮਾਜਕ ਤੇ ਕੌਮੀ ਜੀਵਨ ਨਾਲ ਨੇੜਤਾ ਹੈ । ਵਿਅਕਤੀਗਤ ਮਨ ਦੀ ਪੜਚੋਲ ਹੀ ਇਸ ਦਾ ਦ੍ਰਿਸ਼ਟੀ-ਕੋਣ ਹੈ, ਵਿਅਕਤੀਗਤ ਮਨ ਤੋਂ ਬਿਨਾ ਕਿਸੇ ਗਰੁਪ ਮਨ (Group mind) ਦੀ ਕੋਈ ਹੋਂਦ ਨਹੀਂ, ਗਰੁਪ ਮਨ ਤੋਂ ਭਾਵ, ਵਿਅਕਤੀਗਤ ਮਨਾਂ ਦਾ ਸੰਗ੍ਰਹਿ ਹੈ । ਭਾਵੇਂ ਇਹ ਠੀਕ ਹੈ ਕਿ ਗਰੋਹ ਜਾਂ ਇਕੱਠ ਸਦਾ ਆਪਣੇ ਇਕੱਲੇ ਇਕੱਲੇ ਲੀਡਰ ਦੇ ਪਿਛੇ ਚਲਦੇ ਹਨ, ਤੇ ਉਨ੍ਹਾਂ ਦੇ ਪ੍ਰਭਾਵ ਕਬੂਲਦੇ ਹਨ । ਪਰੰਤੂ ਫਿਰ ਵੀ ਭੇਡਾਂ ਚਾਲ ਗਰੋਹਾਂ ਵਿਚੋਂ ਵਿਰੋਧੀ ਖ਼ਿਆਲਾਂ ਦੇ ਉਸਰੀਏ (Seers) ਪੈਦਾ ਹੋਣੇ ਇਹ ਸਚਾਈ ਸਿਧ ਕਰਦੇ ਹਨ, ਕਿ ਵਿਅੱਕਤੀਗਤ-ਮਨ (Individual mind) ਤੋਂ ਬਿਨਾ ਕਿਸੇ ਗਰੁਪ ਮਨ ਦੀ ਹੋਂਦ ਨਹੀਂ ।

ਮਨੋ-ਵਿਗਿਆਨ ਦਾ ਮੁਖ ਮੰਤਵ ਮਨੁੱਖੀ ਜੀਵਨ ਨੂੰ ਅਮੀਰ ਬਨਾਣ ਤੇ ਵਧ ਤੋਂ ਵਧ ਸ਼ਕਤੀਆਂ ਵਰਤਣ ਦੇ ਯੋਗ ਬਨਾਣਾਂ ਹੈ । ਮਨੁੱਖ ਦੁਖੀ ਹੈ ਕਿਉਂਕਿ ਉਹ ਨਹੀਂ ਜਾਣਦਾ, ਕਿਵੇਂ ਉਹ ਆਪਣੇ ਆਪ ਨੂੰ; ਆਪਣੇ ਵਾਤਾਵਰਨ ਨਾਲ "ਇਕ ਸੁਰ" ਕਰ ਸਕਦਾ ਹੈ; ਕਿਵੇਂ ਉਹ ਆਪੇ ਉਸਾਰੀਆਂ ਰੁਕਾਵਟਾਂ, ਮਜਬੂਰੀਆਂ, ਮਾਨਸਿਕ ਗੁੰਝਲਾਂ ਤੇ ਆਪਣੀ ਸ਼ਖਸ਼ੀਅਤ ਦੇ ਕੋਝਾਂ ਨੂੰ ਹਟਾ ਕੇ, ਆਪਣੀਆਂ ਸਰੀਰਕ ਤੇ ਆਤਮਕ ਲੋੜਾਂ

ਨੂੰ ਇਕ ਪੱਧਰ ਤੇ ਲਿਆ ਸਕਦਾ ਹੈ। ਮਨੋ-ਵਗਿਆਨ ਉਹਨੂੰ ਸ੍ਵੈ ਸੂੱਝਣ (Self knowledge), ਤੇ ਆਲੇ ਦੁਆਲੇ ਨੂੰ ਪ੍ਰਭਾਵਤ ਕਰਨ ਦੇ ਢੰਗ ਸਿਖਾਉਂਦਾ ਹੈ, ਤਾਕਿ ਉਹ ਘਰ, ਬਾਹਰ, ਸਕੂਲ, ਸੁਸਾਇਟੀ, ਤੇ ਧਰਮ ਦੇ ਮੁਆਮਲਿਆਂ ਵਿਚ ਆਪਣਾ ਸ੍ਵੈ-ਪ੍ਰਗਿਟਾ ਯੋਗ ਢੰਗ ਨਾਲ ਕਰ ਸਕੇ। ਸੋ ਇਸ ਸਾਇੰਸ ਦਾ ਮੰਤਵ ਦੂਹਰਾ ਹੈ, ਵਿਅਕਤੀਗਤ ਅਤੇ ਵਾਤਾਵਰਨਕ, ਜ਼ਾਤੀ ਅਤੇ ਸਮਾਜਕ। ਇਹ ਨਿਰਾ ਏਨੀ ਖੋਜ ਹੀ ਨਹੀਂ ਕਰਦਾ ਕਿ ਮਨੁਖ ਕਿਵੇਂ ਸੋਚਦਾ ਤੇ ਵਰਤਦਾ ਹੈ ਸਗੋਂ ਇਹ ਅਜਿਹੇ ਢੰਗ ਰਚਦਾ ਹੈ ਕਿ ਮਨੁੱਖ ਵਧੇਰੇ ਚੰਗਾ ਸੋਚੇ ਤੇ ਭਾਵ-ਪੂਰਤ ਅਮਲ ਵਰਤੋਂ ਵਿਚ ਲਿਆਵੇ।

ਮਨੋ-ਵਗਿਆਨ ਸਾਡੀ ਮਾਨਸਿਕ ਪਛਾਣ ਦਾ ਸੰਗ੍ਰਹਿ ਹੀ ਨਹੀਂ, ਸਗੋਂ ਇਸ ਨੂੰ ਮਾਨਸਿਕ ਹਾਈਜੀਨ ਕਹਿ ਦੇਣਾ ਕੋਈ ਅਯੋਗ ਗਲ ਨਹੀਂ। ਇਸ ਦਾ ਕੰਮ ਮਰਦ ਅਤੇ ਬੱਚਿਆਂ ਨੂੰ ਆਲੇ ਦੁਆਲੇ ਨਾਲ ਇਕ ਸੂਤ ਕਰਨਾ ਹੈ। ਜੇ ਅਸੀਂ ਬਾਲ ਮਨੋ-ਵਗਿਆਨ ਨੂੰ ਹੀ ਲਈਏ, ਤਦ ਵੀ ਇਸ ਦੀ ਮਹੱਤਤਾ ਹਦੋਂ ਵਧ ਹੋ ਜਾਂਦੀ ਹੈ। ਬੱਚਿਆਂ ਦੇ ਮਨਾਂ ਨੂੰ ਸਮਝਣਾ ਏਨਾ ਸੌਖਾ ਨਹੀਂ, ਜਿਨਾਂ ਹੁਣ ਤਕ ਸਮਝਿਆ ਗਿਆ ਹੈ।

ਬੱਚਿਆਂ ਦੀਆਂ ਮੁੱਢ ਤੋਂ ਲੈਕੇ, ਕਿਸ਼ੋਰ ਆਯੂ ਤਕ ਦੀਆਂ ਮਾਨਸਿਕ ਗੁੰਝਲਾਂ ਦਾ ਕਾਰਨ ਅਤੇ ਹਲ, ਬਾਲ†-ਮਨੋ ਵਿਗਿਆਨ ਦੀ ਵਾਕਫੀਅਤ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਲਭਿਆ ਨਹੀਂ ਜਾ ਸਕਦਾ। ਬਹੁਤੇ ਮਾਪੇ ਬੱਚਿਆਂ ਨੂੰ ਪੈਦਾ ਕਰਨਾ ਹੀ ਜਾਣਦੇ ਹਨ, ਉਨ੍ਹਾਂ ਦੀ ਸਾਵੀਂ ਤੇ ਪੱਧਰੀ ਉਸਾਰ ਦੀ ਚਿੰਤਾ ਉਨ੍ਹਾਂ ਕਦੇ ਨਹੀਂ ਕੀਤੀ। ਸਾਡੇ ਦੇਸ ਵਿਚ ਤਾਂ ਇਨ੍ਹਾਂ ਦੇ ਜਨਮ ਦੀ ਜ਼ਿਮੇਂਵਾਰੀ ਵੀ ਆਪਣੇ ਸਿਰ ਨਹੀਂ ਲਈ ਜਾਂਦੀ, ਸਗੋਂ ਸਭ ਕੁਝ ਰੱਬ ਤੇ ਸੁਟ, ਆਪ ਨਿਸ਼ਚਿੰਤ ਹੋ ਜਾਂਦੇ ਹਨ। ਬੱਚੇ ਜ਼ਿੱਦ ਕਰਦੇ ਰੋਂਦੇ ਚੀਕ ਚਿਹਾੜਾ ਪਾਂਦੇ, ਸਾਰੇ ਘਰ ਨੂੰ ਸਿਰ ਤੇ ਚੁਕ ਲੈਂਦੇ ਹਨ, ਕੋਈ ਕਾਰਨ ਨਹੀਂ ਲਭਦਾ, ਕਿ ਕਿਉਂ ਉਹ ਰੋਂਦੇ ਹਨ? ਉਦੋਂ ਸਾਡੇ ਕੋਲ ਇਕੋ ਮੀਨਿਆ,

---

†ਬਾਲ ਮਨੋ ਵਗਿਆਨ ਦੀ ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲੀ ਪੁਸਤਕ "ਬਾਲ-ਗੁੰਝਲਾਂ" ਪੜ੍ਹੋ।

ਪਰਮੰਨਿਆ ਢੰਗ ਹੈ ਉਨ੍ਹਾਂ ਨੂੰ ਚੁਪ ਕਰਾਣ ਦਾ, ਤੇ ਉਹ ਹੈ, ਉਨ੍ਹਾਂ ਨੂੰ ਡਰਾ ਕੇ, ਧਮਕਾ ਕੇ, ਸਰੀਰਕ ਸਜ਼ਾ ਦੇ ਕੇ, ਜਾਂ ਇਹੋ ਜਹ ਹੋਰ ਘਿਰਣਤ ਢੰਗ ਵਰਤ ਕੇ ਸੂਤ ਲਿਆ ਜਾਵੇ। ਸਾਡੀ ਇਹ ਭੁਲ ਜਾਂ ਗ਼ਲਤ ਵਰਤੋਂ ਕੀ ਫੁਲ ਖਿੜਾਉਂਦੀ ਹੈ ? ਬੱਚਾ ਬਾਲਪਨ ਵਿਚ ਹੀ ਨਹੀਂ, ਸਗੋਂ ਜੁਆਨੀ ਵਿਚ ਵੀ, ਜ਼ਿੱਦੀ, ਢੀਠ, ਅਤੇ ਕੁਮੈਲੇ ਮਿਜ਼ਾਜ ਦਾ ਬਣ ਜਾਂਦਾ ਹੈ ਅਤੇ ਮਾਪਿਆਂ ਲਈ, ਸਮਾਜ ਲਈ, ਸਗੋਂ ਆਪਣੇ ਆਪ ਲਈ ਵੀ ਹਾਨੀਕਾਰਕ ਸਾਬਤ ਹੁੰਦਾ ਹੈ।

ਸਭਯ ਦੇਸਾਂ ਵਿਚ, ਮਾਪਿਆਂ ਨੂੰ ਸਹਾਇਤਾ ਦੇਣ ਲਈ, ਸ਼ਹਿਰ ਸ਼ਹਿਰ ਵਿਚ ਅਜਿਹੇ ਅਦਾਰੇ ਕਾਇਮ ਕਰ ਦਿਤੇ ਗਏ ਹਨ, ਜਿਥੋਂ ਮਾਪਿਆਂ ਨੂੰ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਰੋਗਾਂ ਸਬੰਧੀ ਪੂਰੀ ਜਾਣ ਪਛਾਣ ਕਰਾਈ ਜਾਂਦੀ ਹੈ। ਮਨੋ ਵਿਗਿਆਨਕ ਡਾਕਟਰ ਬੱਚੇ ਦੀ ਸਰੀਰਕ ਤੇ ਦਿਮਾਗੀ ਬੁਣਤਰ ਨੂੰ ਪੜਚੋਲਦਾ ਹੈ। ਵਿਦਿਅਕ ਮਨੋ ਵਿਗਿਆਨੀ ਉਸ ਦੀ ਸੂਝ ਪ੍ਰੀਖਿਆ ਕਰਕੇ ਉਸ ਨੂੰ ਵਿਦਿਆ ਪ੍ਰਾਪਤੀ ਵਿਚ ਸਹਾਇਤਾ ਦੇਂਦਾ ਹੈ, ਸਮਾਜਕ ਮਨੋ ਵਗਿਆਨੀ ਉਸ ਦੇ ਵਾਤਾਵਰਨ ਨੂੰ ਪੜਚੋਲਦਾ ਹੈ। ਮਾਪਿਆਂ ਨੂੰ ਬੱਚਿਆਂ ਦੀ ਪਾਲਨਾ ਵਿਚ ਇਸ ਤਰ੍ਹਾਂ ਚੋਖੀ ਮਦਦ ਮਿਲ ਜਾਂਦੀ ਹੈ।

ਕਈ ਵਾਰ ਇੰਜ ਵੀ ਹੁੰਦਾ ਹੈ, ਕਿ ਬੱਚਾ ਆਲੇ ਦੁਆਲੇ ਨਾਲ ਬੇ-ਸੁਰ ਹੋਣ ਕਰਕੇ ਕਿਸ਼ੋਰ ਅਯੂ ਵਿਚ ਹੀ ਦੋਸ਼ੀ ਦੀ ਸ਼ਕਲ ਵਿਚ ਸਾਡੇ ਸਾਹਮਣੇ ਆ ਪ੍ਰਗਟ ਹੁੰਦਾ ਹੈ। ਡਾਕਟਰ ਬਰਟ ਅਤੇ ਉਹਦੇ ਪੈਰੋਕਾਰਾਂ ਨੇ ਇਸ ਸਬੰਧੀ ਚੋਖੀ ਖੋਜ ਕੀਤੀ ਹੈ। ਅਜ ਕਲ ਇਨ੍ਹਾਂ ਦੋਸ਼ੀਆਂ ਦੇ ਮੁਕਦਮਿਆਂ ਦਾ ਫੈਸਲਾ ਕਰਨ ਵੇਲੇ ਡਾਕਟਰ ਬਰਟ ਦੇ ਨੇਮਾਂ ਤੋਂ ਕਾਫ਼ੀ ਚਾਨਣਾ ਲਿਆ ਜਾਂਦਾ ਹੈ। ਜਿਨ੍ਹਾਂ ਨੇ ਮਨੋ ਵਿਗਿਆਨ ਦੇ ਇਸ ਭਾਗ ਦਾ ਮੁਤਾਲਿਆ ਕੀਤਾ ਹੈ, ਉਹ ਜਾਣਦੇ ਹਨ, ਕਿ ਦੋਸ਼ੀਆਂ ਦੀ ਕੋਝੀ ਸ਼ਖ਼ਸੀਅਤ ਵਿਚ ਕੋਈ ਨ ਕੋਈ ਦੋਖ ਹੁੰਦਾ ਹੈ, ਅਤੇ ਇਸ ਦੋਖ ਦਾ ਕਾਰਨ ਉਸ ਦੇ ਬਾਲਪਨ ਚੋਂ ਲਭਿਆ ਜਾ ਸਕਦਾ ਹੈ, ਜਿਸ ਦਾ ਮਾਪਿਆਂ ਨੇ ਯੋਗ ਸਮੇਂ ਉਪਰਾਲਾ ਨਹੀਂ ਸੀ ਕੀਤਾ।

ਜਦੋਂ ਬੱਚਾ ਸਕੂਲ ਛੱਡਦਾ ਹੈ, ਉਹ ਕਿਸੀ ਨ ਕਿਸੀ ਕਿਰਤ (Profession) ਵਿਚ ਪ੍ਰਵੇਸ਼ ਕਰਨਾ ਚਾਹੁੰਦਾ ਹੈ। ਉਹ ਠੀਕ ਨਹੀਂ ਜਾਣਦਾ, ਉਹਨੂੰ ਕੇਹੜਾ ਕੰਮ ਆਰੰਭਣਾ ਚਾਹੀਦਾ ਹੈ,ਜੋ ਉਹਦੇ ਸੁਭਾਵ, ਲੋੜ, ਅਤੇ ਵਿਦਿਆ ਅਨੁਸਾਰ ਹੋ। ਇਨਡਸਟਰੀਅਲ ਮਨੋ-ਵਿਗਿਆਨੀ ਇਸ ਔਖੀ ਮਨਜ਼ਲ ਤੇ ਸਹਾਇਤਾ ਕਰਨ ਲਈ ਤਤਪਰ ਰਹਿੰਦਾ ਹੈ। ਉਸ ਦਾ ਕੰਮ ਹੈ, ਜੁਆਨ ਦੇ ਗੁਣ ਸੁਭਾਵ, ਸਰੀਰਕ ਅਤੇ ਮਾਨਸਿਕ ਯੋਗਤਾਂ ਨੂੰ ਮਾਪਣਾਂ ਤੇ ਉਹਨੂੰ ਯੋਗ ਕਿਰੱਤ ਵਲ ਪ੍ਰੇਰਨਾ, ਜਿਸ ਵਿਚ ਉਹ ਸਹਿਜੇ ਹੀ ਪ੍ਰਸੰਨਤਾ ਭਰਪੂਰ, ਸਫਲ ਜੀਵਨ ਬਿਤਾ ਸਕੇ। ਅਜ ਇਸ ਸਾਇੰਸ ਦੇ ਤਜਰਬੇਕਾਰ ਮਨੋਵਿਗਿਆਨੀ, ਪੈਦਲ, ਸਮੁੰਦਰ, ਅਤੇ ਹਵਾਈ ਫ਼ੌਜ ਦੇ ਮਹਿਕਮਿਆਂ ਵਿਚ ਅਤਿਅੰਤ ਕੀਮਤੀ ਸੇਵਾ ਨਿਭਾ ਰਹੇ ਹਨ ਅਤੇ ਫੌਜੀ ਜੁਆਨਾਂ ਦੀ ਸੂਝ ਅਤੇ ਸ਼ਖਸ਼ੀਅਤ ਨੂੰ ਪਰਖਦੇ ਹੋਏ, ਵਖ ਵਖ ਮਹਿਕਮਿਆਂ ਵਿਚ ਉਨ੍ਹਾਂ ਨੂੰ ਘਲਦੇ, ਆਪਣੇ ਦੇਸਾਂ ਨੂੰ ਸਹਾਈ ਹੋ ਰਹੇ ਹਨ।

ਵਿਆਹੁਤ ਜੀਵਨ ਵਿਚ ਵੀ ਮਨੋਵਿਗਿਆਨ ਦੀ ਉਨੀ ਹੀ ਲੋੜ ਹੈ, ਜਿਨੀ ਹੋਰ ਅਵਸਥਾ ਵਿਚ। ਅਸੀਂ ਇਹ ਸੋਚਣ ਵਿਚ ਗ਼ਲਤੀ ਕਰਦੇ ਹਾਂ, ਕਿ ਪਿਆਰ ਫਾਹੀ ਵਿਚ ਫਸੇ ਦੋ ਜੀਵ, ਵਿਆਹ ਪਿਛੋਂ ਵੀ ਸੁਖੀ ਰਹਿ ਸਕਦੇ ਹਨ। ਸਫਲ ਵਿਆਹੁਤ ਜੀਵਨ ਪਿਆਰ ਦੇ ਨਾਲ ਨਾਲ ਯੋਗ ਸਰੀਰਕ ਮਨੋਭਾਵਕ ਅਤੇ ਮਾਨਸਿਕ ਸਬੰਧਾਂ ਤੇ ਨਿਰਭਰ ਰੱਖਦਾ ਹੈ। ਸਰੀਰਕ ਇਕ-ਸੁਰਤਾ (Harmony) ਹੀ ਇਸਤ੍ਰੀ ਮਰਦ ਦੇ ਵਿਆਹੁਤ ਜੀਵਨ ਨੂੰ ਸੁਖੀ ਨਹੀਂ ਕਰ ਸਕਦੀ। ਬਹੁਤੀਆਂ ਅਸੰਤੁਸ਼ਟਤਾਂਅ ਮਾਨਸਿਕ ਪੱਧਰ ਤੋਂ ਹੀ ਉਠਦੀਆਂ ਹਨ, ਜਿਨ੍ਹਾਂ ਨੂੰ ਯੋਗ ਉਪਰਲੇ ਰਾਹੀਂ ਦੂਰ ਕੀਤਾ ਜਾ ਸਕਦਾ ਹੈ,ਅਤੇ ਸੱਚਾ, ਪ੍ਰਸੰਨ ਤੇ ਸਫਲ ਵਿਆਹੁਤ ਜੀਵਨ ਬਿਤਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਮਨੋਭਾਵਕ ਅਭਾਵ (emotional incompatibilities) ਵੀ ਖੁਲ੍ਹੇ ਡੁਲ੍ਹੇ ਸ੍ਵੈ ਪ੍ਰਗਿਟਾ ਰਾਹੀਂ ਦੂਰ ਹੋ ਸਕਦੇ ਜੇ ਦੋਵੇਂ ਸਾਥੀ ਮਨੋਵਿਗਿਆਨਕ ਢੰਗਾਂ ਰਾਹੀਂ ਇਸਦਾ ਉਪਰਾਲਾ ਕਰਨਾ ਚਾਹੁਣ। ਮਨੋਵਿਗਿਆਨ ਦਾ ਇਕ ਭਾਗ(Psychology of marriage) ਨਿਰੋਲ

ਇਸੇ ਲੋੜ ਸਬੰਧੀ ਹੈ। ਸਫਲ ਵਿਆਹੁਤ ਜੀਵਨ ਬਿਤਾਣਾ ਇਕ ਆਰਟ ਹੈ, ਹੁਨਰ ਹੈ, ਜੋ ਇਸ ਸਾਇੰਸ ਰਾਹੀਂ ਸਮਝਿਆ ਜਾ ਸਕਦਾ ਹੈ।

ਮਨੋ ਵਿਗਿਆਨ ਸਾਡੇ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਸਫਲ ਇਲਾਜ ਵੀ ਕਰਦਾ ਹੈ। ਮਨੋ ਵਿਗਿਆਨਕ ਮਾਹਿਰਾਂ ਦੇ ਹਥੋਂ ਸੈਂਕੜੇ ਮਾਨਸਿਕ ਰੋਗੀ ਅਰੋਗਤਾ ਪ੍ਰਾਪਤ ਕਰ ਚੁਕੇ ਹਨ। ਉਨ੍ਹਾਂ ਨੂੰ ਦਸਿਆ ਜਾਂਦਾ ਹੈ ਕਿ ਕਿਵੇਂ ਉਹ ਆਪਣੀਆਂ ਚਿੰਤਾਵਾਂ, ਮਜਬੂਰੀਆਂ, ਦਬਾਵਾਂ ਅਤੇ ਉਦਾਸੀ ਤੋਂ ਸੁਰਖ਼ਰੂ ਹੋ ਸਕਦੇ ਹਨ, ਅਤੇ ਕਿਸ ਤਰ੍ਹਾਂ ਸੌ ਫੀ ਸਦੀ ਅਰੋਗ ਸਰੀਰਕ ਖੁਸ਼ੀ ਮਾਣ ਸਕਦੇ ਹਨ। ਇਕ ਪੱਛਮੀ ਡਾਕਟਰ ਨੇ ਕਿਹਾ ਸੀ ਕਿ ਹਰ ਤਿੰਨ ਰੋਗੀਆਂ ਪਿਛੇ ਇਕ ਮਾਨਸਿਕ ਰੋਗੀ ਹੁੰਦਾ ਹੈ, ਜਿਸ ਦਾ ਇਲਾਜ ਸਿਰਫ ਮਨੋ ਵਿਗਿਆਨ ਕੋਲ ਹੀ ਹੈ।

ਮਨੋ ਵਿਗਿਆਨ ਦਾ ਧਰਮ ਨਾਲ ਕੀ ਸਬੰਧ ਹੈ? ਕਿਹਾ ਜਾਂਦਾ ਹੈ ਕਿ ਧਰਮ ਦੀ ਕੀ ਲੋੜ ਹੋ ਸਕਦੀ ਹੈ, ਜਦ ਕਿ ਮਨੋ ਵਿਗਿਆਨ ਆਪਣੇ ਵਿਸ਼ਾਲ ਤੇ ਦਿਨੋ ਦਿਨ ਵਧ ਰਹੇ, ਮਨੁਖੀ-ਮਨ ਦੇ ਗਿਆਨ ਰਾਹੀਂ ਸਾਨੂੰ ਆਪਣੀ ਬਾਲ, ਕਿਸ਼ੋਰ ਤੇ ਜਵਾਨੀ ਦੀ ਅਵਸਥਾ ਭਲੀ ਭਾਂਤ ਬਿਤਾਣ ਦੀ ਸਿਖਿਆ ਦਿੰਦਾ ਹੈ, ਸਾਨੂੰ ਆਪਣੇ ਲਈ ਯੋਗ, ਕਿੱਤਾ ਚੁਣਨ ਤੇ ਰੋਜ਼ਗਾਰ ਵਿਚ ਸਫਲ ਹੋਣ ਲਈ ਰਾਹ ਦਸਦਾ ਹੈ, ਸਾਡੇ ਵਿਆਹੁਤ ਜੀਵਨ ਨੂੰ ਪੂਰਨ ਤੌਰ ਤੇ ਸੁਖੀ ਬਣਾਉਂਦਾ ਹੈ, ਸਾਡੇ ਅਣ-ਗਿਣਤ ਸਰੀਰਕ, ਤੇ ਮਾਨਸਿਕ ਰੋਗਾਂ ਦਾ ਸਫਲ ਇਲਾਜ ਤਜਵੀਜ਼ ਕਰਦਾ ਹੈ। ਫਿਰ ਸਾਡਾ ਧਰਮ ਨਾਲ ਨਾਤਾ ਜੋੜੀ ਰੱਖਣ ਦਾ ਕੀ ਲਾਭ ਹੈ? ਜੇ ਮਨੁਖ ਇਸ ਵਿਗਿਆਨ ਦੀ ਸਹਾਇਤਾ ਨਾਲ ਪੂਰਨ ਤੌਰ ਤੇ ਖੁਸ਼ਹਾਲ ਹੋ ਸਕਦਾ ਹੈ। ਇਹ ਠੀਕ ਹੈ ਕਿ ਮਨੋ ਵਿਗਿਆਨ ਮਨੁਖ ਦੀ ਹਰ ਲੋੜ ਸਬੰਧੀ ਆਪਣੀ ਵਿਚਾਰ ਤੇ ਹਲ ਲੱਭ ਕੇ ਪੇਸ਼ ਕਰਦਾ ਹੈ ਤੇ ਧਰਮ ਵੀ ਜਿਹੜਾ ਸਦੀਆਂ ਤੋਂ ਮਨੁਖ ਦੇ ਸੁਭਾ ਵਿਚ ਰਚ-ਮਿਚ ਚੁਕਾ ਹੈ, ਇਸ ਦੀ ਵਿਚਾਰ ਤੋਂ ਦੁਰੇਡਾ ਨਹੀਂ ਕਿਹਾ ਜਾ ਸਕਦਾ।

ਮਨੁਖ ਦੀ ਰੱਬ ਸਬੰਧੀ ਲੋਚਨਾ, ਮਨੁਖੀ ਇਤਿਹਾਸ ਵਿਚ ਸਦੀਆਂ

ਤੋਂ ਚਲੀ ਆ ਰਹੀ ਹੈ । ਇਸ ਦੇ ਧਾਰਮਕ ਅਨੁਭਵਾਂ ਨੇ, ਪਹਿਲਾਂ ਭਾਵੇਂ ਆਰੰਭਕ ਰੂਪ ਵਿਚ ਹੋਣ ਕਰ ਕੇ, ਪ੍ਰਰਿਟਾ ਦੇ ਕੱਚੇ, ਅਸਪਸ਼ਟ ਤੇ ਅਸਭ੍ਯ ਢੰਗ ਲੱਭੇ ਸਨ, ਪ੍ਰੰਤੂ ਪਿਛੋਂ ਜਾ ਕੇ ਸਪੱਸ਼ਟ ਤੇ ਸੱਭ੍ਯ ਰੂਪ ਧਾਰਨ ਕਰ ਲਿਆ ਹੈ । ਭਾਵੇਂ ਮਨੋ-ਵਿਗਿਆਨਕ ਧਰਮ ਨੂੰ ਅਡਰਾ ਕਰਕੇ, ਨਹੀਂ ਪੜਚੋਲ ਰਿਹਾ, ਕਿਉਂਕਿ ਕੋਈ ਵਿਰੋਧਤਾ ਦਾ ਡਰ ਰਹਿੰਦਾ ਹੈ, ਪਰ ਫਿਰ ਵੀ ਰੱਬੀ ਢੂੰਡ ਵਿਚ ਪ੍ਰਵਿਰਤ ਮਨਾਂ ਦੀ ਪੜਚੋਲ ਕੀਤੀ ਹੈ। ਇਹ ਸਚ ਹੈ ਕਿ ਮਨੋ-ਵਿਗਿਆਨ ਨੇ ਬੇ-ਲੋੜੇ ਤੇ ਫਜ਼ੂਲ ਧਾਰਮਕ ਵਿਸ਼ਵਾਸ਼ ਨੂੰ ਚੋਟ ਮਾਰੀ ਹੈ ਅਤੇ ਧਰਮ ਨੂੰ ਰਿਆਕਾਰੀ, ਅਤੇ ਪਖੰਡ ਤੋਂ ਵਖਰਾ ਹੋਣ ਵਿਚ ਸਹਾਇਤਾ ਦਿਤੀ ਹੈ, ਪ੍ਰੰਤੂ ਇਸ ਦਾ ਇਹ ਭਾਵ ਤਾਂ ਨਹੀਂ ਕਿ ਮਨੋ-ਵਿਗਿਆਨ ਨੇ ਧਰਮ ਦੀ ਲੋੜ ਨੂੰ ਘਟਾ ਦਿਤਾ ਹੈ। ਬਾਕੀ ਸਾਇੰਸਾਂ ਵਾਂਗ ਇਹ ਸਾਇੰਸ ਵੀ ਧਰਮ ਸਹਾਇਕ ਹੈ ਨਾ ਕਿ ਵਿਰੋਧੀ। ਪਿਛਲੇ ਕੁਝ ਸਾਲਾਂ ਵਿਚ ਇਸ ਸਾਇੰਸ ਨੇ ਰੂਹਾਨੀ-ਸ਼ਫਾ ਅਤੇ ਆਸਤਕਤਾ ਦੇ ਖ਼ਿਆਲਾਂ ਨੂੰ ਮਨੋ-ਭਾਵਕ ਪੱਧਰ ਤੋਂ ਪੜਚੋਲ ਕੇ ਕਈ ਭੁਲੇਖੇ ਦੂਰ ਕੀਤੇ ਹਨ ।

ਸਾਡੇ ਦੇਸ ਵਿਚ ਹਾਲੀ ਵੀ ਬਹੁਤੇ ਮਨੁੱਖ ਰੋਗਾਂ ਤੋਂ ਸ਼ਫਾ ਪ੍ਰਾਪਤ ਕਰਨ ਲਈ ਅਰਦਾਸਾਂ ਕਰਾਉਂਦੇ, ਪਵਿੱਤ੍ਰ ਜਲ ਪੀਉਂਦੇ, ਤੇ ਪਵਿੱਤ੍ਰ ਅਸਥਾਨਾਂ ਦੀ ਪ੍ਰਕਰਮਾਂ ਕਰਦੇ ਰਹਿੰਦੇ ਹਨ। ਮਨੋ-ਵਿਗਿਆਨ ਨੇ ਖੋਜ ਕਰਕੇ ਸਾਨੂੰ ਦਸਿਆ ਹੈ ਕਿ ਇਹੋ ਜਹੇ ਤਰੀਕਿਆਂ ਨਾਲ ਜੇ ਸ਼ਫਾ ਮਿਲ ਵੀ ਜਾਂਦੀ ਹੈ ਤਾਂ ਉਸ ਦਾ ਕਾਰਨ ਬਾਹਰ ਨਹੀਂ ਸਗੋਂ ਸਾਡੇ ਅੰਦਰ ਹੀ ਹੁੰਦਾ ਹੈ । ਮਨੋ-ਵਿਗਿਆਨ ਨੇ ਦਸਿਆ ਹੈ, ਕਿ ਸ੍ਵੈ-ਪ੍ਰੇਰਨਾ (auto suggestion) ਮਨੁਖ ਕੋਲ ਇਕ ਅਜਿਹੀ ਸਮਰਥਾ ਹੈ, ਜਿਹੜੀ ਉਸਦੀਆਂ ਅਣਗਿਣਤ ਅਵਸ਼ਕਤਾਂਵਾਂ ਤੇ ਮਜਬੂਰੀਆਂ ਨੂੰ ਦੂਰ ਕਰ ਸਕਦੀ ਹੈ । ਇਸ ਨੂੰ ਅਗਿਆਨਤਾ ਵਿਚ ਇਸ ਤਰ੍ਹਾਂ ਵਰਤਣ ਦੀ ਥਾਂ ਜੇ ਮਨੋ-ਵਿਗਿਆਨ ਢੰਗਾਂ ਅਨੁਸਾਰ ਅਮਲ ਵਿਚ ਲਿਆਂਦਾ ਜਾਵੇ, ਤਦ ਵਧੇਰੇ ਲਾਭ ਹੋ ਸਕਦਾ ਹੈ। ਰੋਗ ਤੋਂ ਛੁਟਕਾਰਾ ਪਾਣ ਦੀ ਤਾਕਤ ਰੋਗੀ ਦੇ ਆਪਣੇ ਅੰਦਰ ਹੀ ਹੁੰਦੀ ਹੈ,

ਸ੍ਵ-ਪ੍ਰੇਰਨਾਂ ਰਾਹੀਂ ਸਿਰਫ ਉਸ ਨੂੰ ਮੁੜ ਸਜੀਵ ਕੀਤਾ ਜਾ ਸਕਦਾ ਹੈ। ਸੋ ਮਨੁੱਖੀ ਅਰੋਗਤਾ ਦਾ ਕਾਰਨ ਉਸ ਤੋਂ ਬਾਹਰ "ਰੱਬ" ਵਿਚ ਨਹੀਂ, ਸਗੋਂ ਉਸ ਦੇ ਆਪਣੇ ਅੰਦਰ ਹੈ।

ਮਨੋ-ਵਿਗਿਆਨ, ਧਾਰਮਕ ਮਨੁੱਖ ਦੇ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦਿੰਦਾ ਹੈ, "ਮੇਰੇ ਜੀਵਨ ਦਾ ਕੀ ਮੰਤਵ ਹੈ? ਮੇਰੇ ਲਈ ਸਮਾਜ ਵਿਚ ਕਿਹੜੀ ਯੋਗ ਥਾਂ ਹੈ? ਮੇਰਾ ਉਤਪਾਦਿਕ ਸ਼ਕਤੀ ਤੇ ਆਪਣੇ ਆਲੇ ਦੁਆਲੇ ਨਾਲ ਕੀ ਸਬੰਧ ਹੈ?" ਜਿਥੇ ਧਰਮ ਇਨ੍ਹਾਂ ਸੁਆਲਾਂ ਦਾ ਸੰਤੁਸ਼ਟ ਉਤਰ ਨਹੀਂ ਦੇਂਦਾ, ਉਥੇ ਮਨੋ-ਵਿਗਿਆਨ ਇਸ ਸਬੰਧੀ ਮਨੁੱਖ ਦੀ ਧਾਰਮਕ ਪੱਧਰ ਤੋਂ ਹੀ ਤਸੱਲੀ ਕਰਾਉਂਦਾ ਹੈ। ਮਨੁੱਖੀ ਮਨ ਦੇ ਸੁਚੇਤ, ਉਪਚੇਤ ਤੇ ਅਚੇਤ ਦੀ ਪੜਚੋਲ ਮਨੁੱਖ ਨੂੰ ਇਨ੍ਹਾਂ ਪਾਸਿਆਂ ਵਲੋਂ ਸੰਤੁਸ਼ਟ ਕਰਦੀ ਹੈ।

ਮੁੱਦਾ ਕੀ, ਮਨੋ-ਵਿਗਿਆਨ ਮਨੁੱਖੀ ਜੀਵਨ ਨੂੰ ਪੂਰਨ ਤੌਰ ਤੇ ਪੜਚੋਲਦਾ, ਘਾਟਾਂ ਤੇ ਖੱਪੇ ਪੂਰਦਾ, ਤੇ ਇਸਦੇ ਰਾਜਸੀ, ਧਾਰਮਕ, ਤੇ ਜ਼ਾਤੀ ਅਮਲਾਂ ਨੂੰ ਪਰਖ ਕੇ ਇਸਦਾ ਸਹਾਇਕ ਬਣਦਾ ਹੈ।

★

ਮਨੋ ਵਿਗਿਆਨਕ ਸ਼ਬਦ

੧. ਮਨੋ ਵਿਗਿਆਨ–Psychology

੨. ਅਨਭੁਤ–Sensation

੩. ਇਹਸਾਬੀ ਦਸਤੂਰ–Nervous System

੪. ਅਮੁੜਵੀਂ–uneffective

੫. ਅੰਤਰ ਦਰਸ਼ਨੀ–Introspective

੬. ਸਰੀਰਕ ਉਤੇਜਨਾ–Physical Sensation

੭. ਸਾਮਾਨ–Similar

੮. ਵਿਰੋਧੀ–Contrary

੯. ਵਿਲੱਖਣ–Desperate

੧੦. ਪੰਜ ਗਿਆਨ ਇੰਦਰੇ–Five senses

੧੧. ਵਿਰਾਸੀ–Inherited

੧੨. ਵਿਰਾਸੀ ਬੁੱਧੀ–Hereditory genius

੧੩. ਸਮਾਂਤਰ–Parallel

੧੪. ਬਾਲ ਵਨੋ ਵਿਗਿਆਨ–Child Psychology

੧੫. ਚਿੰਤਕ–Philosopher, Thinker

੧੬. ਸੂਝ-ਪ੍ਰੀਖਿਆ–Intelligence test

੧੭. ਮਾਨਸਿਕ ਪੜਚੋਲ–Psyco-Analysis
੧੮. ਕਾਮ ਬਿਰਤੀ–Sexual instinct
੧੯. ਸ੍ਵੈ-ਗਿਲਾਨੀ–Inferiority Complex
੨੦. ਗੁੰਝਲ–Complex
੨੧. ਜੀਵਨ ਸ਼ਕਤ–Libido
੨੨. ਝਿੱਲੀਆਂ–Meninges
੨੩. ਮੋਟੀ ਝਿੱਲੀ–Duramater
੨੪. ਮਹੀਨ ਝਿਲੀ–Piamater
੨੫. ਤਹਿ ਜਾਂ ਲਪੇਟ–Layers
੨੬. ਤੰਤੂ–Fibres
੨੭. ਵੱਡਾ ਦਿਮਾਗ–Cerebrum
੨੮. ਕੇਂਦਰੀ ਦਿਮਾਗ–Mid brain
੨੯. ਛੋਟਾ ਦਿਮਾਗ–Cerebellum
੩੦. ਹਰਾਮ ਦਿਮਾਗ–Medula
੩੧. ਸੁਅਵੱਸਰ–Opportunity
੩੨. ਸੱਚੀ ਯਾਦ–true memory
੩੩. ਪਦਾਰਥਕ–Material–ਜੜ੍ਹ
੩੪. ਪ੍ਰਮਾਰਥਕ–Spiritual
੩੫. ਮਸ਼ੀਨੀ–Mechenical
੩੬. ਇਰਾਦੀ–Purposive

੩੭. ਪਦਾਰਥ ਵਿਦਿਆ—Physics
੩੮. ਰਸਾਇਣ ਵਿਦਿਆ—Chemistry
੩੯. ਸ੍ਵੈ-ਚਾਲੂ—Automatic
੪੦. ਖਾਲੀ ਪੁਲਾੜ—Hollow surrounding
੪੧. ਵਿਕਾਸ਼ ਸਿਧਾਂਤ—Evolution theory
੪੨. ਮਾਨਸਿਕ ਘਟਨਾਵਾਂ—Mental happenings
੪੩. ਮਨੋ ਭਾਵ—Emotion
੪੪. ਭੋਤਕ ਪਰਵਰਤਨ—Physiological change
੪੫. ਗਿਲਟੀਆਂ-ਗ੍ਰੰਥੀਆਂ—Glands
੪੬. ਬਿਰਤੀਆਂ—Instincts
੪੭. ਪ੍ਰਵਿਰਤਕ ਉਪਯੋਗਤਾ—Instinctive adoptation
੪੮. ਬੁਨਿਆਦੀ ਲੋੜਾਂ—Fundamental needs
੪੯. ਵਾਤਸਲ—ਮਾਤਰੀ ਪਿਆਰ—Parental
੫੦. ਸਥਾਨਕ ਸੋਜ—local inflammation
੫੧. ਇੱਛਾ ਸ਼ਕਤੀ—Will
੫੨. ਇੰਦਰੀ ਸੂਝ—Sense impression
੫੩. ਇੰਦਰੀ ਚੇਤੰਨਤਾ ”
੫੪. ਅੰਤ੍ਰੀਵੀ ਖਿੱਚ—inner drive
੫੫. ਸੁਆਦ—hobbies
੫੬. ਹਉਮੈ—Self-ego

੫੭. ਲੋਕਾਚਾਰ–herd

੫੮. ਸਿਸ਼ਟਾ–culture

੫੯. ਦਬਾਉ–Repression

੬੦. ਪ੍ਰਗਿਟਾ–Expression

੬੧. ਕਾਬੂ–sublimation or control

੬੨. ਕੇਂਦਰੀ ਮਨ–focal mind

੬੩. ਸਰਹੱਦੀ ਮਨ–marginal mind

੬੪. ਅਨੁਭਵ–feelings

੬੫. ਵੇਗ–impulse

੬੬. ਉਭਾਰ–stimulus

੬੭. ਰਾਲ–saliva

੬੮. ਉਤਸੁਕਤਾ–curiosity

੬੯. ਕਬਜ਼ਾ–acquisitive

੭੦. ਵੇਗਕ ਸ਼ਕਤੀਆਂ–impulsive powers

੭੧. ਬਿਰਤੀ ਉਕਸਾਊ ਵਸਤੂ–The object stimulating instincts

੭੨. ਅੰਨੁਰੂਪਕ–corresponding

੭੩. ਸੰਮਿਲਤ--blended

੭੪. ਮੁਢਲੇ ਅਨੁਭਵ–Primary feelings

੭੫. ਭਾਵਨਾ, ਭਾਵ–sentiment

੭੬. ਖ਼ਿਆਲ–Idea

੭੭. ਝੁਕਾ-ਮਿਜ਼ਾਜ–Disposition

੭੮. ਅੰਤਰ ਮੁਖੀ–introvert

੭੯. ਪਰਾਜਤ ਭਾਵ–frustration

੮੦. ਜੱਨਨੇਂਦਰਯ–gentital organ

੮੧, ਜਟਲਤਾ–Complex–ਗੁੰਝਲ

੮੨. ਉਪਹਾਰ ਜੋਗ–presentable

੮੩. ਪ੍ਰਵਾਹਕ–Current

੮੪. ਊਟ ਪਟਾਂਗ–grotesque

੮੫. ਤੱਕਣ ਸ਼ਕਤੀ–visual sense

੮੬. ਸੁਪਨ-ਨਾਟਕ–dramatisation of dream

੮੭. ਸਮਾਜਕ ਬੰਧਨ–taboos

੮੮. ਵਿਅੱਕਤੀ-ਗਤ ਮਨ–Individual mind

੮੯. ਗਰੁਪ ਮਨ–group mind

੯੦. ਉਸਰੀਏ–seers

੯੧. ਸ੍ਵੈ-ਗਿਆਨ ਸੁਝਣ–Self knowledge

੯੨. ਮਨੋਭਾਵਕ ਅਭਾਵ–Emotional incompatibilities

੯੩. ਸ੍ਵੈ-ਪ੍ਰੇਰਨਾ–autosuggestion

ਸਹਾਇਕ ਪੁਸਤਕਾਂ ਤੇ ਲੇਖ

1. Cattell—Your Mind and Mine
2. Medougall—Out Lines of Psychology
3. Weatherhead—Psychology and Life
4. W. E. Sargent—Teach Yourself
5. Psycho-Analysis By Coster
6. Psychology & God by L. W.Grensted
7. Harold Wheeler—The Miracle of Life